# ਯੋਜਨਾ

**ਸਾਲ 34 • ਅੰਕ 6 • ਜੂਨ 2017 • ਕੁੱਲ ਪੰਨੇ 56**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਸੰਪਾਦਕੀ | - | 4 |
| • ਭਾਰਤ ਦੇ ਨੌਜਵਾਨ : ਉੱਭਰਦੀ ਹੋਈ ਸ਼ਕਤੀ | - ਏ.ਕੇ. ਦੂਬੇ | 5 |
| • ਨੌਕਰੀਆਂ ਪੈਦਾ ਕਰਨਾ : ਵੰਗਾਰਾਂ ਅਤੇ ਅਗਲੇਰੇ ਰਾਹ | - ਅਲਖ ਐੱਨ ਸ਼ਰਮਾ<br>- ਬਲਵੰਤ ਸਿੰਘ ਮਹਿਤਾ | 9 |
| • ਨੌਕਰੀਆਂ ਪੈਦਾ ਕਰਨ ਵਾਲੇ ਰਾਸ਼ਟਰ ਦਾ ਨਿਰਮਾਣ | - ਸੌਰਭ ਸਾਨਿਆਲ, ਰਣਜੀਤ ਮਹਿਤਾ | 12 |
| • ਨੌਜਵਾਨ : ਬਦਲਾਅ ਦੇ ਏਜੰਟ | - ਸੁਨੀਤਾ ਸਾਂਘੀ | 16 |
| • ਭਾਰਤੀ ਨੌਜਵਾਨਾਂ ਦੀ ਵਿਸ਼ਵ ਭਰ ਵਿੱਚ ਮੌਜੂਦਗੀ | - ਸ਼ੀਤਲ ਸ਼ਰਮਾ, ਭਾਸਕਰ ਜਯੋਤੀ | 22 |
| • ਮਨ ਅਤੇ ਸਰੀਰ ਵਿਚਾਲੇ ਇਕਸੁਰਤਾ ਲਿਆਉਣੀ | - ਈਸ਼ਵਰ ਐੱਨ ਅਚਾਰਿਆ<br>- ਰਾਜੀਵ ਰਸਤੋਗੀ | 26 |
| • ਭਾਰਤ ਵਿੱਚ ਦੂਰਵਰਤੀ ਅਤੇ ਆਨਲਈਨ ਉੱਦਮਤਾ ਸਿੱਖਿਆ | - ਅਮਿਤ ਕੁਮਾਰ ਦਿਵੇਦੀ | 30 |
| • ਭਾਰਤੀ ਨੌਜਵਾਨਾਂ ਦੇ ਸ਼ਕਤੀਕਰਨ ਲਈ ਮਿਆਰੀ ਸਿੱਖਿਆ | - ਰਾਕੇਸ਼ ਵੱਤਸ, ਮੀਨੂੰ ਵੱਤਸ | 34 |
| • ਬਗਾਵਤ ਝੱਲ ਰਹੇ ਇਲਾਕੇ : ਨੌਜਵਾਨਾਂ ਲਈ ਤਰਜੀਹਾਂ | - ਰਵੀ ਪੋਖਰਨਾ | 38 |
| • ਜੀ ਐੱਸ ਟੀ : ਨਵੇਂ ਪੱਖ ਵਿੱਚ ਪ੍ਰਵੇਸ਼ | - ਡੀ ਐੱਸ ਮਲਿਕ | 41 |
| • ਦਿਹਾਤੀ ਵਿਕਾਸ : ਰੋਜ਼ਗਾਰ ਰਾਹੀਂ ਜ਼ਿੰਦਗੀਆਂ ਬਦਲਣੀਆਂ | - ਅਮਰਜੀਤ ਸਿਨਹਾ | 44 |
| • ਮੋਦੀ ਸਰਕਾਰ ਵਲੋਂ ਭਾਰਤ ਦੇ ਢਾਂਚੇ ਨੂੰ ਹੁਲਾਰਾ | - ਕੇ ਆਰ ਸੁਧਾਮਨ | 48 |
| • ਕੀ ਤੁਸੀਂ ਜਾਣਦੇ ਹੋ? | - | 52 |



***ਯੋਜਨਾ* ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁਡਾ, ਹੈਦਰਾਬਾਦ - 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੁਰੂ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਪੇਂਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 - *ਯੋਜਨਾ* ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

## ਸੰਪਾਦਕੀ

### ਨੌਜਵਾਨ : ਭਵਿੱਖ ਦੀ ਆਸ

ਕਿਸੇ ਦੇਸ਼ ਦੇ ਨੌਜਵਾਨ ਉਸ ਦੀਆਂ ਆਉਣ ਵਾਲੀਆਂ ਨਸਲਾਂ ਦੇ ਟਰੱਸਟੀ ਹਨ। ਜਦ ਕਿ ਵਧੇਰੇ ਵਿਕਸਤ ਦੁਨੀਆਂ ਬਜ਼ੁਰਗਾਂ ਦੀ ਆਬਾਦੀ ਵੱਲ ਵਧ ਰਹੀ ਹੈ, ਭਾਰਤ 2000 ਤੱਕ ਦੁਨੀਆਂ ਦਾ ਸਭ ਤੋਂ ਨੌਜਵਾਨ ਦੇਸ਼ ਬਣਨ ਵਾਲਾ ਹੈ। ਨੌਜਵਾਨਾਂ ਦੀ ਇਹ ਫੌਜ, ਜੋ ਕਿ ਭਾਰਤ ਦੀ ਕੁੱਲ ਆਬਾਦੀ ਦਾ 40 ਪ੍ਰਤਿਸ਼ਤ ਹਿੱਸਾ ਬਣਦੀ ਹੈ, ਸਭ ਤੋਂ ਵੱਧ ਸੰਵੇਦਨਸ਼ੀਲ ਅਤੇ ਗਤੀਸ਼ੀਲ ਹੈ ਅਤੇ ਨਾਲ ਹੀ ਇਹ ਦੇਸ਼ ਦਾ ਸਭ ਤੋਂ ਕੀਮਤੀ ਮਨੁੱਖੀ ਸੋਮਾ ਵੀ ਹੈ। ਭਾਰਤ ਦੀ ਆਬਾਦੀ ਸੰਬੰਧੀ ਲਾਭਅੰਸ਼ ਦੁਨੀਆਂ ਭਰ ਵਿੱਚ ਆਰਥਿਕ ਮਾਹਿਰਾਂ ਅਤੇ ਯੋਜਨਾ ਘੜਨ ਵਾਲਿਆਂ ਦੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਦੇਸ਼ ਦੇ ਭਵਿੱਖ ਵਜੋਂ ਨੌਜਵਾਨਾਂ ਦੀ ਦੇਸ਼ ਦੀ ਉਸਾਰੀ ਵਿੱਚ ਇਕ ਅਹਿਮ ਭੂਮਿਕਾ ਹੈ। ਉਨ੍ਹਾਂ ਦੀ ਉਸਾਰੂ ਸਮਰੱਥਾ, ਉਤਸ਼ਾਹ ਅਤੇ ਊਰਜਾ ਬਹੁਮੁੱਖੀ ਪ੍ਰਤਿਭਾ ਨਾਲ ਮਿਲ ਕੇ ਕਿਸੇ ਵੀ ਦੇਸ਼ ਲਈ ਕਮਾਲ ਕਰ ਸਕਦੇ ਹਨ।

ਇੰਜੀਨੀਅਰਾਂ, ਡਾਕਟਰਾਂ, ਵਕੀਲਾਂ, ਬੈਂਕਰਜ਼, ਉੱਦਮੀਆਂ, ਖਿਡਾਰੀਆਂ ਵਜੋਂ ਨੌਜਵਾਨਾਂ ਵਿੱਚ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰਨ ਦੀ ਸਮਰੱਥਾ ਹੈ। ਲੋੜ ਉਨ੍ਹਾਂ ਨੂੰ ਸਹੀ ਅਗਵਾਈ ਅਤੇ ਸੋਮੇ ਦੇ ਕੇ ਸ਼ਕਤੀ ਪ੍ਰਦਾਨ ਕਰਨ ਦੀ ਹੈ ਤਾਂ ਕਿ ਉਹ ਵਿਕਾਸ ਵਿੱਚ ਹਿੱਸਾ ਪਾ ਸਕਣ। ਇਕ ਵਧੀਆ ਘਰੇਲੂ ਮਾਹੌਲ, ਜਿਥੇ ਕਿ ਬੱਚਾ ਸਿਹਤਮੰਦ ਰੂਪ ਵਿੱਚ ਵੱਡਾ ਹੋ ਸਕੇ ਅਤੇ ਚੰਗੀ ਸਿੱਖਿਆ ਹਾਸਲ ਕਰ ਸਕੇ, ਇਸ ਦਿਸ਼ਾ ਵਿੱਚ ਪਹਿਲਾ ਕਦਮ ਹੈ। ਵਿੱਦਿਆ ਦੇ ਅਧਿਕਾਰ ਦਾ ਕਾਨੂੰਨ 2009 ਇਸ ਨੂੰ ਯਕੀਨੀ ਬਣਾਉਂਦਾ ਹੈ। ਸਰਵ ਸਿੱਖਿਆ ਅਭਿਆਨ, ਈ-ਪਾਠਸ਼ਾਲਾ, ਉਡਾਨ ਆਦਿ ਸਰਕਾਰ ਦੇ ਕੁਝ ਅਹਿਮ ਪ੍ਰੋਗਰਾਮ ਹਨ ਜੋ ਕਿ ਹਰ ਪੱਧਰ ਉੱਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਹੀ ਹਨ। ਪਹਾੜੀ ਦੂਰ-ਦੁਰਾਡੇ ਅਤੇ ਇਕ ਪਾਸੇ ਸਥਿਤ ਦੇਸ਼ ਦੇ ਇਲਾਕੇ, ਜਿਥੇ ਕਿ ਵਧੀਆ ਵਿੱਦਿਆ ਤੱਕ ਪਹੁੰਚ ਇਕ ਸਮੱਸਿਆ ਹੈ, ਉਥੇ ਦੂਰਵਰਤੀ ਸਿੱਖਿਆ ਇਕ ਅਹਿਮ ਭੂਮਿਕਾ ਅਦਾ ਕਰਦੀ ਹੈ। ਦੂਰਵਰਤੀ ਸਿੱਖਿਆ ਦੀ ਸਾਡੇ ਨੌਜਵਾਨਾਂ ਤੱਕ ਪਹੁੰਚ ਨੂੰ ਹੁਣ ਮਾਨਤਾ ਮਿਲਣ ਲੱਗੀ ਹੈ। ਵਿੱਦਿਆ ਤੱਕ ਵਧੀਆ ਪਹੁੰਚ ਲਈ ਕਈ ਪ੍ਰੋਗਰਾਮਾਂ, ਜਿਵੇਂ ਕਿ ਗਿਆਨ, ਸਵਯਮ ਅਤੇ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਪਹੁੰਚ ਦੀ ਵਰਤੋਂ ਹੋ ਰਹੀ ਹੈ।

ਪੜ੍ਹੇ-ਲਿਖੇ ਨੌਜਵਾਨਾਂ ਨੂੰ ਵਿਸ਼ੇਸ਼ ਕੰਮਾਂ ਲਈ ਲੋੜੀਂਦੀ ਮੁਹਾਰਤ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ। ਸਕੂਲ, ਕਾਲਜ ਦੀ ਆਮ ਪੜ੍ਹਾਈ ਹੀ ਨੌਜਵਾਨਾਂ ਲਈ ਰੋਜ਼ਗਾਰ ਯਕੀਨੀ ਨਹੀਂ ਬਣਾ ਸਕਦੀ, ਖ਼ਾਸ ਤੌਰ ਤੇ ਅੱਜ ਦੇ ਮੁਕਾਬਲੇ ਵਾਲੇ ਅਤੇ ਉੱਚ ਤਕਨਾਲੋਜੀ ਵਾਲੇ ਯੁੱਗ ਵਿੱਚ। ਲੋੜ ਹੈ ਕਿ ਢੁੱਕਵੀਂ ਅਤੇ ਕਾਫੀ ਮੁਹਾਰਤ ਵਿਕਾਸ ਅਤੇ ਸਿਖਲਾਈ ਪ੍ਰਦਾਨ ਕੀਤੀ ਜਾਵੇ ਤਾਂਕਿ ਇਹ ਨੌਜਵਾਨ ਸ਼ਕਤੀ ਤਕਨੀਕੀ ਤੌਰ ਤੇ ਮਨੁੱਖੀ ਸ਼ਕਤੀ ਦਾ ਸਰੂਪ ਧਾਰ ਸਕੇ। ਸਰਕਾਰ ਵਲੋਂ ਸ਼ੁਰੂ ਕੀਤਾ ਗਿਆ ਸਕਿੱਲ ਇੰਡੀਆ ਮਿਸ਼ਨ ਉਨ੍ਹਾਂ ਪਹਿਲਕਦਮੀਆਂ ਵਿੱਚੋਂ ਇਕ ਹੈ, ਜੋ ਕਿ ਨੌਜਵਾਨਾਂ ਦੀ ਰੋਜ਼ਗਾਰ ਬਾਜ਼ਾਰ ਦੀ ਮੰਗ ਅਨੁਸਾਰ, ਮੁਹਾਰਤ ਦੇ ਵਿਕਾਸ ਵਿੱਚ ਮਦਦ ਕਰ ਸਕਦਾ ਹੈ। ਮਿਸ਼ਨ ਦਾ ਉਦੇਸ਼ 2022 ਤੱਕ 40 ਕਰੋੜ ਤੋਂ ਵੱਧ ਲੋਕਾਂ ਦੀ ਮੁਹਾਰਤ ਵਿੱਚ ਉਨ੍ਹਾਂ ਦੀ ਪਸੰਦ ਅਨੁਸਾਰ ਵਾਧਾ ਕਰ ਕੇ ਅਤੇ ਸਿਖਲਾਈ ਦੇ ਕੇ ਉਨ੍ਹਾਂ ਦੀ ਰੋਜ਼ਗਾਰ ਯੋਗਤਾ ਵਿੱਚ ਵਾਧਾ ਕਰਨਾ ਹੈ। ਇਸ ਪ੍ਰੋਗਰਾਮ ਅਧੀਨ ਕਈ ਦੂਰਵਰਤੀ ਵਿੱਦਿਅਕ ਕੋਰਸ ਵੀ ਹਨ ਜੋ ਕਿ ਉਨ੍ਹਾਂ ਦੀ ਮੁਹਾਰਤ ਦਾ ਵਿਕਾਸ ਕਰ ਸਕਦੇ ਹਨ।

ਅੰਤ ਵਿੱਚ ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰਨ ਦਾ ਮਤਲਬ ਉਨ੍ਹਾਂ ਲਈ ਲਾਹੇਵੰਦ ਰੋਜ਼ਗਾਰ ਦਾ ਪ੍ਰਬੰਧ ਕਰਨਾ ਵੀ ਹੈ। ਅਜਿਹੇ ਨੌਜਵਾਨ ਲੋਕਾਂ ਦਾ ਰਾਸ਼ਟਰ, ਜਿਨ੍ਹਾਂ ਕੋਲ ਰੋਜ਼ਗਾਰ ਨਾ ਹੋਵੇ, ਉਹ ਆਰਥਿਕਤਾ ਲਈ ਮੁਸੀਬਤ ਅਤੇ ਸਾਮਜ ਲਈ ਖ਼ਤਰਾ ਬਣ ਸਕਦਾ ਹੈ। ਇਸ ਲਈ ਸਰਕਾਰ ਦਾ ਮੁੱਖ ਜ਼ੋਰ ਇਸ ਵੇਲੇ ਸਟਾਰਟਅੱਪ ਇੰਡੀਆ ਅਤੇ ਸਟੈਂਡਅੱਪ ਇੰਡੀਆ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵੱਲ ਹੈ। ਮੁਦਰਾ, ਸੇਤੂ, ਏਮ (ਅਟੱਲ ਇਨੋਵੇਸ਼ਨ ਮਿਸ਼ਨ) ਆਦਿ ਕੁੱਝ ਪ੍ਰੋਗਰਾਮ ਹਨ ਜੋ ਕਿ ਖੋਜ ਅਤੇ ਉੱਦਮਸ਼ੀਲਤਾ ਦੇ ਸਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਹਨ।

ਨੌਜਵਾਨ ਦੇਸ਼ ਦੀ ਉਸਾਰੀ ਦੇ ਥੰਮ੍ਹ ਹਨ। ਉਨ੍ਹਾਂ ਦੇ ਹੱਥ ਵਿੱਚ ਹੀ ਕਿਸਮਤ ਬਦਲਣ ਦੀ ਤਾਕਤ ਹੈ। ਜਿਹੜਾ ਦੇਸ਼ ਆਪਣੀ ਕਿਸਮਤ ਬਦਲਣ ਲਈ ਯਤਨਸ਼ੀਲ ਹੈ, ਉਸ ਕੋਲ ਊਰਜਾ ਦੀ ਵਰਤੋਂ ਲਈ ਸਾਧਨ ਅਤੇ ਇਸ ਅਨੋਖੇ ਸੋਮੇ ਲਈ ਖਾਹਿਸ਼ ਹੋਣੀ ਚਾਹੀਦੀ ਹੈ। ਫਰੈਂਕਲਿਨ ਰੂਜ਼ਵੈਲਟ ਨੇ ਇਕ ਵਾਰੀ ਕਿਹਾ ਸੀ, ''ਅਸੀਂ ਹਰ ਵੇਲੇ ਆਪਣੇ ਨੌਜਵਾਨਾਂ ਦਾ ਭਵਿੱਖ ਨਹੀਂ ਬਣਾ ਸਕਦੇ, ਪਰ ਭਵਿੱਖ ਲਈ ਆਪਣੇ ਨੌਜਵਾਨਾਂ ਨੂੰ ਤਿਆਰ ਤਾਂ ਕਰ ਸਕਦੇ ਹਾਂ।"

– ਮੁੱਖ ਸੰਪਾਦਕ

# ਭਾਰਤ ਦੇ ਨੌਜਵਾਨ : ਉੱਭਰਦੀ ਹੋਈ ਸ਼ਕਤੀ

ਏ.ਕੇ. ਦੂਬੇ

ਯੂਨੈਸਕੋ ਵਲੋਂ 'ਨੌਜਵਾਨ' ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ, ''ਬਚਪਨ ਦੀ ਨਿਰਭਰਤਾ ਤੋਂ ਬਾਲਗ ਹੋਣ ਦੀ ਆਜ਼ਾਦੀ ਤੱਕ ਬਦਲਾਅ, ਸਮਾਜ ਦੇ ਮੈਂਬਰਾਂ ਦੇ ਤੌਰ ਤੇ ਸਾਡੀ ਆਜ਼ਾਦੀ ਦੀ ਜਾਗਰੂਕਤਾ, ਨੌਜਵਾਨ ਤੈਅ ਉਮਰ ਸਮੂਹ ਦੇ ਮੁਕਾਬਲੇ ਇਕ ਜ਼ਿਆਦਾ ਲਚਕਦਾਰ ਵਰਗ ਹੈ।" ਯੁਵਾ ਮਾਮਲੇ ਅਤੇ ਖੇਡਾਂ ਬਾਰੇ ਮੰਤਰਾਲੇ (ਯੁਵਾ ਮਾਮਲਿਆਂ ਦਾ ਵਿਭਾਗ) ਦੀ 2016-17 ਦੀ ਸਾਲਾਨਾ ਰਿਪੋਰਟ ਮੁਤਾਬਕ ਨੌਜਵਾਨ ਸ਼ਾਸਨ ਦੇ ਕਿਸੇ ਵੀ ਸੰਸਥਾਨ ਲਈ ਸਭ ਤੋਂ ਵੱਧ ਉਤਸ਼ਾਹੀ ਵਰਗ ਹੈ। ਉਨ੍ਹਾਂ ਦੀ ਜੀਵੰਤ ਅਤੇ ਗਤੀਸ਼ੀਲ ਪਹੁੰਚ ਸਦਕਾ, ਭਾਰਤ ਨੇ ਨੌਜਵਾਨਾਂ ਦੇ ਦੇਸ਼ ਵਜੋਂ ਪਛਾਣ ਬਣਾ ਲਈ ਹੈ ਜਿਸ ਦੀ ਲਗਭਗ 65 ਪ੍ਰਤਿਸ਼ਤ ਜਨਸੰਖਿਆ 35 ਸਾਲ ਤੋਂ ਘੱਟ ਉਮਰ ਵਰਗ ਵਿੱਚ ਆਉਂਦੀ ਹੈ ਜਿਸ ਨਾਲ ਇਹ ਨੌਜਵਾਨ ਦੇਸ਼ ਬਣ ਗਿਆ ਹੈ। 2016-17 ਦੀ ਮੰਤਰਾਲੇ ਦੀ ਸਾਲਾਨਾ ਰਿਪੋਰਟ ਮੁਤਾਬਕ ਅਨੁਮਾਨ ਲਾਇਆ ਗਿਆ ਹੈ ਕਿ 2020 ਤੱਕ ਭਾਰਤ ਦੀ ਮੱਧਮਾਨ ਉਮਰ 28 ਸਾਲ ਹੋਵੇਗੀ ਜਦ ਕਿ ਦੂਸਰੇ ਦੱਖਣੀ ਏਸ਼ਿਆਈ ਦੇਸ਼ਾਂ ਅਤੇ ਚੀਨ ਵਿੱਚ ਇਹ 38 ਸਾਲ ਹੈ। 15 ਤੋਂ 29 ਸਾਲ ਉਮਰ ਵਰਗ ਦੀ ਵਸੋਂ ਕੁੱਲ ਜਨਸੰਖਿਆ ਦਾ 27.5 ਪ੍ਰਤਿਸ਼ਤ ਬਣਦੀ ਹੈ ਜੋ ਭਾਰਤ ਨੂੰ ਲਾਹੇਵੰਦ ਜਨਸੰਖਿਆ ਲਾਭਅੰਸ਼ ਪ੍ਰਦਾਨ ਕਰਦੀ ਹੈ। ਇਸ ਜਨਸੰਖਿਆ ਲਾਭਅੰਸ਼ ਤੋਂ ਅਰਥਪੂਰਨ ਫਾਇਦਾ ਲੈਣ ਲਈ ਇਹ ਜ਼ਰੂਰੀ ਹੈ ਕਿ ਨੌਜਵਾਨੀ ਨੂੰ ਲਾਭਕਾਰੀ ਨਤੀਜੇ ਪੈਦਾ ਕਰਨ ਅਤੇ ਉਸਾਰੂ ਨਿਵੇਸ਼ ਦੇ ਦਾਇਰੇ ਵਿੱਚ ਰੱਖਿਆ ਜਾਵੇ। ਵਿਸ਼ਵ ਪੱਧਰ ਉਤੇ ਭਾਰਤ ਦੀ ਮਦਦ ਕਰਨ ਲਈ ਇਕ ਭਵਿੱਖੀ ਸ਼ਕਤੀ ਦੇ ਤੌਰ ਤੇ ਨੌਜਵਾਨਾਂ ਮਗਰ ਵੱਡੇ ਪੱਧਰ ਉਤੇ ਨੀਤੀਗਤ ਦਿਸ਼ਾ ਨਿਰਦੇਸ਼ ਅਤੇ ਸਹਾਇਤਾ ਹੋਣੀ ਚਾਹੀਦੀ ਹੈ। ਰਾਜਕੀ ਵਿਵਸਥਾ ਦੇ ਉੱਪ-ਉਤਪਾਦਾਂ ਦੇ ਪ੍ਰੀਖਣ ਲਈ ਨੌਜਵਾਨ ਕੋਈ ਤਿਆਰ ਪ੍ਰਯੋਗਸ਼ਾਲਾ ਨਹੀਂ ਹਨ। ਸਗੋਂ ਉਹ ਭਿੰਨਤਾ ਦੇ ਕਾਰਕ ਹਨ ਜਿਨ੍ਹਾਂ ਦੀ ਵਰਤੋਂ ਸਮਕਾਲੀ ਪ੍ਰਸੰਗਤਾ ਵਾਲੇ ਹੁਨਰਾਂ ਦੇ ਆਧਾਰ ਉਤੇ ਨਵੇਂ ਮੌਕਿਆਂ ਦੇ ਨਿਰਮਾਣ ਲਈ ਕੀਤੀ ਜਾਣੀ ਚਾਹੀਦੀ ਹੈ।

ਜਿਵੇਂ ਕਿ ਮਾਈਕਲ ਗ੍ਰੀਨ ਆਪਣੀ ਕਿਤਾਬ 'ਸਮਾਜਕ ਬਦਲਾਅ ਦੇ ਸਰਗਰਮ ਕਾਰਕ ਨੌਜਵਾਨ' ਵਿੱਚ ਕਹਿੰਦੇ ਹਨ, ''ਹਾਂ-ਪੱਖੀ ਨੌਜਵਾਨ ਵਿਕਾਸ ਦੀ ਸਦਾ ਫੈਲਦੀ ਅਤੇ ਪ੍ਰਭਾਵਸ਼ਾਲੀ ਗਤੀਸ਼ੀਲਤਾ, ਇਹ ਸ਼ਕਤੀਆਂ ਤੇ ਹਿਤਾਂ ਉਤੇ ਧਿਆਨ ਕੇਂਦਰਿਤ ਕਰਨ ਨੂੰ ਆਖਦੇ ਹਨ ਬਜਾਇ ਕਿ ਛੁਟਕਾਰੇ ਦੇ ਜਿਸ ਦਾ ਮੰਤਵ ਘਾਟਿਆਂ ਦਾ ਹੱਲ ਕਰਨਾ ਅਤੇ ਸਮੱਸਿਆ ਮੁਖੀ ਪਹੁੰਚ ਤੋਂ ਸਮੱਸਿਆ ਦੇ ਹੱਲ ਕਰਨ ਵਾਲੀ ਪਹੁੰਚ ਵੱਲ ਬਦਲਾਅ ਹੁੰਦਾ ਹੈ।

ਕਈ ਤਰ੍ਹਾਂ ਦੇ ਸਮਾਜਕ, ਰਾਜਨੀਤਕ ਜਾਂ ਸ਼ਹਿਰੀ ਅੰਦੋਲਨਾਂ ਵਿਚਕਾਰ ਨੌਜਵਾਨ ਸਰਗਰਮੀਆਂ ਦਾ ਕੇਂਦਰ ਬਿੰਦੂ ਬਣੇ ਹੋਏ ਹਨ।। ਐੱਲ ਜੀ ਬੀ ਟੀ ਕਿਊ ਅੰਦੋਲਨ ਤੋਂ ਲੈ ਕੇ 'ਔਰਤਾਂ ਲਈ ਬਰਾਬਰ ਹੱਕ' ਤੱਕ ਅਤੇ ਵਾਤਾਵਰਣਿਕ ਚਿੰਤਾਵਾਂ ਤੋਂ ਲੈ ਕੇ ਮਨੁੱਖੀ ਹੱਕਾਂ ਤੱਕ – ਨੌਜਵਾਨ ਇਨ੍ਹਾਂ ਸਰਗਰਮੀਆਂ ਦਾ ਕੇਂਦਰ ਬਿੰਦੂ ਰਹੇ ਹਨ ਜਿਸ ਵਿੱਚ ਜਨਤਕ ਜੀਵਨ ਦੇ ਬਹੁ-ਪੱਖੀ ਖੇਤਰ ਸ਼ਾਮਲ ਹੁੰਦੇ ਹਨ ਅਤੇ ਜੋ ਕਾਰਜਸ਼ੀਲ ਦਬਾਅ ਸਮੂਹ ਵਜੋਂ ਕੰਮ ਕਰਦੇ ਹਨ। ਉਨ੍ਹਾਂ ਦੇ ਵਿਆਪਕ ਹਿਤ ਅਤੇ ਚਿੰਤਾਵਾਂ ਦੇ ਪ੍ਰਗਟਾਵੇ ਲਈ, ਨਵੇਂ-ਨਵੇਂ ਮੀਡੀਆ ਟੂਲ ਨਿਰੰਤਰ ਤਰੀਕੇ ਅਤੇ ਵਿਆਪਕ ਪੱਧਰ ਉਤੇ ਬਣਾਏ ਗਏ ਹਨ ਤਾਂ ਜੋ ਮੀਡੀਆ/ਸ਼ੋਸ਼ਲ ਮੀਡੀਆ ਪ੍ਰਚੱਲਤ ਵਿਚਾਰਾਂ ਨੂੰ ਅਗਾਂਹ ਵਧਾ ਕੇ ਤੇ ਚਰਚਾ ਹੇਠ ਲਿਆ ਕੇ ਇਸ ਨੂੰ ਫੈਲਾਅ ਸਕੇ। ਨਵੇਂ ਮੀਡੀਆ ਟੂਲ ਨਾ ਕੇਵਲ ਵਿਚਾਰਾਂ ਦੀ ਬਣਤਰ ਵਿੱਚ ਮਦਦ ਕਰਦੇ ਹਨ ਸਗੋਂ ਇਹ ਕਿਸੇ ਵਿਚਾਰ ਦੀ ਸਾਂਝ ਭਿਆਲੀ ਅਤੇ ਸੰਚਾਰ ਵਿੱਚ ਵੀ ਮਦਦ ਕਰਦੇ ਹਨ ਜੋ ਆਖਰ ਨੂੰ ਇਸ ਦੇ ਜਨਤਕ ਤੌਰ ਤੇ ਪ੍ਰਵਾਨ ਹੋਣ ਵਿੱਚ ਮਦਦ ਕਰਦਾ ਹੈ। ਨੌਜਵਾਨਾਂ ਨੂੰ ਆਰਥਿਕ/ਸਮਾਜਕ ਤੌਰ ਤੇ ਲਾਹੇਵੰਦ ਕਾਰਜਾਂ ਲਈ ਅੱਗੇ ਰੱਖਣ ਦਾ ਕਾਰਨ ਉਨ੍ਹਾਂ ਵਲੋਂ ਸਦਾ ਬਦਲਦੀ ਸਮਾਜਕ ਗਤੀਸ਼ੀਲਤਾ ਦੇ ਅਨੁਕੂਲ ਕਰਨ ਦੀ ਉਨ੍ਹਾਂ ਦੀ ਜਮਾਂਦਰੂ ਕਾਬਲੀਅਤ ਹੈ।


ਨੌਜਵਾਨ ਦੋ ਪੀੜ੍ਹੀਆਂ ਦਰਮਿਆਨ ਇਕ ਪੁਲ ਦੀ ਭੂਮਿਕਾ ਬਹੁਤ ਚੰਗੇ ਤਰੀਕੇ ਨਾਲ ਨਿਭਾਅ ਸਕਦੇ ਹਨ। ਇਹ ਇਕ ਉਮਰ ਦੀ ਜਥੇਬੰਦੀ ਹੈ, ਜਿਸ ਦੀ ਜੇ ਠੀਕ ਢੰਗ ਨਾਲ ਵਿਆਖਿਆ ਕੀਤੀ ਜਾਵੇ ਤਾਂ ਇਹ ਆਪਣੇ ਵਿਕਾਸ ਅਤੇ ਤਰੱਕੀ ਦਾ ਰਸਤਾ ਪੱਧਰਾ ਕਰਨ ਲਈ ਲਚਕੀਲੇਪਨ ਦੀ ਲੋੜ ਨੂੰ ਸਮਝ ਸਕਦੀ ਹੈ। ਵਿਚਾਰਧਾਰਕ ਕੱਟੜਤਾਵਾਂ ਅਤੇ ਪੱਛਮੀ ਸਭਿਆਚਾਰ ਨੂੰ ਬਿਨਾਂ ਸੋਚੇ ਸਮਝੇ ਅਪਣਾਉਣਾ – ਇਨ੍ਹਾਂ ਗੱਲਾਂ ਦਾ ਦੀਰਘਕਾਲ ਵਿੱਚ ਦੇਸ਼ ਉਤੇ ਕੋਈ ਹਾਂ-ਪੱਖੀ ਅਸਰ ਨਹੀਂ ਪਵੇਗਾ। ਅੱਜ ਦਾ ਨੌਜਵਾਨ ਚੰਗੀ ਤਰ੍ਹਾਂ ਸਮਝਦਾ ਹੈ ਕਿ ਸੰਪੂਰਨ ਆਜ਼ਾਦੀ ਜਾਂ ਖੁਦਮੁਖਤਿਆਰੀ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਬਣ ਸਕਦੀ। ਇਸ ਨੂੰ ਇਕਾਈਆਂ ਦੇ ਗਹਿਰੇ ਤਾਲਮੇਲ ਮੁਤਾਬਕ ਹੀ ਕਰਨਾ ਹੋਵੇਗਾ ਜਿਸ ਦਾ ਨਤੀਜਾ ਇਕ ਸੰਚਾਲਿਤ ਸੰਪੂਰਨਤਾ ਦੇ ਰੂਪ ਵਿੱਚ ਨਿਕਲੇਗਾ। ਨੌਜਵਾਨ ਬੁਨਿਆਦੀ ਤੌਰ ਤੇ ਸਮਾਜਕ ਚਿੰਤਨ, ਆਰਥਿਕ ਵਿਕਾਸ ਅਤੇ ਰਾਜਨੀਤਕ ਸਰਗਰਮੀਆਂ ਦੇ ਉਤਪ੍ਰੇਰਕ ਹੁੰਦੇ ਹਨ।

ਅੱਜ ਦੇ ਨੌਜਵਾਨ ਇਸ ਸਥਿਤੀ ਵਿੱਚ ਹਨ ਕਿ ਉਹ ਬੇਹਤਰੀਨ ਅਨੁਭਵ ਅਤੇ ਜਜ਼ਬੇ ਦੀ ਪੜਤਾਲ ਨੂੰ ਪ੍ਰਾਪਤ ਕਰ ਸਕਦੇ ਹਨ ਜਿਸ ਨੂੰ

ਸਹੀ ਅਨੁਪਾਤ ਵਿੱਚ ਰਲਾ ਕੇ ਇਸ ਦੀ ਵਰਤੋਂ ਅਰਥ ਭਰਪੂਰ ਉਦੇਸ਼ ਲਈ ਕੀਤੀ ਜਾ ਸਕਦੀ ਹੈ, ਖ਼ਾਸ ਕਰਕੇ ਭਾਰਤ ਦੇ ਲੋਕਤੰਤਰਿਕ ਦ੍ਰਿਸ਼ ਦੇ ਅੰਦਰ ਬੇਦਖ਼ਲੀ ਦੀ ਪ੍ਰਥਾ ਦੀ ਬਹੁਲਤਾ ਦੀ ਪਿੱਠ ਭੂਮੀ ਵਿੱਚ।

ਜਿਹੜੀ ਚੀਜ਼ ਕੱਟੜ ਸਮਾਜਕ ਪ੍ਰਣਾਲੀ ਤੇ ਭਾਰੀ ਹਥੌੜੇ ਵਾਲੀ ਸੱਟ ਮਾਰਦੀ ਹੈ, ਉਹ ਹੈ ਤਰਕ, ਦਲੀਲ ਅਤੇ ਖੋਜ ਦਾ ਜਜ਼ਬਾ, ਜਿਸ ਦੀ ਵਰਤੋਂ ਨੌਜਵਾਨਾਂ ਵਲੋਂ ਕੀਤੀ ਜਾਂਦੀ ਹੈ। ਅੱਜਕੱਲ੍ਹ ਦਾ ਨੌਜਵਾਨ ਅੰਤਰ-ਜਾਤੀ ਖਾਣ-ਪੀਣ ਅਤੇ ਅੰਤਰ-ਜਾਤੀ ਵਿਆਹ ਵਰਗੇ ਮਾਮਲਿਆਂ ਵਿੱਚ ਕੱਟੜਤਾ ਤੋਂ ਮੁਕਤ ਹੈ। ਉਹ ਜਾਤ, ਵਰਗ, ਨਸਲ ਜਾਂ ਲਿੰਗ ਦਾ ਭੇਦ ਕੀਤੇ ਬਗੈਰ, ਸਹਿ ਪ੍ਰਾਣੀਆਂ ਪ੍ਰਤਿ ਗਾਲੀ-ਗਲੋਚ ਅਤੇ ਸੰਵੇਦਨਾਹੀਨ ਪਹੁੰਚ ਉਤੇ ਸਵਾਲ ਖੜ੍ਹੇ ਕਰ ਰਹੇ ਹਨ। ਭਾਵੇਂ ਕਿ ਅਜਿਹਾ ਵੱਡੇ ਪੱਧਰ ਉਤੇ ਨਹੀਂ ਵਾਪਰ ਰਿਹਾ, ਤਾਂ ਵੀ ਸਹੀ ਦਿਸ਼ਾ ਵਿੱਚ ਛੋਟੇ-ਛੋਟੇ ਕਦਮ ਪੁੱਟੇ ਜਾ ਰਹੇ ਹਨ। ਇਕ ਸਭ ਤੋਂ ਅਹਿਮ ਪੱਖ, ਜੋ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਨ ਵਿੱਚ ਮਦਦ ਕਰਦਾ ਹੈ, ਉਹ ਹੈ ਤਕਨਾਲੋਜੀ ਦੀ ਵਰਤੋਂ ਅਤੇ ਇਸ ਉਤੇ ਜ਼ੋਰ ਦੇਣਾ। ਸਰਕਾਰ ਵਲੋਂ ਡਿਜੀਟਲੀਕਰਨ ਦੀ ਵਕਾਲਤ ਲਈ ਯਤਨ ਅਤੇ ਇਸ ਨਾਲ ਸੰਬੰਧਿਤ ਹੋਰ ਕਦਮ ਅਤੇ ਧਾਰਨਾਵਾਂ ਜਿਵੇਂ ਨਕਦੀ ਰਹਿਤ ਅਰਥਚਾਰਾ ਅਤੇ ਡਿਜੀਟਲ ਭਾਰਤ – ਆਰਥਿਕਤਾ ਦੇ ਸਾਰੇ ਮਸਲਿਆਂ ਦੇ ਹੱਲ ਲਈ ਕੀਤੇ ਜਾ ਰਹੇ ਯਤਨਾਂ ਵਾਸਤੇ ਤਕਨਾਲੋਜੀ ਪ੍ਰਭਾਵੀ ਬਦਲ ਵਜੋਂ ਉੱਭਰ ਕੇ ਸਾਹਮਣੇ ਆ ਰਹੀ ਹੈ। ਜਿਸ ਤਕਨਾਲੋਜੀ ਨੂੰ ਅਸੀਂ ਜਾਣਦੇ ਹਾਂ ਅਤੇ ਜਿਸ ਨਾਲ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਸਾਡਾ ਵਾਹ ਪੈਂਦਾ ਹੈ, ਇਹ ਤਰੱਕੀ ਦਾ ਇਕ ਹਾਂ-ਪੱਖੀ ਤਰੀਕਾ ਹੈ। ਤਕਨਾਲੋਜੀ ਨੇ ਮਨੁੱਖਤਾ ਨੂੰ ਅਸੰਭਵ ਕੰਮ ਸੰਭਵ ਕਰਨ ਵਿੱਚ ਮਦਦ ਕੀਤੀ ਹੈ ਅਤੇ ਅਸੀਂ ਹਰ ਨਵੇਂ ਦਿਨ ਨਵੇਂ ਦਿਸਹੱਦੇ ਸਰ ਕਰਨ ਵੱਲ ਝਾਤ ਪਾ ਰਹੇ ਹਾਂ। ਤਕਨਾਲੋਜੀ ਦੀ ਵਰਤੋਂ ਜ਼ਿੰਦਗੀ ਬੇਹਤਰ ਕਰਨ ਲਈ ਵੀ ਕੀਤੀ ਗਈ ਹੈ ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਵਿੱਚ।

ਭਾਰਤ ਵਿੱਚ ਡਿਜੀਟਲ ਵਾਤਾਵਰਨ ਨੇ ਨੌਜਵਾਨਾਂ ਨੂੰ ਦੁਨੀਆਂ ਸਾਹਮਣੇ ਸੰਗਠਿਤ ਰੂਪ ਵਿੱਚ ਖੜ੍ਹੇ ਹੋਣ ਲਈ ਤਾਕਤ ਬਖ਼ਸ਼ੀ ਹੈ। ਇਸ ਨਾਲ ਤੇਜ਼ ਸੰਚਾਰ, ਛੇਤੀ ਸਿੱਖਣ ਅਤੇ ਭੂਗੋਲਿਕ



ਤੌਰ ਤੇ ਦੋ ਦੁਰੇਡੀਆਂ ਥਾਵਾਂ ਨੂੰ ਇਕ ਮੰਚ ਉਤੇ ਲਿਆਉਣ ਵਿੱਚ ਮਦਦ ਮਿਲਦੀ ਹੈ। ਇਹ ਇਕ ਸਮਾਨ ਵਿਚਾਰਾਂ ਦੇ ਇਕੱਠ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਫਿਰ ਸੰਭਵ ਹੱਲਾਂ ਅਤੇ ਨਤੀਜਿਆਂ ਲਈ ਕਾਰਜਸ਼ੀਲ ਹੋ ਜਾਂਦੀ ਹੈ। ਇਕ ਬਟਨ ਦਬਾ ਕੇ ਅਸੀਂ ਵਿਚਾਰ ਸਾਂਝੇ ਕਰ ਸਕਦੇ ਹਾਂ, ਸਲਾਹ ਕਰ ਸਕਦੇ ਹਾਂ ਅਤੇ ਆਪਣੀ ਸੋਚ ਅਤੇ ਕਾਰਜਾਂ ਨੂੰ ਸਾਂਝਾ ਕਰ ਸਕਦੇ ਹਾਂ। ਤਕਨਾਲੋਜੀ ਸਾਡੀਆਂ ਅੱਖਾਂ ਵਲੋਂ ਵੇਖੇ ਜਾਣ ਤੋਂ ਵੀ ਵਧ ਕੇ ਹੈ। ਇਕ ਵਿਦਿਆਰਥੀ ਤਕਨਾਲੋਜੀ ਨਾਲ ਪੜ੍ਹਨ ਸਮੱਗਰੀ ਦਾ ਅਸੀਮ ਭੰਡਾਰ ਪ੍ਰਾਪਤ ਕਰ ਸਕਦਾ ਹੈ ਅਤੇ ਵਿਸ਼ੇਸ਼ ਪੜ੍ਹਾਈ ਕੇਂਦਰ ਵਾਲੇ ਸੰਸਥਾਨਾਂ ਵਿੱਚ ਦਾਖਲੇ ਲਈ ਅਰਜ਼ੀ ਦੇ ਸਕਦਾ ਹੈ। ਤਕਨਾਲੋਜੀ ਨੇ ਬਰਾਬਰੀ ਵਾਲੇ ਮੌਕੇ ਬਣਾਏ ਹਨ, ਘੱਟੋ-ਘੱਟ ਪਹੁੰਚ ਦੇ ਮਾਮਲਿਆਂ ਵਿੱਚ। ਇਸ ਦਾ ਸਿਹਰਾ ਫਿਰ ਨੌਜਵਾਨਾਂ ਨੂੰ ਜਾਂਦਾ ਹੈ ਜੋ ਨਵੀਂ ਤਕਨਾਲੋਜੀ ਨੂੰ ਸਿੱਖਣ ਅਤੇ ਅਨੁਕੂਲ ਹੋਣ ਵਿੱਚ ਸਦਾ ਮੋਹਰੀ ਰਹੇ ਹਨ।

ਨੌਜਵਾਨਾਂ ਅਤੇ ਤਕਨਾਲੋਜੀ ਦੇ ਸਹਿਯੋਗ ਦੀ ਸਭ ਤੋਂ ਵੱਡੀ ਪ੍ਰਾਪਤੀ ਜੋਖ਼ਮ ਉਠਾਉਣ ਦਾ ਜਜ਼ਬਾ ਅਤੇ ਸਟਾਰਟਅੱਪ ਦਾ ਸ਼ੁਰੂ ਹੋਣਾ ਆਖੀ ਜਾ ਸਕਦੀ ਹੈ। ਜ਼ਿਆਦਾ ਤੋਂ ਜ਼ਿਆਦਾ ਹੁਨਰ ਤਰਾਸ਼ਣ ਦੀਆਂ ਵਿਸ਼ੇਸ਼ ਪਹਿਲਕਦਮੀਆਂ ਨਾਲ ਸਟਾਰਟਅੱਪ ਨੇ ਮੁੱਠੀਭਰ ਅਮੀਰਾਂ ਵਲੋਂ ਨਵੇਂ ਉੱਦਮ ਸ਼ੁਰੂ ਕਰਨ ਅਤੇ ਸੇਵਾਵਾਂ ਦੇਣ ਦੀ ਇਜ਼ਾਰੇਦਾਰੀ ਨੂੰ ਖਤਮ ਕਰ ਦਿੱਤਾ ਹੈ। ਤਕਨਾਲੋਜੀ ਦੇ ਸੰਗ ਸਾਥ ਨੌਜਵਾਨਾਂ ਦੇ ਦ੍ਰਿੜ੍ਹ ਨਿਸ਼ਚੇ ਨੇ ਉੱਦਮਤਾ ਨੂੰ ਸਾਰਿਆਂ ਦੀ ਪਹੁੰਚ ਵਿੱਚ ਕਰ ਦਿੱਤਾ ਹੈ।

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਰਾਹੀਂ ਸਰਕਾਰ ਨੇ ਲਗਾਤਾਰ ਭਾਰਤ ਦੇ ਨੌਜਵਾਨਾਂ ਦੇ ਲਾਭਕਾਰੀ ਤਰੱਕੀ ਨੂੰ ਵਿਕਾਸ ਅਤੇ ਆਧੁਨਿਕਤਾ ਦੇ ਪੱਖਾਂ ਤੋਂ ਵੇਖਿਆ ਹੈ। ਨਿਯਮਤ ਸਮੀਖਿਆ ਦੇ ਨਾਲ-ਨਾਲ ਇਸ ਵਲੋਂ ਨੌਜਵਾਨਾਂ ਦੀ ਸਿਖਲਾਈ, ਜੀਵਨ ਜਾਚ/ਅਗਵਾਈ ਵਾਲੇ ਹੁਨਰਾਂ ਨਾਲ ਸੰਬੰਧਿਤ ਮੁੱਦਿਆਂ ਲਈ ਨਵੀਆਂ ਪਹਿਲਕਦਮੀਆਂ/ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਅਤੇ ਕਾਰਜਸ਼ਾਲਾਵਾਂ ਆਯੋਜਿਤ ਕੀਤੀਆਂ ਗਈਆਂ ਹਨ। 2016-17 ਦੀ ਸਾਲਾਨਾ ਰਿਪੋਰਟ ਮੁਤਾਬਕ, "2014 ਦੀ ਰਾਸ਼ਟਰੀ ਯੁਵਾ ਨੀਤੀ ਵਿੱਚ ਸਾਰੇ ਦੇਸ਼ਾਂ ਵਲੋਂ ਭਾਰਤ ਦੇ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਦੀ ਪ੍ਰਤਿਬਧਤਾ ਨੂੰ ਦ੍ਰਿੜ੍ਹਾਇਆ ਗਿਆ ਹੈ ਤਾਂ ਕਿ ਉਹ ਆਪਣੀ ਪੂਰਨ ਸਮਰੱਥਾ ਦੀ ਵਰਤੋਂ ਕਰਕੇ ਰਾਸ਼ਟਰ ਉਸਾਰੀ ਦੀ ਪ੍ਰਕਿਰਿਆ ਵਿੱਚ ਲਾਭਕਾਰੀ ਯੋਗਦਾਨ ਪਾ ਸਕਣ।

"2014 ਦੀ ਰਾਸ਼ਟਰੀ ਯੁਵਾ ਨੀਤੀ ਭਾਰਤ ਦੇ ਨੌਜਵਾਨਾਂ ਲਈ ਸਮੂਹਿਕ ਦ੍ਰਿਸ਼ਟੀ ਦਾ ਪ੍ਰਸਤਾਵ ਰੱਖਦੀ ਹੈ ਜਿਸ ਨਾਲ ਦੇਸ਼ ਦੇ ਨੌਜਵਾਨਾਂ ਨੂੰ ਆਪਣੀ ਪੂਰਨ ਸਮਰੱਥਾ ਦਾ ਲਾਹਾ ਲੈਣ ਲਈ ਤਾਕਤ ਮਿਲੇਗੀ ਅਤੇ ਉਨ੍ਹਾਂ ਰਾਹੀਂ ਭਾਰਤ ਦੁਨੀਆਂ ਦੇ ਦੇਸ਼ਾਂ ਵਿੱਚ ਆਪਣਾ ਬਣਦਾ ਸਥਾਨ ਹਾਸਲ ਕਰ ਸਕੇਗਾ।"

2014 ਦੀ ਰਾਸ਼ਟਰੀ ਯੁਵਾ ਨੀਤੀ ਤਹਿਤ

ਦਰਜ ਉਦੇਸ਼ ਅਤੇ ਪ੍ਰਾਥਮਿਕਤਾਵਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

1) ਇਕ ਉਤਪਾਦਕ ਕਾਮਾ-ਸ਼ਕਤੀ ਦਾ ਨਿਰਮਾਣ ਕਰਨਾ ਜੋ ਭਾਰਤ ਦੇ ਆਰਥਿਕ ਵਿਕਾਸ ਵਿੱਚ ਸਥਾਈ ਯੋਗਦਾਨ ਪਾ ਸਕਦੀ ਹੈ। ਇਸ ਦੇ ਲਈ ਤਰਜੀਹੀ ਖੇਤਰ ਹੇਠਾਂ ਲਿਖੇ ਹਨ :

• ਸਿੱਖਿਆ • ਉੱਦਮਤਾ • ਰੋਜ਼ਗਾਰ ਅਤੇ ਹੁਨਰ ਦਾ ਵਿਕਾਸ।

2) ਇਕ ਮਜਬੂਤ, ਸਿਹਤਮੰਦ ਪੀੜ੍ਹੀ ਵਿਕਸਤ ਕਰਨਾ ਜੋ ਭਵਿੱਖੀ ਪੀੜ੍ਹੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋਵੇ। ਇਨ੍ਹਾਂ ਦਾ ਸੰਪਾਦਨ ਹੇਠ ਲਿਖੇ ਰਾਹੀਂ ਕੀਤਾ ਜਾਵੇਗਾ :

• ਸਿਹਤ • ਸਿਹਤਮੰਦ ਜੀਵਨ ਪੱਧਤੀ • ਖੇਡਾਂ।

3) ਰਾਸ਼ਟਰੀ ਮਾਲਕੀ ਦਾ ਨਿਰਮਾਣ ਕਰਨ ਲਈ ਸਮਾਜਕ ਕਦਰਾਂ-ਕੀਮਤਾਂ ਦਾ ਸੰਚਾਰ ਕਰਨਾ ਅਤੇ ਭਾਈਚਾਰਕ ਸੇਵਾ ਨੂੰ ਉਤਸ਼ਾਹ ਦੇਣਾ। ਇਸ ਦੇ ਸੰਚਾਲਨ ਯੰਤਰ ਹੇਠ ਲਿਖੇ ਹਨ :

• ਸਮਾਜਕ ਕਦਰਾਂ ਕੀਮਤਾਂ ਨੂੰ ਪ੍ਰੋਤਸਾਹਨ ਦੇਣਾ। • ਭਾਈਚਾਰਕ ਰੁਝੇਵੇਂ।

4) ਸ਼ਾਸਨ ਦੇ ਸਾਰੇ ਕੇਂਦਰਾਂ ਉਤੇ ਸ਼ਹਿਰੀਆਂ ਦੀ ਭਾਗੀਦਾਰੀ ਅਤੇ ਰੁਝੇਵਿਆਂ ਵਿੱਚ ਸਹਾਇਤਾ ਕਰਨੀ। ਇਸ ਦੇ ਸੰਚਾਲਨ ਯੰਤਰ ਹੇਠ ਲਿਖੇ ਹਨ :

• ਰਾਜਨੀਤੀ ਅਤੇ ਸ਼ਾਸਨ ਵਿੱਚ ਭਾਗੀਦਾਰੀ।

• ਨੌਜਵਾਨਾਂ ਨੂੰ ਨਾਲ ਲੈਣਾ।

5) ਜੋਖਮ ਵਿੱਚ ਫਸੇ ਨੌਜਵਾਨਾਂ ਦੀ ਸਹਾਇਤਾ ਕਰਨੀ ਅਤੇ ਕਮਜ਼ੋਰ ਤੇ ਹਾਸ਼ੀਏ ਉਤੇ ਰਹਿ ਰਹੇ ਸਾਰੇ ਨੌਜਵਾਨਾਂ ਲਈ ਬਰਾਬਰ ਦੇ ਮੌਕੇ ਪੈਦਾ ਕਰਨੇ। ਇਸ ਵਾਸਤੇ ਤਰਜੀਹੀ ਖੇਤਰ ਸਮਾਵੇਸ਼ ਅਤੇ ਸਮਾਜਕ ਨਿਆਂ ਦੇ ਹਨ।

ਮੌਜੂਦਾ ਸਰਕਾਰ ਨੇ ਨੌਜਵਾਨਾਂ ਦੇ ਸਮੁੱਚੇ ਅਤੇ ਸਮਗਰ ਵਿਕਾਸ ਵਿੱਚ ਭਾਗੀਦਾਰੀ ਲਈ ਬਹੁਪੱਖੀ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਹੈ। ਮਿਸਾਲ ਦੇ ਲਈ ਨਹਿਰੂ ਯੁਵਾ ਕੇਂਦਰ ਸੰਗਠਨ ਦੀ ਜ਼ਿੰਮੇਵਾਰੀ ਨੌਜਵਾਨਾਂ ਨੂੰ ਰਾਸ਼ਟਰੀ ਉਸਾਰੀ ਸਰਗਰਮੀ ਵਿੱਚ ਲਾਉਣ ਦੀ ਲਾਈ ਗਈ ਹੈ। ਰਾਸ਼ਟਰੀ ਸੇਵਾ ਯੋਜਨਾ (ਐੱਨ ਐੱਸ ਐੱਸ) ਸਵੈ-ਇੱਛਕ ਸਮਾਜਕ ਸੇਵਾ ਰਾਹੀਂ ਹੌਸਲਾ ਅਤੇ



ਵਿਅਕਤਿਤਵ ਦਾ ਵਿਕਾਸ ਕਰਦਾ ਹੈ। 'ਨੌਜਵਾਨਾਂ ਅਤੇ ਕਿਸ਼ੋਰਾਂ ਦੇ ਵਿਕਾਸ ਲਈ ਰਾਸ਼ਟਰੀ ਪ੍ਰੋਗਰਾਮ' ਨਾਮਕ ਯੋਜਨਾ ਵੀ ਮੌਜੂਦ ਹੈ। ਇਸ ਵਿੱਚ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕਰਨ ਲਈ ਰਾਸ਼ਟਰੀ ਯੁਵਾ ਮੇਲੇ ਲਾਏ ਜਾਂਦੇ ਹਨ ਅਤੇ ਇਨਾਮ ਵੀ ਦਿੱਤੇ ਜਾਂਦੇ ਹਨ।

2011 ਦੀ ਮਰਦਮਸ਼ੁਮਾਰੀ ਮੁਤਾਬਕ ਲਗਭਗ 41 ਪ੍ਰਤਿਸ਼ਤ ਭਾਰਤੀ ਜਨਸੰਖਿਆ 20 ਸਾਲ ਤੋਂ ਘੱਟ ਉਮਰ ਦੀ ਹੈ। ਵਿਅਕਤਿਤਵ ਦੇ ਵਿਕਾਸ ਦੇ ਪੱਖੋਂ ਉਮਰ ਦੀ ਸੀਮਾ ਸਭ ਤੋਂ ਅਹਿਮ ਹੈ - ਕਿਉਂਕਿ ਇਹ ਠੀਕ ਮਾਰਗ ਦਰਸ਼ਨ, ਸਿਖਲਾਈ ਅਤੇ ਦਿਸ਼ਾ ਨਿਰਦੇਸ਼ਾਂ ਉਤੇ ਬਹੁਤ ਜ਼ਿਆਦਾ ਨਿਰਭਰ ਹੈ। ਉਦਾਸ ਕਰਨ ਵਾਲੀ ਗੱਲ ਹੈ ਕਿ ਅੱਜ ਦੇ ਨੌਜਵਾਨ ਨੂੰ ਤੇਜ਼ੀ ਨਾਲ ਵਧ ਰਹੇ ਸ਼ਹਿਰੀ ਨਕਿਆਂ ਦੇ ਭੈੜੇ ਪ੍ਰਭਾਵਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਉਪਜੀਵਕਾ ਕਮਾਉਣ ਖਾਤਰ ਵੀ ਜੁਰਮ ਵੱਲ ਖਿੱਚੇ ਜਾਂਦੇ ਹਨ। ਇਸ ਨਾਂਹ-ਪੱਖੀ ਦ੍ਰਿਸ਼ ਦਾ ਇਕ ਪ੍ਰਮੁੱਖ ਕਾਰਨ ਉਪਲਬਧਤਾ ਅਤੇ ਪਹੁੰਚ ਦਰਮਿਆਨ ਗ਼ੈਰ ਬਰਾਬਰੀ ਹੈ। ਭਾਵੇਂ ਕਿ ਸਰਕਾਰ ਵਲੋਂ ਬਹੁਤ ਸਾਰੇ ਪ੍ਰੋਗਰਾਮ ਅਤੇ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹੋਣਗੀਆਂ ਪਰ ਉਨ੍ਹਾਂ ਤੋਂ ਲਾਭ ਲੈਣ ਦੇ ਤਰੀਕੇ ਜਾਂ ਸਾਧਨ ਅਸਾਨ ਨਹੀਂ ਹਨ। ਇਨ੍ਹਾਂ ਉਪਲਬਧਤਾਵਾਂ ਤੱਕ ਪਹੁੰਚ ਕਰਨ ਦੇ ਮਾਰਗ ਵਿੱਚ ਸਭ ਤੋਂ ਵੱਡਾ ਅੜਿੱਕਾ 'ਵਿੱਤੀ ਰੁਕਾਵਟਾਂ' ਜਾਂ 'ਸਮਾਜਕ ਢਾਂਚਾ' ਹਨ। ਨੌਜਵਾਨਾਂ ਦੇ ਸੰਕਟ ਪ੍ਰਤਿ ਜਾਗਰੂਕਤਾ ਅਤੇ ਇਸ ਦਾ ਮੁਕਾਬਲਾ ਕਰਨ ਲਈ ਤੰਤਰ ਨਾ ਹੋਣ ਦਾ ਮੁੱਖ ਕਾਰਨ ਵਿਆਪਕ ਵਿਦਿਅਕ ਦਾਇਰੇ ਵਿੱਚ ਇਸ ਤੌਖਲੇ ਨੂੰ ਜਗ੍ਹਾ ਨਾ ਮਿਲਣਾ ਹੈ। ਵਿਦਿਅਕ ਜਗਤ 'ਨੌਜਵਾਨਾਂ ਦੀ ਪਛਾਣ ਦੇ ਮੌਜੂਦਾ ਸੰਕਟ', ਇਸ ਦੀ ਸੰਭਾਵੀ ਯੋਗਤਾ ਅਤੇ ਯੋਗਦਾਨ ਪ੍ਰਤਿ ਪੂਰੀ ਤਰ੍ਹਾਂ ਸੰਵੇਦਨਸ਼ੀਲ ਨਹੀਂ ਹੈ ਜਿਸ ਨੂੰ ਸਿੱਖਿਆ ਦੇਣ ਵਿੱਚ ਅੰਤਰ-ਅਨੁਸ਼ਾਸਨਾਤਮਕਤਾ ਪਹੁੰਚ ਵਿੱਚ ਸਿਰਫ ਸ਼ਮੂਲੀਅਤ ਕਰਨ ਨਾਲ ਹੀ ਢੇਰ ਸਾਰੇ ਲਾਭ ਹਾਸਲ ਕੀਤੇ ਜਾ ਸਕਦੇ ਹਨ। ਇਕ ਨੌਜਵਾਨ ਦਿਮਾਗ ਦੇ ਕੰਮ ਕਰਨ ਦੇ ਢੰਗ ਨੂੰ ਮਾਨਤਾ ਦੇਣ, ਪ੍ਰਵਾਨ ਕਰਨ ਅਤੇ ਪ੍ਰਸ਼ੰਸਾ ਕਰਨ ਦੀ ਫੌਰੀ ਲੋੜ ਹੈ। ਇਹ ਮਾਨਤਾ ਨੌਜਵਾਨਾਂ ਤੋਂ ਰੱਖੇ ਜਾਣ ਵਾਲੇ ਸਖਤ ਅਤੇ ਕਠੋਰ ਆਸ਼ਾਵਾਦ ਦੇ ਦਿਮਾਗੀ ਢਾਂਚੇ ਤੋਂ ਬਿਲਕੁਲ ਵੱਖਰੀ ਹੋਣੀ ਚਾਹੀਦੀ ਹੈ। ਸਗੋਂ ਲੋੜ ਭਿੰਨਤਾਵਾਂ ਨੂੰ ਸਾਹਮਣੇ ਲਿਆਉਣ ਦੀ ਹੈ ਜੋ ਸੰਵਾਦ ਅਤੇ ਦੂਸਰੀਆਂ ਪਹਿਲਕਦਮੀਆਂ ਰਾਹੀਂ ਨੌਜਵਾਨਾਂ ਲਈ ਮਹੱਤਵਪੂਰਨ ਸਮਝੀਆਂ ਜਾਂਦੀਆਂ ਹਨ। ਵਿਆਪਕ ਤੌਰ ਤੇ ਪ੍ਰਚਾਰੇ ਅਤੇ ਪ੍ਰਸਾਰੇ ਜਾਂਦੇ ਐੱਨ ਐੱਸ ਐੱਸ ਤੋਂ ਇਲਾਵਾ ਐੱਨ ਵਾਈ ਕੇ ਐੱਸ ਅਧੀਨ ਹੋਰ ਵਿਸ਼ੇਸ਼ ਪ੍ਰੋਗਰਾਮ ਵੀ ਹਨ ਜੋ ਸਮੱਸਿਆਵਾਂ ਦੇ ਕਈ ਹੱਲ ਪੇਸ਼ ਕਰਨ ਦੀ ਸਮਰੱਥਾ ਰੱਖਦੇ ਹਨ।

ਮੰਤਰਾਲੇ ਦੀ 2016-17 ਦੀ ਸਾਲਾਨਾ ਰਿਪੋਰਟ ਅਨੁਸਾਰ ਸੰਚਾਲਨ ਦੇ ਤਰਜੀਹੀ ਖੇਤਰਾਂ ਦੇ ਨਾਲ-ਨਾਲ ਰਾਸ਼ਟਰੀ ਯੁਵਾ ਨੀਤੀ 2014 ਦੇ ਸਫਲ ਸੰਚਾਲਨ ਲਈ ਸੁਝਾਏ ਗਏ ਦਖ਼ਲਾਂ ਦੀ ਇਕ ਸੂਚੀ ਵੀ ਹੈ ਜੋ ਹੇਠਾਂ ਦਿੱਤੀ ਜਾ ਰਹੀ ਹੈ:

• ਸਿੱਖਿਆ ਵਿੱਚ ਪ੍ਰਣਾਲੀ ਦੀ ਸਮਰੱਥਾ ਅਤੇ ਗੁਣਵੱਤਾ ਦਾ ਵਿਕਾਸ ਕਰਨਾ।

• ਨੌਜਵਾਨਾਂ ਤੱਕ ਪਹੁੰਚ ਅਤੇ ਜਾਗਰੂਕਤਾ ਦੀ ਨਿਸ਼ਾਨਦੇਹੀ ਕਰਨੀ - ਰੋਜ਼ਗਾਰ ਅਤੇ ਹੁਨਰ ਵਿਕਾਸ ਦੇ ਖੇਤਰਾਂ ਵਿੱਚ ਪ੍ਰਣਾਲੀਆਂ ਅਤੇ ਹਿਤ-ਧਾਰਕਾਂ ਦਰਮਿਆਨ ਇਕ ਕੜੀ ਦਾ ਨਿਰਮਾਣ ਕਰਨਾ।

• ਉੱਦਮਤਾ ਵਿੱਚ ਲੋੜ ਅਨੁਸਾਰ ਪ੍ਰੋਗਰਾਮ ਬਣਾਉਣੇ।

• ਸਿਹਤ ਖੇਤਰ ਵਿੱਚ ਸੇਵਾ ਦੇਣ ਦੇ ਮਾਮਲੇ ਵਿੱਚ ਸੁਧਾਰ ਕਰਨਾ।

ਆਰ ਵਾਈ ਐੱਸ ਕੇ ਦਾ ਉਦੇਸ਼ ਹੁਣ ਜ਼ਿਆਦਾ ਸੰਪੂਰਨ ਅਤੇ ਸਮੂਹਿਕ ਵਿਕਾਸ ਪ੍ਰਦਾਨ ਕਰਨਾ ਹੈ ਕਿਉਂਕਿ ਹੁਣ ਇਹ ਖੰਡਿਤ ਪਹੁੰਚ ਦੀ ਬਜਾਏ ਅੰਤਰ-ਅਨੁਸ਼ਾਸਨਾਤਮਿਕ ਪਹੁੰਚ ਰਾਹੀਂ ਕਾਰਜ ਕਰਦਾ ਹੈ।

ਸਰਕਾਰ ਦੀਆਂ ਕੁੱਝ ਅਹਿਮ ਪਹਿਲਕਦਮੀਆਂ ਦਾ ਜ਼ਿਕਰ ਹੇਠਾਂ ਕੀਤਾ ਜਾ ਰਿਹਾ ਹੈ :

1) ਸਕਿਲ ਅਪਗ੍ਰੇਡੇਸ਼ਨ ਪ੍ਰੋਗਰਾਮ (ਐੱਸ

ਯੂ ਟੀ ਪੀ) : ਇਸ ਦਾ ਉਦੇਸ਼ ਸਿਖਲਾਈ ਯਾਫ਼ਤਾ ਉਸਤਾਦਾਂ ਦੀ ਸਹਾਇਤਾ ਨਾਲ ਕਿੱਤਾਮੁਖੀ ਸਿਖਲਾਈ ਹੁਨਰ ਦਾ ਵਿਕਾਸ ਕਰਨਾ ਹੈ ਤਾਂ ਕਿ ਵਾਧੂ ਆਮਦਨ ਪੈਦਾ ਕਰਨ ਅਤੇ ਸਵੈ-ਭਰੋਸਾ ਪੈਦਾ ਕਰਨ ਵਿੱਚ ਮਦਦ ਮਿਲ ਸਕੇ।

ਇਸ ਯੋਜਨਾ ਦਾ ਮਕਸਦ ਸਥਾਨਕ ਲੋੜਾਂ ਦੀ ਪਛਾਣ ਕਰਨਾ ਵੀ ਹੈ ਜਿਸ ਕਰਕੇ ਕਿੱਤਾ ਮੁਖੀ ਸਿਖਲਾਈ ਦਿੱਤੀ ਜਾਂਦੀ ਹੈ।

2) ਲੋਕ ਕਾਲਾਵਾਂ, ਸਭਿਆਚਾਰ ਅਤੇ ਨੌਜਵਾਨਾਂ ਦੀ ਪ੍ਰਤਿਭਾ ਨੂੰ ਪ੍ਰੋਤਸਾਹਤ ਕਰਨਾ – ਅੱਜ ਜਦੋਂ ਨਵੀਂ ਪੀੜ੍ਹੀ ਪੱਛਮੀ ਸਭਿਆਚਾਰ ਦੀ ਜਕੜ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਹੈ – ਇਹ ਪ੍ਰੋਗਰਾਮ ਬਹੁਤ ਲੋੜੀਂਦਾ ਹੈ ਜੋ ਦਿਹਾਤੀ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਅਤੇ ਸਭਿਆਚਾਰ ਦਿਖਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ।

3) ਮਹਾਤਮਾ ਗਾਂਧੀ ਯੁਵਾ ਸਵੱਛਤਾ ਅਭਿਆਨ ਅਤੇ ਸ਼੍ਰਮਦਾਨ ਕਾਰਿਆਕ੍ਰਮ – ਇਹ ਨੌਜਵਾਨਾਂ ਨੂੰ ਸਾਵਧਾਨ ਕਰਨ ਅਤੇ ਸਾਫ-ਸਫਾਈ ਅਭਿਆਨ ਅਤੇ ਪਾਣੀ ਦੀ ਸੰਭਾਲ ਲਈ ਆਪਣਾ ਯੋਗਦਾਨ ਪਾਉਣ ਦੇ ਉਦੇਸ਼ ਨਾਲ ਬਣਾਇਆ ਗਿਆ ਹੈ।

ਦੇਸ਼ ਭਰ ਵਿੱਚ ਅਸਮਾਨਤਾਵਾਂ ਅਤੇ ਨਾਕਾਫੀ ਭਾਗੀਦਾਰੀ ਦੇ ਚੱਲਦਿਆਂ ਕੁੱਝ ਸਮਾਵੇਸ਼ੀ ਪ੍ਰੋਗਰਾਮਾਂ ਵਿੱਚ ਸਰਕਾਰ ਦੀਆਂ ਚੰਗੀਆਂ ਇੱਛਾਵਾਂ ਅਤੇ ਸਮਾਜਕ ਸਮਾਵੇਸ਼ ਉਤੇ ਜ਼ੋਰ ਦੇਣ ਨੂੰ ਉਭਾਰਿਆ ਗਿਆ ਹੈ, ਇਨ੍ਹਾਂ ਵਿੱਚ ਸਮਾਵੇਸ਼ੀ ਵਿਕਾਸ ਨੀਤੀ ਅਹਿਮ ਹੈ।

4) ਕਿਸ਼ੋਰਾਂ ਲਈ ਜੀਵਨ ਹੁਨਰ ਦੀ ਸਿਖਲਾਈ (ਕਿਸ਼ੋਰਾਂ ਦਾ ਸ਼ਕਤੀਕਰਨ) : ਇਹ ਇਕ ਅਹਿਮ ਅਤੇ ਪ੍ਰਮੁੱਖ ਪਹਿਲਕਦਮੀ ਹੈ ਕਿਉਂਕਿ ਇਹ ਮੌਜੂਦਾ ਸਮੇਂ ਨੌਜਵਾਨਾਂ ਦੇ ਮਾਨਸਿਕ ਤੌਰ ਤੇ ਲੀਹੋਂ ਲਹਿਣ ਨੂੰ ਉਭਾਰਦੀ ਹੈ ਅਤੇ ਨੌਜਵਾਨਾਂ ਨੂੰ ਅਜਿਹੇ ਢੰਗ ਨਾਲ ਸਿਖਲਾਈ ਦੇਣ ਦੀ ਗੱਲ ਕਰਦੀ ਹੈ ਜਿਸ ਨਾਲ ਉਹ ਦਬਾਅ ਨੂੰ ਬਰਦਾਸ਼ਤ ਕਰਨ ਅਤੇ ਸਿਹਤਮੰਦ ਜੀਵਨ ਜਿਊਣ ਦੇ ਕਾਬਲ ਹੋ ਜਾਣ। ਇਸ ਯੋਜਨਾ ਦਾ ਉਦੇਸ਼ ਕਿਸ਼ੋਰਾਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਅਤੇ ਪ੍ਰਜਣਨ ਲਿੰਗਕ ਸਿਹਤ ਇਸ ਨਾਲ ਜੁੜੇ ਮੁੱਦਿਆਂ ਅਤੇ ਚਿੰਤਾਵਾਂ ਬਾਰੇ ਜਾਗਰੂਕ ਕਰਨਾ ਵੀ ਹੈ। ਇਸ ਦਾ ਉਦੇਸ਼ ਸਮੱਸਿਆ ਦੇ ਹੱਲ ਲਈ ਉਨ੍ਹਾਂ ਦੀ ਸਮਰੱਥਾ ਨੂੰ ਸਾਂਝੀ ਕਰਕੇ ਆਮ ਸਹਿਮਤੀ ਬਣਾਉਣਾ ਹੈ।

ਭੂਗੋਲਿਕ ਅਤੇ ਸਮਾਜਕ ਰੁਕਾਵਟਾਂ ਨੂੰ ਦੂਰ ਕਰਨਾ – ਦੋ ਯੋਜਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

1) ਕਬਾਇਲੀ ਨੌਜਵਾਨ ਆਦਾਨ ਪ੍ਰਦਾਨ ਯੋਜਨਾ (ਟੀ ਵਾਈ ਈ ਪੀ) : ਇਸ ਦਾ ਉਦੇਸ਼ ਖੱਬੇ ਪੱਖੀ ਅੱਤਵਾਦ ਤੋਂ ਪੀੜਤ ਕਬਾਇਲੀ ਪੱਟੀ ਵਿੱਚੋਂ ਸੰਭਾਵਿਤ ਨੌਜਵਾਨਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੇਸ਼ ਦੇ ਦੂਸਰੇ ਹਿੱਸਿਆਂ ਦਾ ਦੌਰਾ ਕਰਵਾਉਣਾ ਹੈ। ਇਸ ਨਾਲ ਉਨ੍ਹਾਂ ਉਤੇ ਭਾਰੂ ਸਥਾਨਕ ਵਿਚਾਰਧਾਰਾ ਦੇ ਪ੍ਰਭਾਵ ਤੋਂ ਬਿਨਾਂ ਵਿਕਸਤ ਹੋਣ ਅਤੇ ਆਪਣੀ ਸੋਚ ਦਾ ਰਾਸ਼ਟਰੀਕਰਨ ਕਰਨ ਵਿੱਚ ਮਦਦ ਮਿਲੇਗੀ। ਟੀ ਵਾਈ ਈ ਪੀ ਇਕ ਮੌਕਾ ਵੀ ਪ੍ਰਦਾਨ ਕਰਦਾ ਹੈ ਜਿਥੇ ਸੰਬੰਧਿਤ ਕਬਾਇਲੀਗ੍ਰਹਿ ਕਸਬੇ ਵਿੱਚ ਅਨੁਭਵ ਤੋਂ ਸਿੱਖਿਆ ਲੈਣ ਦੀ ਪ੍ਰਥਾ ਚਲਾਈ ਜਾ ਸਕਦੀ ਹੈ ਜਿਥੋਂ ਦੇ ਨੌਜਵਾਨਾਂ ਨੇ ਵਿਕਾਸ, ਬੁਨਿਆਦੀ ਢਾਂਚਾ ਵਿਕਾਸ ਅਤੇ ਹੁਨਰ ਵਿਕਾਸ ਦੇ ਜਾਦੂ ਨੂੰ ਅੱਖੀਂ ਵੇਖਿਆ ਹੈ।

2) ਉੱਤਰ ਪੂਰਬ ਨੌਜਵਾਨ ਆਦਾਨ ਪ੍ਰਦਾਨ ਯੋਜਨਾ : ਨਹਿਰੂ ਯੁਵਾ ਕੇਂਦਰ ਸੰਗਠਨ ਅਧੀਨ ਯੁਵਾ ਮਾਮਲੇ/ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਵਲੋਂ ਇਕ ਸਾਂਝੀ ਕੋਸ਼ਿਸ਼ ਨਾਲ ਉੱਤਰ ਪੂਰਬ ਦੇ ਨੌਜਵਾਨਾਂ ਦੀ ਮਹਾਰਾਸ਼ਟਰ ਦੇ ਨੌਜਵਾਨਾਂ ਨਾਲ ਸਾਂਝ ਭਿਆਲੀ ਪਾ ਕੇ ਸਮਾਜਕ-ਆਰਥਿਕ ਸਮਝ ਅਤੇ ਸੱਭਿਆਚਾਰਕ ਤੌਰ ਤੇ ਭਿੰਨ ਜੀਵਨ ਜਾਚ ਦੀਆਂ ਕਦਰਾਂ-ਕੀਮਤਾਂ ਵਿਕਸਤ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ।

ਆਪਣੀ ਤਰ੍ਹਾਂ ਦੇ ਪਹਿਲੇ ਯਤਨ ਤਹਿਤ, ਤਾਮਿਲਨਾਡੂ ਦੇ ਸ਼੍ਰੀ ਪੇਰੰਮਬਟੂਰ ਨੇ 'ਰਾਸ਼ਟਰੀ ਮਹੱਤਵ ਦੇ ਇਕ ਸਬੰਸਥਾਨ' ਦੀ ਸਥਾਪਨਾ ਦੇ ਕੀਰਤੀਮਾਨ ਨੂੰ ਸਾਕਾਰ ਹੁੰਦਿਆਂ ਵੇਖਿਆ ਜਿਸ ਨੂੰ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਅਧੀਨ ਵਿਕਸਤ ਕੀਤਾ ਗਿਆ ਹੈ।

2012 ਦੇ ਐਕਟ ਦੇ ਲਾਗੂ ਹੋਣ ਨਾਲ ਰਾਜੀਵ ਗਾਂਧੀ ਨੈਸ਼ਨਲ ਇੰਸਟੀਚਿਊਟ ਆਫ ਯੂਥ ਡਿਵੈਲਪਮੈਂਟ ਦੀ ਸਥਾਪਨਾ ਕੀਤੀ ਗਈ। ਇਸ ਦਾ ਉਦੇਸ਼ ਆਪਣੇ ਆਪ ਨੂੰ 'ਵਿਸ਼ਵ ਪੱਧਰ ਉਤੇ ਮਾਨਤਾ ਪ੍ਰਾਪਤ ਅਤੇ ਵਿੱਦਿਅਕ ਉੱਤਮਤਾ ਦੇ ਨਾਮੀ ਕੇਂਦਰ ਵਜੋਂ, ਨੌਜਵਾਨੀ ਦੇ ਵਿਕਾਸ ਦੇ ਖੇਤਰ ਵਿੱਚ ਸਥਾਪਤ ਕਰਨਾ ਹੈ।" ਇਸ ਵਿੱਚ ਵੱਖ-ਵੱਖ ਵਿੱਦਿਅਕ ਪ੍ਰੋਗਰਾਮ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚ ਐੱਮ ਐੱਸ ਸੀ ਵਿੱਚ ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮ ਪ੍ਰਮੁੱਖ ਹਨ। ਸਲਾਹ ਮਸ਼ਵਰਾ ਮਨੋਵਿਗਿਆਨ ਅੰਦਰ ਸਮਾਜਕ ਖੋਜ ਅਤੇ ਉੱਦਮਤਾ ਵਿੱਚ ਐੱਮ ਏ, ਲਿੰਗਕ ਅਧਿਐਨ ਵਿੱਚ ਐੱਮ ਏ, ਵਿਕਾਸ ਨੀਤੀ ਅਤੇ ਪ੍ਰਥਾ ਆਦਿ ਵਿੱਚ ਐੱਮ ਏ ਕਰਵਾਈ ਜਾਂਦੀ ਹੈ। ਇਥੇ ਡਾਕਟਰੇਟ ਡਿਗਰੀ ਕਰਨ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ ਜੋ ਅੰਤਰ-ਅਨੁਸ਼ਾਸਨਾਤਮਕ ਤਰੀਕੇ ਨਾਲ ਨੌਜਵਾਨਾਂ ਦੇ ਵਿਸ਼ੇ ਨਾਲ ਸੰਬੰਧਿਤ ਹੁੰਦੀ ਹੈ।

ਆਰਥਿਕ ਤੌਰ ਤੇ ਵਿਹਾਰਕ, ਸਮਾਜਕ ਤੌਰ ਤੇ ਭਰੋਸੇਯੋਗ ਅਤੇ ਸਰਲਤਾ ਨਾਲ ਉਪਲਬਧ ਕਰਵਾਉਣ ਦੇ ਵਿਚਾਰ ਨਾਲ – ਸਰਕਾਰ ਵਲੋਂ ਵੱਖ-ਵੱਖ ਸ਼ਹਿਰਾਂ ਵਿੱਚ ਯੂਥ ਹੋਸਟਲਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਇਤਿਹਾਸਕ ਅਤੇ ਸੱਭਿਆਚਾਰਕ ਤੌਰ ਤੇ ਪ੍ਰਸਿੱਧ ਸਥਾਨ ਅਤੇ ਸੈਰਸਪਾਟੇ ਦੇ ਕੇਂਦਰ ਹਨ। ਇਥੇ ਪੂਰੀ ਬਿਜਲੀ ਅਤੇ ਪਾਣੀ ਉਪਲਬਧ ਕਰਵਾਇਆ ਜਾਂਦਾ ਹੈ। ਇਸ ਦਾ ਮਕਸਦ ਰਾਸ਼ਟਰੀ ਤੌਰ ਤੇ ਭਿੰਨਤਾ ਵਾਲੇ ਸਭਿਆਚਾਰ ਦੇ ਰਹਿਣ-ਸਹਿਣ ਦਾ ਅਨੁਭਵ ਕਰਵਾਉਣ ਅਤੇ ਪਹੁੰਚ ਯੋਗ ਰਿਹਾਇਸ਼ ਪ੍ਰਦਾਨ ਕਰਕੇ ਸੰਵਾਦ ਦਾ ਮੌਕਾ ਪ੍ਰਦਾਨ ਕਰਨ ਦਾ ਹੈ।

ਸਰਕਾਰ ਨੇ ਵੱਖ-ਵੱਖ ਸਾਧਨਾਂ ਰਾਹੀਂ ਹਰੇਕ ਨੌਜਵਾਨ ਦੀ ਯੋਗਤਾ ਅਤੇ ਸਮਰੱਥਾ ਨੂੰ ਬਾਹਰ ਲਿਆਉਣ ਦਾ ਯਤਨ ਕੀਤਾ ਹੈ ਜੋ ਨਾ ਸਿਰਫ ਵਿਅਕਤਿਤਵ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ ਸਗੋਂ ਇਕ ਉੱਭਰਦੀ ਹੋਈ ਰਾਸ਼ਟਰੀ ਵਿਸ਼ਵ ਆਵਾਜ਼ ਦੇ ਬੰਧਨ ਵਿੱਚ ਵੀ ਬੰਨ੍ਹਦਾ ਹੈ। ਬਦਲ ਰਹੇ ਨੌਜਵਾਨ ਗਿਆਨਵਾਨ, ਚੇਤੰਨ ਅਤੇ ਤਾਲਮੇਲ ਵਾਲੀ ਦੁਨੀਆਂ ਦੇ ਮਸ਼ਾਲਚੀ ਹੋਣਗੇ।

ਨੌਜਵਾਨਾਂ ਦੇ ਮਹੱਤਵ ਅਤੇ ਇਸ ਦੇ ਅਗੰਮੀ ਜਜ਼ਬੇ ਬਾਰੇ ਚਰਚਾ ਨੂੰ ਸਮੇਟਣ ਲਈ ਸਵਾਮੀ ਵਿਵੇਕਾਨੰਦ ਦੇ ਸ਼ਬਦ ਸੱਚੇ ਤੇ ਢੁੱਕਵੇਂ ਹੋਣਗੇ, "ਉਠੋ ! ਜਾਗੋ ! ਅਤੇ ਉਦੋਂ ਤੱਕ ਨਾ ਰੁਕੋ ਜਦੋਂ ਤੱਕ ਮੰਜ਼ਲ ਹਾਸਲ ਨਾ ਹੋ ਜਾਏ।"

*(ਲੇਖਕ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡਾਂ ਬਾਰੇ ਮੰਤਰਾਲੇ ਵਿੱਚ ਯੁਵਾ ਮਾਮਲਿਆਂ ਬਾਰੇ ਸਕੱਤਰ ਹਨ।)*

*e-mail :secy-ya@nic.in*

# ਨੌਕਰੀਆਂ ਪੈਦਾ ਕਰਨਾ : ਵੰਗਾਰਾਂ ਅਤੇ ਅਗਲੇਰੇ ਰਾਹ

ਅਲਖ ਐੱਨ ਸ਼ਰਮਾ, ਬਲਵੰਤ ਸਿੰਘ ਮਹਿਤਾ

ਭਾਰਤ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਨੌਜਵਾਨਾਂ ਦੀ ਜਨਸੰਖਿਆ ਹੈ ਜੋ ਦੁਨੀਆਂ ਦੇ ਕੁੱਲ ਨੌਜਵਾਨਾਂ ਦੀ ਵਸੋਂ ਦਾ ਪੰਜਵਾਂ ਹਿੱਸਾ ਬਣਦੀ ਹੈ। ਜੇ ਭਾਰਤੀ ਨੌਜਵਾਨਾਂ ਨੂੰ ਢੁੱਕਵੀਂ ਤਰ੍ਹਾਂ ਕਿਰਤ ਬਾਜ਼ਾਰ ਵਿੱਚ ਜਜ਼ਬ ਕੀਤਾ ਜਾਵੇ ਤਾਂ ਉਹ ਉੱਚ ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਭਾਰਤ ਦੀ ਅਧਿਉਂ ਵੱਧ ਜਨਸੰਖਿਆ (60.3 ਪ੍ਰਤਿਸ਼ਤ) 15-59 ਵਰ੍ਹਿਆਂ ਦੀ 'ਕੰਮਕਾਜੀ' ਸ਼੍ਰੇਣੀ ਵਿੱਚ ਆਉਂਦੀ ਹੈ ਅਤੇ ਲਗਭਗ ਇਕ ਚੌਥਾਈ (27.5 ਪ੍ਰਤਿਸ਼ਤ) 15-29 ਸਾਲਾਂ ਦੇ 'ਨੌਜਵਾਨ' ਵਰਗ ਵਿੱਚ ਸ਼ੁਮਾਰ ਹੁੰਦੀ ਹੈ (ਭਾਰਤ ਦੀ ਮਰਦਮਸ਼ੁਮਾਰੀ 2011)। ਭਾਰਤ ਵਿੱਚ ਨੌਜਵਾਨਾਂ ਦੀ ਵਸੋਂ ਸਾਲਾਨਾ ਉੱਚ ਦਰ (2 ਪ੍ਰਤਿਸ਼ਤ) ਨਾਲ ਵਧੀ ਹੈ ਜਦ ਕਿ ਜਨਸੰਖਿਆ ਵਾਧੇ ਦੀ ਕੁੱਲ ਦਰ 2001-2011 ਦਰਮਿਆਨ 1.6 ਪ੍ਰਤਿਸ਼ਤ ਰਹੀ ਹੈ। ਸਿੱਟੇ ਵਜੋਂ, ਭਾਰਤ ਹਰੇਕ ਸਾਲ 10 ਮਿਲੀਅਨ ਨੌਜਵਾਨ ਵਿਅਕਤੀ ਕਿਰਤ ਬਾਜ਼ਾਰ ਨਾਲ ਜੋੜਦਾ ਹੈ। ਇਸ ਪ੍ਰਕਾਰ ਦੇਸ਼ ਇਕ ਨੌਜਵਾਨ ਉਭਾਰ ਵੇਖ ਰਿਹਾ ਹੈ। ਜੋ ਦੇਸ਼ ਦੇ ਉੱਤਰੀ ਅਤੇ ਪੂਰਬੀ ਪਛੜੇ ਰਾਜਾਂ ਵਿੱਚ ਜ਼ਿਆਦਾ ਨਜ਼ਰ ਆ ਰਿਹਾ ਹੈ। ਪਰ ਹਰੇਕ ਸਾਲ ਪੈਦਾ ਹੋ ਰਹੀਆਂ ਨੌਕਰੀਆਂ ਦੀ ਸੰਖਿਆ, ਨੌਜਵਾਨਾਂ ਦੀ ਇਸ ਵਧਦੀ ਹੋਈ ਵਸੋਂ ਨੂੰ ਕਿਰਤ ਬਾਜ਼ਾਰ ਵਿੱਚ ਜਜ਼ਬ ਕਰਨ ਲਈ ਨਾਕਾਫੀ ਹੈ। ਭਾਰਤ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਰੋਜ਼ਗਾਰ ਨਿਰਮਾਣ ਦੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਵੇਂ ਕਿ ਪ੍ਰਧਾਨ ਮੰਤਰੀ ਰੋਜ਼ਗਾਰ ਨਿਰਮਾਣ ਪ੍ਰੋਗਰਾਮ (ਪੀ ਐੱਮ ਈ ਜੀ ਪੀ), ਸਵਰਨ ਜਯੰਤੀ ਗ੍ਰਾਮ ਸਵੈਰੋਜ਼ਗਾਰ ਯੋਜਨਾ (ਐੱਸ ਜੀ ਐੱਸ ਵਾਈ), ਸਵਰਨ ਜਯੰਤੀ ਸ਼ਹਿਰੀ ਰੋਜ਼ਗਾਰ ਯੋਜਨਾ (ਐੱਸ ਜੇ ਐੱਸ ਆਰ ਵਾਈ), ਮੇਕ ਇਨ ਇੰਡੀਆ ਅਤੇ ਸਕਿੱਲ ਇੰਡੀਆ। ਇਸ ਸੰਖੇਪ ਪਰਚੇ ਵਿੱਚ ਦੇਸ਼ ਅੰਦਰ ਨੌਜਵਾਨਾਂ ਲਈ ਰੋਜ਼ਗਾਰ ਨਿਰਮਾਣ ਦੀਆਂ ਚੋਣੌਤੀਆਂ ਦੇ ਆਯਾਮਾਂ ਦਾ ਚਿੱਤਰਣ ਕੀਤਾ ਗਿਆ ਹੈ ਅਤੇ ਸਰਕਾਰ ਵਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਇਕ ਝਾਤ ਵੀ ਪਾਈ ਜਾ ਰਹੀ ਹੈ। ਇਸ ਪਰਚੇ ਵਿੱਚ ਵਰਤੇ ਗਏ ਅੰਕੜੇ, ਭਾਰਤ ਸਰਕਾਰ ਦੇ ਕਿਰਤ ਬਿਓਰੋ ਵਲੋਂ 2015-16 ਵਿੱਚ ਕਰਵਾਏ ਰੋਜ਼ਗਾਰ ਸਰਵੇਖਣਾਂ ਤੋਂ ਲਏ ਗਏ ਹਨ। ਭਾਵੇਂ ਕਿ ਆਮ ਤੌਰ ਤੇ ਨੌਜਵਾਨ ਵਸੋਂ ਵਿੱਚ 15-29 ਸਾਲ ਦੇ ਵਿਅਕਤੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਇਸ ਪਰਚੇ ਵਿੱਚ ਅਸੀਂ 18-29 ਸਾਲਾਂ ਦੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਹੈ। ਅਜਿਹਾ ਇਸ ਲਈ ਕਿਉਂਕਿ 15-17 ਸਾਲ ਉਮਰ ਵਰਗ ਦੇ ਬਹੁਤ ਘੱਟ ਵਿਅਕਤੀ ਕਿਰਤ ਬਾਜ਼ਾਰ ਵਿੱਚ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਇਸ ਪ੍ਰਕਾਰ ਰੋਜ਼ਗਾਰ ਦੀ ਚੁਨੌਤੀ ਜ਼ਿਆਦਾਤਰ 18-29 ਸਾਲਾਂ ਦੇ ਨੌਜਵਾਨਾਂ ਨਾਲ ਸੰਬੰਧਿਤ ਹੁੰਦੀ ਹੈ।

## ਕਾਮਿਆਂ ਦੀ ਭਾਗੀਦਾਰੀ ਦਰ

ਕਾਮਿਆਂ ਦੀ ਭਾਗੀਦਾਰੀ ਦਰ (ਡਬਲਯੂ ਪੀ ਆਰ) ਕਾਮਿਆਂ/ਰੋਜ਼ਗਾਰ ਹੇਠਲੇ ਵਿਅਕਤੀਆਂ ਦਾ ਕੁੱਲ ਵਸੋਂ ਨਾਲ ਅਨੁਪਾਤ ਨੂੰ ਦਰਸਾਉਂਦੀ ਹੈ। 2015-16 ਵਿੱਚ ਨੌਜਵਾਨਾਂ ਲਈ ਡਬਲਯੂ ਪੀ ਆਰ 39.2 ਸੀ ਜਦ ਕਿ ਜ਼ਿਆਦਾ ਉਮਰ ਵਰਗ (30 ਸਾਲ ਅਤੇ ਵੱਧ) ਲਈ ਡਬਲਯੂ ਪੀ ਆਰ 57.3 ਸੀ (ਤਾਲਿਕਾ-1)। ਇਹ ਆਸ ਮੁਤਾਬਕ ਹੀ ਹੈ ਕਿਉਂਕਿ 18-29 ਸਾਲਾਂ ਦੇ ਵਿਅਕਤੀਆਂ ਦਾ ਵੱਡਾ ਅਨੁਪਾਤ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਦਾ ਹੈ। ਤਾਲਿਕਾ-1 ਤੋਂ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਪੇਂਡੂ ਖੇਤਰਾਂ ਵਿੱਚ ਡਬਲਯੂ ਪੀ ਆਰ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਕਿਤੇ ਵੱਧ ਹੈ। 18-29 ਸਾਲਾਂ ਦੀਆਂ ਨੌਜਵਾਨ ਔਰਤਾਂ ਦੇ ਮੁਕਾਬਲੇ ਨੌਜਵਾਨ ਪੁਰਸ਼ਾਂ ਦੀ ਡਬਲਯੂ ਪੀ ਆਰ 3.5 ਗੁਣਾ ਜ਼ਿਆਦਾ ਹੈ।

18-29 ਸਾਲ 2/5 ਹਿੱਸਾ ਕਾਮੇ ਸਵੈ-ਰੋਜ਼ਗਾਰ ਵਾਲੇ ਸਨ ਜਦ ਕਿ 30 ਸਾਲ ਤੋਂ ਵੱਧ ਉਮਰ ਦੇ ਲਗਭਗ ਅੱਧੇ ਵਿਅਕਤੀ ਆਪਣਾ ਰੋਜ਼ਗਾਰ ਚਲਾ ਰਹੇ ਸਨ (ਤਾਲਿਕਾ-2)। ਤਾਲਿਕਾ-2 ਤੋਂ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਨੌਜਵਾਨ ਨਿਯਮਤ ਅਤੇ ਕੱਚੇ ਦਿਹਾੜੀਦਾਰ ਕਾਮਿਆਂ ਦੇ ਤੌਰ ਤੇ ਕਿਰਤ ਬਾਜ਼ਾਰ ਵਿੱਚ ਸ਼ਾਮਲ ਹੋ ਰਹੇ ਹਨ। ਇਹ ਰੁਝਾਨ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਵੇਖਿਆ ਜਾ ਰਿਹਾ ਹੈ।

## ਉਦਯੋਗਿਕ ਵੰਡ

ਕਾਮਿਆਂ ਦੀ ਉਦਯੋਗਿਕ ਵੰਡ ਦਰਸਾਉਂਦੀ

ਤਾਲਿਕਾ-1 : ਕੰਮ ਭਾਗੀਦਾਰੀ ਦਰ (ਯੂ ਪੀ ਐੱਸ) ਉਮਰ ਵਰਗ ਵਲੋਂ, 2015-16

| ਖੇਤਰ | 15-17 ਸਾਲ | | | 18-29 ਸਾਲ | | | 30+ ਸਾਲ | | |
|---|---|---|---|---|---|---|---|---|---|
| | ਪੁਰਸ਼ | ਔਰਤ | ਵਿਅਕਤੀ | ਪੁਰਸ਼ | ਔਰਤ | ਵਿਅਕਤੀ | ਪੁਰਸ਼ | ਔਰਤ | ਵਿਅਕਤੀ |
| ਪੇਂਡੂ | 11.1 | 4.3 | 8.0 | 63.1 | 19.1 | 42.3 | 89.0 | 29.8 | 60.1 |
| ਸ਼ਹਿਰੀ | 4.0 | 1.4 | 2.8 | 48.6 | 11.8 | 30.7 | 82.6 | 16.7 | 50.4 |
| ਕੁੱਲ | 9.3 | 3.6 | 6.7 | 59.3 | 17.1 | 39.2 | 87.1 | 26.0 | 57.3 |

*ਸਰੋਤ : ਕਿਰਤ ਬਿਊਰੋ, ਨੌਜਵਾਨ ਰੋਜ਼ਗਾਰ ਅਤੇ ਬੇਰੋਜ਼ਗਾਰੀ ਦੇ ਦ੍ਰਿਸ਼ ਬਾਰੇ ਰਿਪੋਰਟ ਜਿਲਦ 2, 2015-16 ਭਾਰਤ ਸਰਕਾਰ*

| ਤਾਲਿਕਾ-2 : ਵੱਖ-ਵੱਖ ਉਮਰ ਵਰਗਾਂ ਦੇ ਕਾਮਿਆਂ (ਯੂ ਪੀ ਐੱਸ) ਦੀ ਸਰਗਰਮੀ ਵਾਰ ਵੰਡ, 2015-16 | | | | | | | | | |
|---|---|---|---|---|---|---|---|---|---|
| | 15-17 ਸਾਲ | | | 18-29 ਸਾਲ | | | 30 ਸਾਲ ਅਤੇ ਉਪਰ | | |
| | ਪੇਂਡੂ | ਸ਼ਹਿਰੀ | ਪੇਂਡੂ+ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ+ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ+ਸ਼ਹਿਰੀ |
| ਸਵੈ-ਰੋਜ਼ਗਾਰ ਵਾਲੇ | 40.8 | 30.9 | 39.7 | 40.5 | 33.3 | 39.0 | 51.2 | 43.4 | 49.2 |
| ਉਜਰਤ/ਤਨਖ਼ਾਹਦਾਰ ਕਰਮਚਾਰੀ | 5.1 | 18.9 | 6.5 | 14.1 | 37.6 | 19.0 | 10.5 | 33.8 | 16.5 |
| ਠੇਕਾ ਕਾਮੇ | 3.6 | 7.7 | 4.0 | 4.6 | 8.4 | 5.4 | 2.4 | 4.9 | 3.0 |
| ਕੱਚੇ ਕਾਮੇ | 50.6 | 42.6 | 49.7 | 40.8 | 20.7 | 36.6 | 35.9 | 17.9 | 31.0 |
| ਕੁੱਲ | 100 | 100 | 100 | 100 | 100 | 100 | 100 | 100 | 100 |

*ਸਰੋਤ : ਕਿਰਤ ਬਿਊਰੋ ਦੀ ਨੌਜਵਾਨ ਰੋਜ਼ਗਾਰ ਅਤੇ ਬੇਰੋਜ਼ਗਾਰੀ ਦ੍ਰਿਸ਼ ਬਾਰੇ ਰਿਪੋਰਟ, ਜਿਲਦ-2, 2015-16, ਭਾਰਤ ਸਰਕਾਰ*

ਹੈ ਕਿ 18-29 ਸਾਲ ਉਮਰ ਦੇ ਜ਼ਿਆਦਾਤਰ ਵਿਅਕਤੀ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਵਿੱਚ ਲੱਗੇ ਹੋਏ ਹਨ (38.1 ਪ੍ਰਤਿਸ਼ਤ), ਇਸ ਦੇ ਬਾਅਦ ਵਪਾਰ, ਹੋਟਲ ਅਤੇ ਰੈਸਤਰਾਂ (19.4 ਪ੍ਰਤਿਸ਼ਤ), ਉਸਾਰੀ (15.1 ਪ੍ਰਤਿਸ਼ਤ), ਨਿਰਮਾਣ (13.1 ਪ੍ਰਤਿਸ਼ਤ) ਅਤੇ ਦੂਜੀਆਂ ਸੇਵਾਵਾਂ ਵਿੱਚ ਕਾਰਜਰਤ ਹਨ। 30 ਸਾਲ ਅਤੇ ਵੱਧ ਉਪਰ ਵਰਗ ਸਮੂਹ ਨਾਲ ਤੁਲਨਾ ਦਿਖਾਉਂਦੀ ਹੈ ਕਿ ਨੌਜਵਾਨ ਵਿਅਕਤੀ ਗ਼ੈਰ ਖੇਤੀ ਖੇਤਰਾਂ ਜਿਵੇਂ ਉਸਾਰੀ, ਨਿਰਮਾਣ, ਵਪਾਰ ਅਤੇ ਸੰਬੰਧਿਤ ਗਤੀਵਿਧੀਆਂ ਅੰਦਰ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਰਹੇ ਹਨ। ਖੇਤੀਬਾੜੀ ਤੋਂ ਇਹ ਬਦਲਾਅ ਮੁੱਖ ਤੌਰ ਤੇ ਇਸ ਕਰਕੇ ਹੈ ਕਿ ਖੇਤੀਬਾੜੀ ਜ਼ਿਆਦਾ ਕਿਰਤੀਆਂ ਨੂੰ ਜਜ਼ਬ ਨਹੀਂ ਕਰ ਪਾ ਰਹੀ ਕਿਉਂਕਿ ਇਹ ਨਵੇਂ ਕਾਮਿਆਂ ਨੂੰ ਲਾਭਕਾਰੀ ਨੌਕਰੀਆਂ ਨਹੀਂ ਦਿੰਦੀ ਜਿਨ੍ਹਾਂ ਦੀ ਸਿੱਖਿਆ ਯੋਗਤਾ ਬੇਹਰਤ ਹੁੰਦੀ ਹੈ।

| ਤਾਲਿਕਾ-3 : ਵੱਖ-ਵੱਖ ਉਮਰ ਸਮੂਹਾਂ ਦੀ ਸਰਗਰਮੀ ਵਾਰ ਵੰਡ (ਯੂ ਪੀ ਐੱਸ), 2015-16 | | | |
|---|---|---|---|
| ਉਦਯੋਗ | 15-17 ਸਾਲ | 18-19 ਸਾਲ | 30+ ਸਾਲ |
| ਖੇਤੀਬਾੜੀ ਅਤੇ ਸਹਾਇਕ ਧੰਦੇ | 53.4 | 38.1 | 47.2 |
| ਖਾਣਾ ਅਤੇ ਖੁਦਾਈ | 1.9 | 0.9 | 1.1 |
| ਨਿਰਮਾਣ | 14.5 | 13.2 | 9.6 |
| ਬਿਜਲੀ, ਗੈਸ ਅਤੇ ਜਲ ਪੂਰਤੀ | 0.2 | 0.6 | 0.6 |
| ਉਸਾਰੀ | 14.8 | 15.1 | 10.0 |
| ਵਪਾਰ, ਹੋਟਲ ਅਤੇ ਰੈਸਤਰਾਂ | 12.2 | 19.4 | 17.5 |
| ਆਵਾਜਾਈ, ਭੰਡਾਰਣ ਅਤੇ ਸੰਚਾਰ | 1.1 | 3.7 | 3.9 |
| ਵਿੱਤ, ਬੀਮਾ, ਜ਼ਮੀਨ ਜਾਇਦਾਦ ਅਤੇ ਵਪਾਰਕ ਸੇਵਾਵਾਂ | 1.4 | 8.3 | 9.2 |
| ਭਾਈਚਾਰਕ, ਸਮਾਜਕ ਅਤੇ ਨਿੱਜੀ ਸੇਵਾਵਾਂ | 0.6 | 0.7 | 0.8 |
| ਕੁੱਲ | 100.0 | 100.0 | 100.0 |

*ਸਰੋਤ : ਨੌਜਵਾਨ ਰੋਜ਼ਗਾਰ ਅਤੇ ਬੇਰੋਜ਼ਗਾਰੀ ਦੇ ਦ੍ਰਿਸ਼ ਬਾਰੇ ਰਿਪੋਰਟ, ਜਿਲਦ-2, 2015-16*

| ਤਾਲਿਕਾ-4 : ਉਮਰ ਸਮੂਹ ਦੇ ਹਿਸਾਬ ਨਾਲ ਬੇਰੋਜ਼ਗਾਰੀ ਦਰ (ਡੀ ਯੂ ਐੱਸ) 2015-16 | | | | | | | | | |
|---|---|---|---|---|---|---|---|---|---|
| ਖੇਤਰ | 15-17 ਸਾਲ | | | 18-29 ਸਾਲ | | | 30+ ਸਾਲ | | |
| | ਪੁਰਸ਼ | ਔਰਤਾਂ | ਵਿਅਕਤੀ | ਪੁਰਸ਼ | ਔਰਤਾਂ | ਵਿਅਕਤੀ | ਪੁਰਸ਼ | ਔਰਤਾਂ | ਵਿਅਕਤੀ |
| ਪੇਂਡੂ | 18.4 | 22.8 | 19.5 | 11.2 | 17.9 | 12.7 | 0.9 | 3.7 | 1.6 |
| ਸ਼ਹਿਰੀ | 22.1 | 21.4 | 22.0 | 11.5 | 27.9 | 15.1 | 0.7 | 5.3 | 1.5 |
| ਕੁੱਲ | 18.8 | 22.7 | 19.8 | 11.3 | 20.0 | 13.2 | 0.9 | 4.0 | 1.6 |

*ਸਰੋਤ : ਕਿਰਤ ਬਿਊਰੋ, ਨੌਜਵਾਨ ਰੋਜ਼ਗਾਰ ਅਤੇ ਬੇਰੋਜ਼ਗਾਰੀ ਦੇ ਦ੍ਰਿਸ਼ ਬਾਰੇ ਰਿਪੋਰਟ ਜਿਲਦ 2, 2015-16 ਭਾਰਤ ਸਰਕਾਰ*

## ਬੇਰੋਜ਼ਗਾਰੀ ਦਰ

ਬੇਰੋਜ਼ਗਾਰੀ ਦਰ ਉਨ੍ਹਾਂ ਵਿਅਕਤੀਆਂ ਦਾ ਅਨੁਪਾਤ ਹੁੰਦਾ ਹੈ ਜੋ ਕੰਮ ਕਰਨ ਲਈ ਉਪਲਬਧ ਹੁੰਦੇ ਹਨ ਪਰ ਉਨ੍ਹਾਂ ਨੂੰ ਕੰਮ ਮਿਲਦਾ ਨਹੀਂ ਅਤੇ ਜੋ ਹਾਲੇ ਵੀ ਕੰਮ ਦੀ ਭਾਲ ਕਰ ਰਹੇ ਹਨ। 2015-16 ਦੌਰਾਨ 18-29 ਸਾਲ ਨੌਜਵਾਨਾਂ ਦੀ ਬੇਰੋਜ਼ਗਾਰੀ ਦਰ 13.2 ਪ੍ਰਤਿਸ਼ਤ ਸੀ (ਤਾਲਿਕਾ-3), ਜੋ 30+ ਸਾਲਾਂ ਦੇ ਕਾਮਿਆਂ ਦੀ ਬੇਰੋਜ਼ਗਾਰੀ ਦਰ (1.6 ਪ੍ਰਤਿਸ਼ਤ) ਨਾਲੋਂ 8 ਗੁਣਾ ਜ਼ਿਆਦਾ ਸੀ। ਨੌਜਵਾਨ ਵਰਗ ਵਿੱਚ ਨੌਜਵਾਨ ਔਰਤਾਂ ਦੀ ਬੇਰੋਜ਼ਗਾਰੀ ਦਰ 20.0 ਪ੍ਰਤਿਸ਼ਤ ਸੀ ਜੋ ਨੌਜਵਾਨ ਪੁਰਸ਼ਾਂ (11.3 ਪ੍ਰਤਿਸ਼ਤ) ਨਾਲੋਂ ਲਗਭਗ ਦੁੱਗਣੀ ਹੈ। ਦਿਹਾਤੀ ਖੇਤਰਾਂ ਨਾਲੋਂ ਸ਼ਹਿਰੀ ਖੇਤਰਾਂ ਦੀ ਬੇਰੋਜ਼ਗਾਰੀ ਦਰ ਵੱਧ ਹੈ। ਸ਼ਹਿਰੀ ਖੇਤਰਾਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਬੇਰੋਜ਼ਗਾਰੀ ਦਰ ਵੱਧ ਹੈ। ਸ਼ਹਿਰੀ ਖੇਤਰਾਂ ਦੀਆਂ ਨੌਜਵਾਨ ਔਰਤਾਂ ਦੀ ਬੇਰੋਜ਼ਗਾਰੀ ਦਰ ਖ਼ਤਰੇ ਦੀ ਹੱਦ ਤੱਕ ਜ਼ਿਆਦਾ 28 ਪ੍ਰਤਿਸ਼ਤ ਹੈ (ਨੌਜਵਾਨ ਪੁਰਸ਼ਾ ਲਈ ਇਹ 11.5 ਪ੍ਰਤਿਸ਼ਤ ਸੀ)। ਇਹ ਨੋਟ ਕਰਨਾ ਵੀ ਮਹੱਤਵਪੂਰਨ ਹੋਵੇਗਾ ਕਿ ਭਾਵੇਂ 15-17 ਸਾਲ ਉਮਰ ਵਰਗ ਦੇ ਬਹੁਤ ਘੱਟ ਅਨੁਪਾਤ ਵਾਲੇ ਵਿਅਕਤੀ ਰੋਜ਼ਗਾਰ ਦੀ ਭਾਲ ਵਿੱਚ ਹਨ, ਪਰ ਇਸ ਸਮੂਹ ਲਈ ਬੇਰੋਜ਼ਗਾਰੀ ਦਰ 18-29 ਸਾਲ ਦੇ ਵਿਅਕਤੀਆਂ ਜਿੰਨੀ ਹੀ ਜ਼ਿਆਦਾ ਹੈ। ਪੇਂਡੂ ਅਤੇ ਸ਼ਹਿਰੀ ਅਤੇ ਮਰਦਾਂ ਅਤੇ ਔਰਤਾਂ ਲਈ ਸਥਿਤੀ ਇਕੋ ਜਿਹੀ ਹੈ।

ਪੜ੍ਹੇ-ਲਿਖੇ ਨੌਜਵਾਨਾਂ ਦਰਮਿਆਨ ਬੇਰੋਜ਼ਗਾਰੀ ਲਗਾਤਾਰ ਵਧਦੀ ਜਾ ਰਹੀ ਹੈ ਕਿਉਂਕਿ ਸਿੱਖਿਆ ਦੇ ਪੱਧਰ ਵਿੱਚ ਵਾਧਾ ਹੋਣ ਨਾਲ ਨੌਜਵਾਨਾਂ ਦਰਮਿਆਨ ਬੇਰੋਜ਼ਗਾਰੀ ਦਾ ਪੱਧਰ ਵਧ ਜਾਂਦਾ ਹੈ (ਤਾਲਿਕਾ-4)। ਅੰਡਰ ਗ੍ਰੈਜੂਏਟ ਪੱਧਰ ਦੇ ਸਰਟੀਫਿਕੇਟ ਕੋਰਸ ਜਾਂ ਗ੍ਰੈਜੂਏਟ ਪੱਧਰ ਤੇ ਡਿਪਲੋਮਾ ਧਾਰਕ ਨੌਜਵਾਨਾਂ ਦੀ ਬੇਰੋਜ਼ਗਾਰੀ ਦਰ 23 ਪ੍ਰਤਿਸ਼ਤ ਹੈ ਜੋ ਗ੍ਰੈਜੂਏਟ ਡਿਗਰੀ ਮੁਕੰਮਲ ਕਰਨ ਵਾਲਿਆਂ ਜਾਂ ਇਸ ਤੋਂ ਉੱਪਰ ਪੜ੍ਹਾਈ ਕਰਨ ਵਾਲਿਆਂ ਲਈ ਵਧ ਕੇ ਲਗਭਗ 35 ਪ੍ਰਤਿਸ਼ਤ ਹੋ ਜਾਂਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੋਵੇਗਾ ਕਿ ਪੁਰਸ਼ ਸਹਿਕਰਮੀਆਂ

ਤਾਲਿਕਾ-5 : ਸਿੱਖਿਆ ਦੇ ਪੱਧਰ ਅਤੇ ਉਮਰ ਸਮੂਹ ਦੇ ਹਿਸਾਬ ਨਾਲ ਬੇਰੋਜ਼ਗਾਰੀ ਦੀ ਦਰ (ਯੂ ਪੀ ਐੱਸ, 2015-16

| ਸਿੱਖਿਆ | 18-29 ਸਾਲ | | | 30+ ਸਾਲ | | |
|---|---|---|---|---|---|---|
| | ਪੁਰਸ਼ | ਔਰਤਾਂ | ਵਿਅਕਤੀ | ਪੁਰਸ਼ | ਔਰਤਾਂ | ਵਿਅਕਤੀ |
| ਅਨਪੜ੍ਹ | 4.0 | 6.2 | 4.9 | 0.6 | 3.0 | 2.2 |
| ਪ੍ਰਾਇਮਰੀ ਤੋਂ ਘੱਟ | 4.8 | 5.8 | 5.1 | 0.6 | 1.9 | 1.6 |
| ਪ੍ਰਾਇਮਰੀ | 5.5 | 8.0 | 6.2 | 0.6 | 2.3 | 1.0 |
| ਮਿਡਲ/ਸੈਕੰਡਰੀ/ਹਾਇਰ | 9.2 | 17.1 | 10.4 | 0.7 | 4.8 | 1.6 |
| ਅੰਡਰ ਗ੍ਰੈਜੂਏਟ ਪੱਧਰ ਉਤੇ ਸਰਟੀਫਿਕੇਟ ਕੋਰਸ | 21.3 | 31.3 | 23.5 | 0.6 | 11.2 | 2.4 |
| ਗ੍ਰੈਜੂਏਟ ਪੱਧਰ ਉਤੇ ਡਿਪਲੋਮਾ | 20.9 | 33.1 | 23.0 | 1.0 | 7.6 | 1.4 |
| ਗ੍ਰੈਜੂਏਟ ਅਤੇ ਵੱਧ | 29.7 | 47.7 | 34.8 | 2.3 | 13.5 | 6.2 |
| ਸਾਰੇ | 11.3 | 20.0 | 13.2 | 0.9 | 4.0 | 1.6 |

*ਸਰੋਤ : ਕਿਰਤ ਬਿਓਰੋ ਦੀ ਨੌਜਵਾਨਾਂ ਦੇ ਰੋਜ਼ਗਾਰ ਅਤੇ ਬੇਰੋਜ਼ਗਾਰੀ ਦੇ ਦ੍ਰਿਸ਼ ਬਾਰੇ ਰਿਪੋਰਟ, ਜਿਲਦ-2, 2015-16, ਭਾਰਤ ਸਰਕਾਰ*

ਦੇ ਮੁਕਾਬਲੇ ਪੜ੍ਹੀਆਂ ਲਿਖੀਆਂ ਨੌਜਵਾਨ ਔਰਤਾਂ ਦੀ ਬੇਰੋਜ਼ਗਾਰੀ ਦਾ ਪੱਧਰ ਕਾਫੀ ਜ਼ਿਆਦਾ ਹੈ।

18-29 ਸਾਲ ਦੀਆਂ 1 ਤਿਹਾਈ ਤੋਂ ਵੱਧ ਪੜ੍ਹੀਆਂ ਲਿਖੀਆਂ ਔਰਤਾਂ, ਜਿਨ੍ਹਾਂ ਨੇ ਅੰਡਰ ਗ੍ਰੈਜੂਏਟ ਜਾਂ ਗ੍ਰੈਜੂਏਟ ਪੱਧਰ ਤੇ ਸਰਟੀਫਿਕੇਟ ਕੋਰਸ ਜਾਂ ਡਿਪਲੋਮਾ ਪੂਰਾ ਕਰ ਲਿਆ ਹੈ, ਉਹ ਬੇਰੋਜ਼ਗਾਰ ਹਨ। ਗ੍ਰੈਜੂਏਟ ਜਾਂ ਇਸ ਤੋਂ ਵੱਧ ਪੜ੍ਹੀਆਂ ਲਿਖੀਆਂ ਨੌਜਵਾਨ ਔਰਤਾਂ ਲਈ ਹਾਲਾਤ ਹੋਰ ਵੀ ਮੁਸ਼ਕਿਲ ਹਨ - ਇਸ ਵਰਗ ਵਿੱਚ ਬੇਰੋਜ਼ਗਾਰੀ ਦੀ ਦਰ 48 ਪ੍ਰਤਿਸ਼ਤ ਹੈ। ਇਸ ਦਾ ਮਤਲਬ ਹੈ ਕਿ ਭਾਰਤ ਦਾ ਕਿਰਤ ਬਾਜ਼ਾਰ ਨਾ ਸਿਰਫ ਘੱਟ ਨੌਕਰੀਆਂ ਪੈਦਾ ਕਰ ਰਿਹਾ ਹੈ ਸਗੋਂ ਕਿਰਤ ਬਾਜ਼ਾਰ ਵਿੱਚ ਭਰਤੀ ਕਰਨ ਸਮੇਂ ਵੀ ਔਰਤਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਕ ਹੋਰ ਕਾਰਨ ਇਹ ਵੀ ਹੋ ਸਕਦਾ ਹੈ ਕਿ ਢੁੱਕਵੀਆਂ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦੀ ਕਮੀ ਹੈ, ਜਿਵੇਂ ਕਿ ਆਵਾਜਾਈ, ਕ੍ਰੈਚ ਸਹੂਲਤਾਂ ਆਦਿ ਜਿਨ੍ਹਾਂ ਨਾਲ ਔਰਤਾਂ ਦੀ ਨੌਕਰੀਆਂ ਤੱਕ ਰਸਾਈ ਕਰਨ ਦਾ ਰਸਤਾ ਸੌਖਾ ਹੋ ਸਕਦਾ ਹੈ। ਕੁੱਲ ਮਿਲਾ ਕੇ, ਇਹ ਸਪੱਸ਼ਟ ਹੈ ਕਿ ਭਾਰਤ ਆਪਣੇ ਨੌਜਵਾਨਾਂ ਲਈ ਕਾਫੀ ਨੌਕਰੀਆਂ ਪੈਦਾ ਕਰਨ ਵਿੱਚ ਸਫਲ ਨਹੀਂ ਹੋਇਆ। ਸ਼ਹਿਰੀ ਨੌਜਵਾਨ ਔਰਤਾਂ ਦੇ ਮਾਮਲੇ ਵਿੱਚ ਇਹ ਚੁਨੌਤੀ ਹੋਰ ਵੀ ਵੱਡੀ ਹੈ।

## ਸਰਕਾਰ ਦੀਆਂ ਤਾਜ਼ਾ ਪਹਿਲਕਦਮੀਆਂ

ਸਰਕਾਰ ਵਲੋਂ ਪਹਿਲਾਂ ਨੌਜਵਾਨਾਂ ਲਈ ਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਵਾਸਤੇ ਸਵੈ-ਰੋਜ਼ਗਾਰ ਦੀਆਂ ਅਨੇਕ ਯੋਜਨਾਵਾਂ ਸ਼ੁਰੂ ਕੀਤਆਂ ਗਈਆਂ ਸਨ ਪਰ ਇਨ੍ਹਾਂ ਦੇ ਨਤੀਜੇ ਸੰਤੁਸ਼ਟੀਜਨਕ ਨਹੀਂ ਨਿਕਲੇ। ਇਸ ਕਰਕੇ ਪਿਛਲੇ ਸਾਲਾਂ ਦੌਰਾਨ ਨੌਜਵਾਨਾਂ ਦਰਮਿਆਨ ਉੱਦਮਤਾ ਨੂੰ ਹੱਲਾਸ਼ੇਰੀ ਦੇਣ ਲਈ ਅਨੇਕ ਨਵੀਆਂ ਯੋਜਨਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਵੇਂ ਕਿ ਸਟਾਰਟਅੱਪ ਇੰਡੀਆ - ਮੁੱਦਰਾ ਨਾਲ (ਮਾਈਕ੍ਰੋ ਯੂਨਿਟਸ ਡਿਵੈਲਪਮੈਂਟ ਐਂਡ ਰੀਫਾਈਨਾਂਸ ਏਜੰਸੀ), ਸਟੈਂਡਅੱਪ ਇੰਡੀਆ, ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਵਪਾਰ ਕਰਨ ਦੀ ਸੌਖ, ਸਟਾਰਟਅੱਪ ਪਿੰਡ ਉੱਦਮਤਾ ਪ੍ਰੋਗਰਾਮ ਆਦਿ। ਹੇਠਾਂ ਇਨ੍ਹਾਂ ਯੋਜਨਾਵਾਂ ਦਾ ਸੰਖੇਪ ਵੇਰਵਾ ਦਿੱਤਾ ਜਾ ਰਿਹਾ ਹੈ।

## ਸਟਾਰਟਅੱਪ ਇੰਡੀਆ ਅਤੇ ਸਟੈਂਡਅੱਪ ਇੰਡੀਆ

ਸਰਕਾਰ ਵਲੋਂ ਜਨਵਰੀ 2016 ਵਿੱਚ ਉੱਦਮਤਾ ਨੂੰ ਹੱਲਾਸ਼ੇਰੀ ਦੇਣ ਲਈ 'ਸਟਾਰਟਅੱਪ ਇੰਡੀਆ' ਅਤੇ 'ਸਟੈਂਡਅੱਪ ਇੰਡੀਆ' ਦੀ ਸ਼ੁਰੂਆਤ ਕੀਤੀ ਗਈ ਇਨ੍ਹਾਂ ਵਾਸਤੇ ਕਰ ਲਾਭ ਅਤੇ 10,000 ਕਰੋੜ ਰੁਪਏ ਦਾ ਵਿਸ਼ਾਲ ਸਟਾਰਟਅੱਪ ਫੰਡ ਆਦਿ ਪ੍ਰਦਾਨ ਕਰਨ ਦਾ ਪ੍ਰਾਵਧਾਨ ਕੀਤਾ ਗਿਆ। ਸਰਕਾਰ ਵਲੋਂ ਵਪਾਰ ਕਰਨ ਦੀ ਸੌਖ ਵਿੱਚ, ਸੁਧਾਰ ਕਰਨ ਲਈ ਵੀ ਵੱਖ-ਵੱਖ ਕਦਮ ਚੁੱਕੇ ਗਏ ਹਨ। ਇਸ ਲਈ ਸਟਾਰਟਅੱਪ ਵਾਸਤੇ ਅਨੁਕੂਲ ਵਾਤਾਵਰਨ ਸਿਰਜਣ ਲਈ ਪੰਜੀਕਰਨ, ਕਾਨੂੰਨੀ ਰਸਮਾਂ, ਨਿਯਮਤ ਕੰਟਰੋਲ, ਕਰ ਛੋਟ ਆਦਿ ਦੇਣ ਵਿੱਚ ਉਦਾਰਵਾਦੀ ਪਹੁੰਚ ਅਖਤਿਆਰ ਕੀਤੀ ਗਈ ਹੈ। ਦਸੰਬਰ 2016ਤੱਕ ਭਾਰਤ ਵਿੱਚ ਲਗਭਗ 4700 ਸਟਾਰਟਅੱਪ ਸਨ ਪਰ ਇਹ ਯੋਜਨਾਵਾਂ ਇੱਛਤ ਨਤੀਜੇ ਦੇਣ ਦੇ ਸਮਰੱਥ ਨਹੀਂ ਹੋਈਆਂ ਕਿਉਂਕਿ 200 ਤੋਂ ਵੱਧ ਸਟਾਰਟਅੱਪ ਇਕ ਸਾਲ ਦੇ ਅੰਦਰ ਹੀ ਬੰਦ ਹੋ ਗਏ। ਭਾਵੇਂ ਕਿ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਇਕ ਕੁਦਰਤੀ ਪ੍ਰਗਤੀ ਹੈ ਤੇ 20 ਪ੍ਰਤਿਸ਼ਤ ਤੋਂ ਵੱਧ ਸਟਾਰਟਅੱਪ ਬੇਹੱਦ ਮੁਕਾਬਲੇਬਾਜ਼ੀ ਵਾਲੇ ਬਾਜ਼ਾਰ ਵਿੱਚ ਨਹੀਂ ਟਿਕ ਪਾਉਂਦੇ (ਇੰਡੀਆ ਸਟਾਰਟਅੱਪ ਆਊਟਲੁੱਕ ਰਿਪੋਰਟ, 2017), ਪਰ ਐਟੀਬਿਊਸ਼ਨ ਦਰ ਵੱਲ ਜ਼ਿਆਦਾ ਤਵੱਜੋ ਦੇਣ ਦੀ ਲੋੜ ਹੈ। 'ਸਟਾਰਟਅੱਪ ਇੰਡੀਆ' ਯੋਜਨਾ ਵੀ ਜਨਵਰੀ 2016 ਵਿੱਚ ਸ਼ੁਰੂ ਕੀਤੀ ਗਈ ਸੀ ਜਿਸ ਦਾ ਮਕਸਦ ਅਨੁਸੂਚਿਤ ਜਾਤੀਆਂ (ਐੱਸ ਸੀਜ਼), ਅਨੁਸੂਚਿਤ ਜਨਜਾਤੀਆਂ (ਐੱਸ ਟੀਜ਼) ਅਤੇ ਔਰਤਾਂ ਵਰਗੇ ਹਾਸ਼ੀਏ ਉਤੇ ਗਏ ਸਮੂਹਾਂ ਦਰਮਿਆਨ ਉੱਦਮਤਾ ਨੂੰ ਪ੍ਰੋਤਸਾਹਨ ਦੇਣਾ ਸੀ। ਦਸੰਬਰ 2016 ਤੱਕ ਸਟੈਂਡਅੱਪ ਇੰਡੀਆ ਯੋਜਨਾ ਤਹਿਤ ਕੁੱਲ ਮਨਜ਼ੂਰ ਕੀਤੇ ਕਰਜ਼ਿਆਂ ਦੀ ਸੰਖਿਆ 15341 ਸੀ ਜਿਸ ਵਿੱਚ 2055 ਔਰਤਾਂ, 2568 ਅਨੁਸੂਚਿਤ ਜਾਤੀ ਅਤੇ 718 ਅਨੁਸੂਚਿਤ ਜਨਜਾਤੀ ਦੇ ਵਿਅਕਤੀ ਸਨ (ਵਿੱਤ ਮੰਤਰਾਲਾ, ਭਾਰਤ ਸਰਕਾਰ, 2017)।

## ਪ੍ਰਧਾਨ ਮੰਤਰੀ ਮੁਦਰਾ ਯੋਜਨਾ (ਪੀ ਐੱਮ ਐੱਮ ਵਾਈ)

ਸਰਕਾਰ ਮਾਈਕ੍ਰੋ ਛੋਟੀਆਂ ਵਪਾਰਕ ਇਕਾਈਆਂ ਦੀ ਸੰਸਥਾਗਤ ਵਿੱਤ ਤੱਕ ਪਹੁੰਚ ਕਰਵਾਉਣ ਲਈ ਅਪ੍ਰੈਲ 2015 ਵਿੱਚ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ। ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਤਿੰਨ ਪ੍ਰਕਾਰ ਦੇ ਕਰਜ਼ੇ ਮਨਜ਼ੂਰ ਕੀਤੇ ਜਾ ਸਕਦੇ ਹਨ ਜੋ ਤਰੱਕੀ/ਵਿਕਾਸ ਦੇ ਪੜਾਅ ਅਤੇ ਇਕਾਈ ਦੀਆਂ ਪੈਸੇ ਦੀਆਂ ਲੋੜਾਂ ਨੂੰ ਉਜਾਗਰ ਕਰਦੇ ਹਨ - ਸ਼ਿਸ਼ੂ (50,000 ਰੁਪਏ), ਕਿਸ਼ੋਰ (50,000 ਰੁਪਏ ਤੋਂ 5,00,000 ਲੱਖ ਰੁਪਏ) ਅਤੇ ਤਰੁਨ (5,00,000 ਤੋਂ 10,00,000 ਰੁਪਏ)। ਮਾਰਚ 2016 ਤੱਕ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਵੰਡੇ ਗਏ ਕਰਜ਼ਿਆਂ ਦੀ ਕੁੱਲ ਰਕਮ 1.25 ਟ੍ਰਿਲੀਅਨ ਰੁਪਏ ਨੂੰ ਪਾਰ ਕਰ ਗਈ ਸੀ। 32.7 ਮਿਲੀਅਨ ਕਰਜ਼ਾ ਲੈਣ ਵਾਲਿਆਂ ਵਿੱਚੋਂ 30.3 ਮਿਲੀਅਨ ਸ਼ਿਸ਼ੂ ਵਰਗ ਵਿੱਚ ਆਉਂਦੇ ਸਨ। ਸਟਾਰਟਅੱਪ ਪਿੰਡ ਉੱਦਮਤਾ ਪ੍ਰੋਗਰਾਮ (ਐੱਸ ਵੀ ਈ ਪੀ) - ਦਿਹਾਤੀ ਖੇਤਰਾਂ

*ਬਾਕੀ ਸਫ਼ਾ 21 ਉੱਤੇ*

# ਨੌਕਰੀਆਂ ਪੈਦਾ ਕਰਨ ਵਾਲੇ ਰਾਸ਼ਟਰ ਦਾ ਨਿਰਮਾਣ

ਸੌਰਭ ਸਾਨਿਆਲ, ਰਣਜੀਤ ਮਹਿਤਾ

ਭਾਰਤ ਨੂੰ ਹਰ ਵਰ੍ਹੇ 10 ਮਿਲੀਅਨ ਨੌਕਰੀਆਂ ਦੀ ਲੋੜ ਹੈ। ਵਿਸ਼ਵ ਦੇ ਅੰਕੜੇ ਦਰਸਾਉਂਦੇ ਹਨ ਕਿ ਵੱਡੇ ਉੱਦਮ ਨਹੀਂ ਸਗੋਂ ਸਟਾਰਟਅੱਪ ਹੁੰਦੇ ਹਨ ਜੋ ਦੇਸ਼ ਵਿੱਚ ਨਵੀਆਂ ਨੌਕਰੀਆਂ ਪੈਦਾ ਕਰਦੇ ਹਨ। ਸਟਾਰਟਅੱਪ ਖੋਜ ਦੇ ਕੇਂਦਰ ਵੀ ਹੁੰਦੇ ਹਨ ਅਤੇ ਆਰਥਿਕਤਾ ਵਿੱਚ ਰੋਜ਼ਗਾਰ ਦੇ ਵਾਧੇ ਦਾ ਇਕ ਵੱਡਾ ਜ਼ਰੀਆ ਹੁੰਦੇ ਹਨ। ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਰਸਮੀ ਤੌਰ ਤੇ 16 ਜਨਵਰੀ 2016 ਨੂੰ ਵਿਗਿਆਨ ਭਵਨ, ਨਵੀਂ ਦਿੱਲੀ ਤੋਂ "ਸਟਾਰਟਅੱਪ ਇੰਡੀਆ" ਪਹਿਲਕਦਮੀ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਦਾ ਨਿਸ਼ਾਨਾ ਉੱਦਮਤਾ ਨੂੰ ਵਧਾਉਣਾ ਅਤੇ ਇਕ ਅਜਿਹੀ ਆਰਥਿਕ ਪ੍ਰਣਾਲੀ ਦਾ ਵਿਕਾਸ ਕਰਕੇ ਖੋਜ ਨੂੰ ਉਤਸ਼ਾਹਿਤ ਕਰਨਾ ਹੈ ਜੋ ਸਟਾਰਟਅੱਪ ਦੇ ਵਿਕਾਸ ਲਈ ਸਾਜ਼ਗਾਰ ਹੋਵੇ। ਇਸ ਦਾ ਉਦੇਸ਼ ਹੈ ਕਿ ਭਾਰਤ ਨੌਕਰੀਆਂ ਮੰਗਣ ਵਾਲਿਆਂ ਦੀ ਬਜਾਇ ਨੌਕਰੀਆਂ ਦਾ ਨਿਰਮਾਣ ਕਰਨ ਵਾਲਾ ਦੇਸ਼ ਬਣੇ। ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਸਟਾਰਟਅੱਪ ਇੰਡੀਆ ਰਾਹੀਂ ਪਹਿਲਾਂ ਹੀ ਭਾਰਤ ਦੇ ਉੱਦਮੀਆਂ ਵਿੱਚ ਕਾਫੀ ਸਕਾਰਾਤਮਕ ਊਰਜਾ ਦਾ ਸੰਚਾਰ ਕੀਤਾ ਹੈ। ਉਦਯੋਗ ਇਸ ਤੱਥ ਤੋਂ ਬਾਗੋਬਾਗ ਹੈ ਕਿ ਭਾਰਤ ਵਿੱਚ ਵਿਸ਼ਵ ਦੇ ਤੀਜੇ ਸਭ ਤੋਂ ਜ਼ਿਆਦਾ ਸਟਾਰਟ ਅੱਪ ਹਨ। ਦੇਸ਼ ਵਿੱਚ ਖੋਜ ਦੇ ਫਲਦਾਇਕ ਸਭਿਆਚਾਰ ਨੂੰ ਵਧਾਉਣਾ ਇਕ ਲੰਬੀ ਅਤੇ ਮਹੱਤਵਪੂਰਨ ਯਾਤਰਾ ਹੈ। ਇਹ ਪਹਿਲਕਦਮੀ ਭਾਰਤ ਸਰਕਾਰ ਦੀ ਦੇਸ਼ ਨੂੰ ਖੋਜ, ਰੂਪਰੇਖਾ ਅਤੇ ਸਟਾਰਟਅੱਪ ਦਾ ਧੁਰਾ ਬਣਾਉਣ ਦੀ ਵਚਨਬੱਧਤਾ ਪੂਰੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਵੇਗੀ।

ਇਕ ਸਟਾਰਟਅੱਪ ਕੰਪਨੀ ਜਾਂ ਸਟਾਰਟਅੱਪ ਇਕ ਘੱਟ ਉਮਰ ਵਾਲੀ ਕੰਪਨੀ ਹੁੰਦੀ ਹੈ ਜਿਸ ਨੇ ਹਾਲੇ ਵਿਕਸਤ ਹੋਣਾ ਸ਼ੁਰੂ ਹੀ ਕੀਤਾ ਹੁੰਦਾ ਹੈ। ਸਟਾਰਟਅੱਪ ਆਮ ਤੌਰ ਤੇ ਆਕਾਰ ਵਿੱਚ ਛੋਟੇ ਹੁੰਦੇ ਹਨ ਅਤੇ ਸ਼ੁਰੂਆਤ ਵਿੱਚ ਇਨ੍ਹਾਂ ਦਾ ਵਿੱਤੀਕਰਨ ਅਤੇ ਸੰਚਾਲਨ ਕੁੱਝ ਸੰਸਥਾਪਕਾਂ ਜਾਂ ਇਕ ਵਿਅਕਤੀ ਵਲੋਂ ਕੀਤਾ ਜਾਂਦਾ ਹੈ। ਇਹ ਕੰਪਨੀਆਂ ਕਿਸੇ ਅਜਿਹੇ ਉਤਪਾਦ ਜਾਂ ਸੇਵਾ ਨੂੰ ਪੇਸ਼ ਕਰਦੀਆਂ ਹਨ ਜੋ ਬਾਜ਼ਾਰ ਵਿੱਚ ਹਾਲੇ ਹੋਰ ਕਿਤੇ ਵੀ ਉਪਲਬਧ ਨਹੀਂ ਹੁੰਦਾ, ਜਾਂ ਮੋਢੀਆ ਦਾ ਮੰਨਣਾ ਹੁੰਦਾ ਹੈ ਕਿ ਉਸ ਨੂੰ ਘਟੀਆ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਮੁਢਲੇ ਪੜਾਵਾਂ ਵਿੱਚ ਸਟਾਰਟਅੱਪ ਕੰਪਨੀਆਂ ਦੇ ਖਰਚੇ ਉਨ੍ਹਾਂ ਦੀ ਆਮਦਨ ਨਾਲੋਂ ਵਧ ਜਾਂਦੇ ਹਨ ਕਿਉਂਕਿ ਉਹ ਆਪਣੇ ਵਿਚਾਰ ਦੇ ਵਿਕਾਸ, ਜਾਂਚ ਅਤੇ ਬਾਜ਼ਾਰੀਕਰਨ ਉਤੇ ਕੰਮ ਕਰ ਰਹੇ ਹੁੰਦੇ ਹਨ। ਇਸ ਦੇ ਲਈ ਅਕਸਰ ਉਨ੍ਹਾਂ ਨੂੰ ਪੈਸੇ ਦੀ ਲੋੜ ਹੁੰਦੀ ਹੈ। ਸਟਾਰਟਅੱਪ ਰਵਾਇਤੀ ਤੌਰ ਤੇ ਬੈਂਕਾਂ ਜਾਂ ਕ੍ਰੈਡਿਟ ਯੂਨੀਅਨਾਂ, ਸਰਕਾਰ ਵਲੋਂ ਪ੍ਰਾਯੋਜਿਤ ਛੋਟੇ ਵਪਾਰਕ ਪ੍ਰਬੰਧਨ; ਸਥਾਨਕ ਬੈਂਕਾਂ ਤੋਂ ਲਏ ਕਰਜ਼ਿਆਂ ਜਾਂ ਗ਼ੈਰ-ਮੁਨਾਫੇ ਵਾਲੇ ਸੰਗਠਨਾਂ ਅਤੇ ਰਾਜ ਸਰਕਾਰਾਂ ਤੋਂ ਲਏ ਪੈਸੇ ਨਾਲ ਸ਼ੁਰੂ ਕੀਤੇ ਜਾਂਦੇ ਹਨ।

ਸਟਾਰਟਅੱਪ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਉਹ ਜੋ ਅਸਲੋਂ ਨਵਾਂ ਹੁੰਦਾ ਹੈ, ਜਿਸ ਬਾਰੇ ਕਿਸੇ ਨੇ ਕਦੇ ਸੋਚਿਆ ਵੀ ਨਾ ਹੋਵੇ। ਅਜਿਹਾ ਸਟਾਰਟਅੱਪ ਨਿਰਮਾਣ ਕਰਨਾ ਭਾਵੇਂ ਮੁਸ਼ਕਿਲ ਹੁੰਦਾ ਹੈ ਪਰ ਇਕ ਵਾਰੀ ਬਣ ਜਾਵੇ ਤਾਂ ਇਹ ਬੇਮਿਸਾਲ ਤਰੱਕੀ ਕਰਦਾ ਹੈ। ਦੂਜੇ ਪ੍ਰਕਾਰ ਦੇ ਸਟਾਰਟਅੱਪ ਮੁੱਖ ਤੌਰ ਤੇ ਉਹ ਹੁੰਦੇ ਹਨ ਜੋ ਨਵੀਂ ਖੋਜ ਨਹੀਂ ਕਰਨਾ ਚਾਹੁੰਦੇ। ਉਹ ਨਵੀਂ ਬੋਤਲ ਵਿੱਚ ਪੁਰਾਣੀ ਸ਼ਰਾਬ ਵਰਗੇ ਹੁੰਦੇ ਹਨ ਜੋ ਕੁੱਝ ਨਵਾਂ ਅਤੇ ਖੋਜ ਵਾਲਾ ਕਾਰਜ ਨਿਰਮਾਣ ਕਰਨ ਦੇ ਬਰਾਬਰ ਹੁੰਦਾ ਹੈ।

ਉੱਦਮਤਾ ਅਤੇ ਸਟਾਰਟਅੱਪ ਦੇਸ਼ ਅੰਦਰ ਬਿਲਕੁਲ ਨਵੇਂ ਵਿਚਾਰ ਹਨ। ਸਟਾਰਟਅੱਪ ਸ਼ੁਰੂ ਕਰਨਾ ਔਖਾ ਹੁੰਦਾ ਹੈ ਅਤੇ ਹਰੇਕ ਦੇਸ਼ ਵਿੱਚ ਸਫਲਤਾ ਨਾਲੋਂ ਅਸਫਲਤਾ ਜ਼ਿਆਦਾ ਹੱਥ ਲੱਗਦੀ ਹੈ। ਅਕਸਰ ਹੀ, ਇਕ ਉੱਦਮੀ ਨੂੰ ਅਸਫਲਤਾ ਦਾ ਸਾਹਮਣਾ ਕਰਨ ਅਤੇ ਕਠਿਨ ਮੁਸ਼ੱਕਤ ਲਈ ਤਿਆਰ ਰਹਿਣਾ ਪੈਂਦਾ ਹੈ। ਉੱਦਮਤਾ ਜਸ਼ਨਾਂ ਦੇ ਸਿਰ ਉਤੇ ਪਲਦੀ ਹੈ ਅਤੇ ਜਿਹੜਾ ਸਮਾਜ ਵਪਾਰਕ ਅਸਫਲਤਾਵਾਂ ਨੂੰ ਹੱਸ ਕੇ ਪ੍ਰਵਾਨ ਨਹੀਂ ਕਰਦਾ, ਉਹ ਖੋਜ ਅਤੇ ਸਿਰਜਣਾ ਦਾ ਗਲਾ ਸ਼ੁਰੂ ਤੋਂ ਪਹਿਲਾਂ ਹੀ ਘੁੱਟ ਦਿੰਦਾ ਹੈ। ਸਟਾਰਟਅੱਪ ਦੀ ਅਸਫਲਤਾ ਨੂੰ ਠੀਕ ਭਾਵਨਾ ਨਾਲ ਲੈਣਾ ਚਾਹੀਦਾ ਹੈ ਕਿਉਂਕਿ ਅਸਫਲਤਾਵਾਂ ਹੀ ਉੱਦਮੀ ਨੂੰ ਸਿਖਾਉਂਦੀਆਂ ਹਨ ਕਿ ਕੀ ਕਰਨਾ ਹੈ ਅਤੇ ਕੀ ਨਹੀਂ।

ਸਟਾਰਟਅੱਪ ਵਜੋਂ ਤੁਹਾਡੇ ਸਹਿ-ਸੰਸਥਾਪਕ ਹੋ ਸਕਦੇ ਹਨ, ਪਰ ਜ਼ਰੂਰੀ ਨਹੀਂ ਤੁਹਾਡੇ ਵਿੱਚ ਸਫਲ ਹੋਣ ਦੀ ਵਪਾਰਕ ਕੁਸ਼ਲਤਾ ਹੋਵੇ। ਸ਼ਾਨਦਾਰ ਵਿਚਾਰ ਹੋਣਾ ਵੱਖਰੀ ਗੱਲ ਹੈ ਅਤੇ ਉਸ ਨੂੰ ਇਕ ਵਪਾਰਕ ਸਫਲਤਾ ਵਿੱਚ ਬਦਲਣਾ ਵੱਖਰੀ ਗੱਲ ਹੈ। ਇਕ ਸਟਾਰਟਅੱਪ ਦੇ ਲਈ ਗੁਰੂਆਂ ਦਾ ਹੋਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਹ ਅਜਿਹੀਆਂ ਸ਼ੁਰੂਆਤ ਕਰਨ ਦੀਆਂ ਪ੍ਰਕਿਰਿਆਵਾਂ ਵਿੱਚੋਂ ਲੰਘ ਚੁੱਕੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਵਪਾਰਕ ਤਜਰਬਾ ਹੁੰਦਾ ਹੈ। ਇਕ ਮਹਾਨ ਗੁਰੂ ਜਾਂ ਉਸਤਾਦ ਬਹੁਮੁੱਲੇ ਸੁਝਾਅ ਦੇ ਕੇ ਸਫਲਤਾ ਨਾਲੋਂ ਅਸਫਲਤਾ ਨੂੰ ਵੱਖ ਕਰ ਦਿੰਦਾ ਹੈ। ਪਰ ਦੇਸ਼ ਵਿੱਚ ਸਟਾਰਟਅੱਪ ਲਈ ਗੁਰੂ ਦਾ ਕੋਈ ਰਸਮੀ ਤੰਤਰ ਨਹੀਂ ਹੈ। ਜਿੰਨੀ ਵੀ ਨਿਗਰਾਨੀ ਹੁੰਦੀ ਹੈ ਉਹ ਆਰਜ਼ੀ ਹੁੰਦੀ ਹੈ।ਜਿਸ ਸਟਾਰਟਅੱਪ ਨੇ ਫੰਡ ਇਕੱਤਰ ਕੀਤੇ ਹੁੰਦੇ ਹਨ, ਉਹ ਕੁੱਝ ਹੱਦ ਤੱਕ ਨਿਵੇਸ਼ਕਾਂ ਦੀ

ਸਲਾਹ ਲੈ ਸਕਦਾ ਹੈ, ਪਰ ਇਮਾਨਦਾਰ, ਨਿਰਪੱਖ ਅਤੇ ਵਧੀਆ ਵਪਾਰਕ ਗੁਰੂਆਂ ਦੀ ਗਿਣਤੀ ਬਹੁਤ ਜ਼ਿਆਦਾ ਨਹੀਂ ਹੈ। ਸਟਾਰਟਅੱਪ ਵਾਸਤੇ ਇਕ ਚੰਗਾ ਗੁਰੂ ਲੱਭਣਾ ਅਕਸਰ ਟੇਢਾ ਕੰਮ ਹੁੰਦਾ ਹੈ।

ਭਾਰਤ ਵਿੱਚ ਸਟਾਰਟਅੱਪ ਨੂੰ ਦਰਪੇਸ਼ ਫੰਡ ਦੀਆਂ ਚੁਨੌਤੀਆਂ ਦਾ ਹੱਲ ਦੇਸ਼ ਭਰ ਦੇ ਪਹਿਲੀ ਪੀੜ੍ਹੀ ਦੇ ਜ਼ਿਆਦਾਤਰ ਉੱਦਮੀ, ਸਟਾਰਟਅੱਪ ਇੰਡੀਆ ਦੇ ਬੈਨਰ ਹੇਠ ਉਨ੍ਹਾਂ ਦੀਆਂ ਵਪਾਰਕ ਇਕਾਈਆਂ ਨੂੰ ਮਾਨਤਾ ਦੇਣ ਲਈ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰ ਰਹੇ ਹਨ ਪਰ ਫੰਡਿੰਗ ਦੀਆਂ ਜ਼ਿਆਦਾਤਰ ਚੁਨੌਤੀਆਂ ਲਈ ਪੇਟੈਂਟ ਅਤੇ ਬੌਧਿਕ ਜਾਇਦਾਦ ਦਾ ਨਿਰਮਾਣ ਹਾਲੇ ਬਾਕੀ ਹੈ। ਇਸੇ ਤਰ੍ਹਾਂ ਹੀ ਪੇਟੈਂਟ ਦੇ ਪੰਜੀਕਰਨ ਦੀ ਲੰਮੀ ਪ੍ਰਕਿਰਿਆ ਅਤੇ ਖੋਜ ਤੇ ਵਿਕਾਸ ਲਈ ਪ੍ਰੋਤਸਾਹਨਾਂ ਦੀ ਕਮੀ ਇਕ ਹੋਰ ਝਗੜੇ ਵਾਲੀ ਗੱਲ ਹੈ, ਜੋ ਬਹੁਤਿਆਂ ਦੇ ਕਹਿਣ ਮੁਤਾਬਕ ਇਕ ਕਾਰਨ ਹੈ ਕਿ ਜ਼ਿਆਦਾਤਰ ਸਟਾਰਟਅੱਪ ਬਾਹਰ ਸਥਾਪਤ ਹੋਣ ਨੂੰ ਤਰਜੀਹ ਦਿੰਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ 1 ਨਵੰਬਰ 2015 ਤੱਕ 2,46,495 ਪੇਟੈਂਟ ਲਈ ਅਰਜ਼ੀਆਂ ਅਤੇ 5,32,682 ਟ੍ਰੇਡਮਾਰਕ ਦੀਆਂ ਅਰਜ਼ੀਆਂ ਬਕਾਇਆ ਪਈਆਂ ਸਨ।

ਮੌਜੂਦਾ ਸਮੇਂ ਸਟਾਰਟਅੱਪ ਲਈ ਲਗਭਗ 90 ਪ੍ਰਤਿਸ਼ਤ ਪੈਸਾ ਵਿਦੇਸ਼ੀ ਉੱਦਮੀਆਂ ਦੀ ਪੂੰਜੀ ਤੋਂ ਆਉਂਦਾ ਹੈ ਅਤੇ ਘਰੇਲੂ ਫਾਈਨੈਂਸਰ ਖੋਜ ਦੀ ਕਿਸਮ ਨੂੰ ਬਦਲ ਸਕਦੇ ਹਨ। ਗ੍ਰਾਂਟ ਥਾਰਨਟਾਨ ਦੇ ਇਕ ਤਾਜ਼ਾ ਅਧਿਐਨ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ 2015 ਵਿੱਚ 600 ਅਜਿਹੀਆਂ ਕੰਪਨੀਆਂ ਨੂੰ ਫੰਡ ਹਾਸਲ ਹੋਇਆ ਜਿਸ ਵਿੱਚ 2 ਬਿਲੀਅਨ ਡਾਲਰ ਤੋਂ ਵੱਧ ਪੀ ਈ ਅਤੇ ਵੀ ਸੀ ਫੰਡ ਸਨ।

ਇਕ ਤਾਜ਼ਾ ਅਧਿਐਨ ਮੁਤਾਬਕ, 94 ਪ੍ਰਤਿਸ਼ਤ ਤੋਂ ਵੱਧ ਵਪਾਰ ਪਹਿਲੇ ਸਾਲ ਵਿੱਚ ਹੀ ਅਸਫਲ ਹੋ ਜਾਂਦੇ ਹਨ। ਪੈਸਾ ਕਿਸੇ ਵੀ ਵਪਾਰ ਦੀ ਜੀਵਨ ਰੇਖਾ ਹੁੰਦਾ ਹੈ। ਪੈਸੇ ਦੀ ਕਮੀ ਇਕ ਆਮ ਕਾਰਨ ਹੁੰਦਾ ਹੈ। ਦੁੱਖਾਂ ਭਰੀ ਪਰ ਦਿਲਚਸਪ ਸਫਰ ਜੋ ਵਿਚਾਰ ਤੋਂ ਪੈਸਾ ਕਮਾਉਣ ਵਾਲੇ ਵਪਾਰ ਤੱਕ ਜਾਂਦਾ ਹੈ, ਲਈ ਪੂੰਜੀ ਨਾਮਕ ਈਂਧਣ ਦੀ ਲੋੜ ਪੈਂਦੀ ਹੈ। ਇਸੇ ਕਰਕੇ ਹੀ ਵਪਾਰ ਦੇ ਹਰੇਕ ਪੜਾਅ ਉਤੇ ਉੱਦਮੀ ਆਪਣੇ ਆਪ ਕੋਲੋਂ ਸਵਾਲ ਪੁੱਛਦੇ ਹਨ – ਮੈਂ ਆਪਣੇ ਸਟਾਰਟਅੱਪ ਲਈ ਪੈਸੇ ਕਿਥੋਂ ਜੁਟਾਵਾਂ? ਬਾਜ਼ਾਰ ਵਿੱਚ ਸਟਾਰਟਅੱਪ ਦੇ ਵਿੱਤੀਕਰਨ ਲਈ ਵੱਖ-ਵੱਖ ਤੰਤਰ ਉਪਲਬਧ ਹਨ।

ਇਥੇ ਸਟਾਰਟਅੱਪ ਲਈ ਵਿੱਤੀਕਰਨ ਦੇ ਕੁੱਝ ਵਿਕਲਪ ਦਿੱਤੇ ਜਾ ਰਹੇ ਹਨ ਜੋ ਉਨ੍ਹਾਂ ਦੀ ਆਪਣੇ ਵਪਾਰ ਲਈ ਪੂੰਜੀ ਜੁਟਾਉਣ ਵਿੱਚ ਮਦਦ ਕਰਨਗੇ।

***ਪ੍ਰਧਾਨ ਮੰਤਰੀ ਮਾਈਕ੍ਰੋ ਯੂਨਿਟਸ ਡਿਵੈਲਪਮੈਂਟ ਐਂਡ ਰੀਫਾਇਨਾਂਸ ਏਜੰਸੀ ਲਿਮਿਟਡ (ਮੁਦਰਾ)***– ਇਸ ਨੂੰ ਸ਼ੁਰੂ ਵਿੱਚ 20,000 ਕਰੋੜ ਦੇ ਫੰਡ ਨਾਲ ਸ਼ੁਰੂ ਕੀਤਾ ਗਿਆ ਸੀ ਜਿਸ ਦਾ ਮਤਲਬ ਲਗਭਗ 10 ਲੱਖ ਐੱਸ ਐੱਮ ਈਜ਼ ਨੂੰ ਲਾਭ ਪਹੁੰਚਾਉਣਾ ਸੀ। ਤੁਸੀਂ ਆਪਣੀ ਵਪਾਰਕ ਯੋਜਨਾ ਦਾਖਲ ਕਰ ਸਕਦੇ ਹੋ ਅਤੇ ਇਕ ਵਾਰ ਪਾਸ ਹੋਣ ਤੋਂ ਬਾਅਦ ਕਰਜ਼ਾ ਮਨਜ਼ੂਰ ਕਰ ਦਿੱਤਾ ਜਾਂਦਾ ਹੈ। ਤੁਹਾਨੂੰ ਇਕ ਐੱਮ ਯੂ ਡੀ ਆਰ ਏ ਕਾਰਡ ਮਿਲ ਜਾਂਦਾ ਹੈ ਜੋ ਕਿਸੇ ਕ੍ਰੈਡਿਟ ਕਾਰਡ ਵਾਂਗ ਹੀ ਹੁੰਦਾ ਹੈ ਜਿਸ ਨੂੰ ਤੁਸੀਂ ਕੱਚਾ ਮਾਲ ਖਰੀਦਣ ਅਤੇ ਹੋਰ ਖਰਚਿਆਂ ਲਈ ਵਰਤ ਸਕਦੇ ਹੋ। ਉੱਭਰਦੀਆਂ ਸਕੀਮਾਂ ਤਹਿਤ ਸ਼ਿਸ਼ੂ, ਕਿਸ਼ੋਰ ਅਤੇ ਤਰੁਨ, ਤਿੰਨ ਵਰਗ ਦਾ ਕਰਜ਼ਾ ਉਪਲਬਧ ਹੈ।

***ਸਵੈ-ਵਿੱਤੀਕਰਨ*** – ਸਵੈ ਵਿੱਤੀਕਰਨ, ਜਿਸ ਨੂੰ ਬੂਟਸਟ੍ਰੈਪਿੰਗ ਵੀ ਆਖਿਆ ਜਾਂਦਾ ਹੈ, ਸਟਾਰਟਅੱਪ ਵਿੱਤੀਕਰਨ ਦਾ ਇਕ ਪ੍ਰਭਾਵੀ ਤਰੀਕਾ ਹੈ, ਖ਼ਾਸ ਕਰਕੇ ਜਦੋਂ ਤੁਸੀਂ ਆਪਣਾ ਵਪਾਰ ਸ਼ੁਰੂ ਕਰਨ ਜਾ ਰਹੇ ਹੋ। ਪਹਿਲੀ ਵਾਰ ਬਣੇ ਉਦਮੀਆਂ ਨੂੰ ਪਹਿਲਾਂ ਕਿਸੇ ਵਿਚਾਰ ਅਤੇ ਭਵਿੱਖੀ ਸਫਲਤਾ ਲਈ ਕਿਸੇ ਯੋਜਨਾ ਦੀ ਅਣਹੋਂਦ ਵਿੱਚ ਵਿੱਤ ਪ੍ਰਾਪਤ ਕਰਨ ਵਿੱਚ ਔਖਿਆਈ ਆਉਂਦੀ ਹੈ।

***ਕਈ ਵਿਅਕਤੀਆਂ ਕੋਲੋਂ ਪੈਸਾ ਪ੍ਰਾਪਤ ਕਰਨਾ*** – ਇਹ ਇਕੋ ਸਮੇਂ ਇਕ ਤੋਂ ਵੱਧ ਵਿਅਕਤੀਆਂ ਕੋਲੋਂ ਕਰਜ਼ਾ, ਪੂਰਵ-ਆਰਡਰ, ਯੋਗਦਾਨ ਜਾਂ ਨਿਵੇਸ਼ ਫੰਡਿੰਗ ਦੇ ਮੰਚ ਉਤੇ ਆਪਣੇ ਵਪਾਰ ਦਾ ਵਿਸਤ੍ਰਿਤ ਲੇਖਾ-ਜੋਖਾ ਰੱਖਣਾ ਪੈਂਦਾ ਹੈ। ਉਹ ਆਪਣੇ ਵਪਾਰ ਦੇ ਟੀਚਿਆਂ ਦਾ ਜ਼ਿਕਰ ਕਰੇਗਾ, ਲਾਭ ਕਮਾਉਣ ਦੀਆਂ ਯੋਜਨਾਵਾਂ ਬਾਰੇ ਦੱਸੇਗਾ, ਉਸ ਨੂੰ ਕਿੰਨੇ ਪੈਸੇ ਦੀ ਜ਼ਰੂਰਤ ਹੈ ਅਤੇ ਕਿਸ ਕਾਰਨ ਲਈ, ਆਦਿ। ਫਿਰ ਜੇ ਖਪਤਕਾਰਾਂ ਨੂੰ ਉਸ ਦਾ ਵਿਚਾਰ ਪਸੰਦ ਆ ਜਾਵੇ ਤਾਂ ਉਸ ਦੇ ਵਪਾਰ ਬਾਰੇ ਵਿਚਾਰ ਕਰਕੇ ਪੈਸਾ ਦੇ ਸਕਦੇ ਹਨ। ਪੈਸਾ ਦੇਣ ਵਾਲੇ ਉਤਪਾਦ ਨੂੰ ਪਹਿਲੋਂ ਖਰੀਦਣ ਜਾਂ ਦਾਨ ਦੇਣ ਲਈ ਆਨਲਾਈਨ ਵਚਨਬੱਧਤਾ ਦੇਣਗੇ। ਜਿਸ ਕਿਸੇ ਨੂੰ ਵੀ ਕਿਸੇ ਵਪਾਰ ਵਿੱਚ ਭਰੋਸਾ ਹੋਵੇ, ਉਹ ਪੈਸੇ ਦਾ ਯੋਗਦਾਨ ਦੇ ਸਕਦਾ ਹੈ। ਭਾਰਤ ਵਿੱਚ ਕ੍ਰਾਊਡ ਫੰਡਿੰਗ ਦੀਆਂ ਕੁੱਝ ਮਸ਼ਹੂਰ ਸਾਈਟਾਂ ਹਨ – indeigogo, wishberry, Ketto, fundlined ਆਦਿ।

***ਪਰੀ ਨਿਵੇਸ਼*** – ਇਹ ਉਹ ਵਿਅਕਤੀ ਹੁੰਦੇ ਹਨ ਜਿਨ੍ਹਾਂ ਕੋਲ ਵਾਧੂ ਨਕਦੀ ਹੁੰਦੀ ਹੈ ਅਤੇ ਜਿਨ੍ਹਾਂ ਦੀ ਆਉਣ ਵਾਲੇ ਸਟਾਰਟਅੱਪ ਵਿੱਚ ਨਿਵੇਸ਼ ਕਰਨ ਦੀ ਦਿਲਚਸਪੀ ਹੁੰਦੀ ਹੈ। ਉਹ ਨਿਵੇਸ਼ ਕਰਨ ਤੋਂ ਪਹਿਲਾਂ ਪ੍ਰਸਤਾਵਾਂ ਦੀ ਜਾਂਚ ਕਰਨ ਲਈ ਨੈੱਟਵਰਕ ਸਮੂਹਾਂ ਵਿੱਚ ਰਲ ਕੇ ਕੰਮ ਵੀ ਕਰਦੇ ਹਨ। ਉਹ ਪੂੰਜੀ ਤੋਂ ਇਲਾਵਾ ਗੁਰੂ ਵਾਲੀ ਸਲਾਹ ਵੀ ਪੇਸ਼ ਕਰ ਸਕਦੇ ਹਨ। ਪਰੀ ਨਿਵੇਸ਼ਕਾਂ ਨੇ ਕਈ ਨਾਮੀ ਕੰਪਨੀਆਂ ਸ਼ੁਰੂ ਕਰਨ ਵਿੱਚ ਮਦਦ ਕੀਤੀ ਹੈ ਜਿਵੇਂ ਗੂਗਲ, ਯਾਹੂ ਅਤੇ ਅਲੀਬਾਬਾ। ਨਿਵੇਸ਼ ਦਾ ਇਹ ਵਿਕਲਪਿਕ ਰੂਪ ਆਮ ਤੌਰ ਤੇ ਕਿਸੇ ਕੰਪਨੀ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿੱਚ ਵਾਪਰਦਾ ਹੈ, ਜਿਸ ਵਿੱਚ ਨਿਵੇਸ਼ਕ 30 ਪ੍ਰਤਿਸ਼ਤ ਤੱਕ ਮੁਨਾਫੇ ਦੀ ਆਸ ਕਰਦੇ ਹਨ। ਉਹ ਜ਼ਿਆਦਾ ਕਮਾਈ ਲਈ ਨਿਵੇਸ਼ ਵਿੱਚ ਜ਼ਿਆਦਾ ਖ਼ਤਰੇ ਲੈਣ ਨੂੰ ਤਰਜੀਹ ਦਿੰਦੇ ਹਨ।

***ਉੱਦਮ ਪੂੰਜੀ*** – ਉੱਦਮ ਪੂੰਜੀ ਪੇਸ਼ੇਵਰ ਤੌਰ ਤੇ ਪ੍ਰਬੰਧਿਤ ਫੰਡ ਹੁੰਦਾ ਹੈ ਜੋ ਵੱਡੀਆਂ ਸੰਭਵਨਾਵਾਂ ਵਾਲੀਆਂ ਕੰਪਨੀਆਂ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। ਉਹ ਆਮ ਤੌਰ ਤੇ ਮੁਨਾਫੇ ਖਾਤਰ ਵਪਾਰ ਵਿੱਚ ਨਿਵੇਸ਼ ਕਰਦੇ ਹਨ ਅਤੇ ਜਦੋਂ ਕੋਈ ਆਈ ਪੀ ਓ ਆਉਂਦਾ ਹੈ ਜਾਂ ਅਧਿਗ੍ਰਹਿਣ ਹੁੰਦਾ ਹੈ ਤਾਂ ਇਸ ਵਿੱਚੋਂ ਬਾਹਰ ਨਿਕਲ ਜਾਂਦੇ ਹਨ। ਉੱਦਮ ਨਿਵੇਸ਼ ਕਰਨ ਵਾਲੇ ਮੁਹਾਰਤ, ਗੁਰੂ ਵਾਲੀ ਸਲਾਹ ਪ੍ਰਦਾਨ ਕਰਦੇ ਹਨ ਅਤੇ ਇਹ ਵੇਖਣ ਲਈ ਲਿਟਮਸ ਟੈਸਟ ਵਾਂਗ ਕੰਮ ਕਰਦੇ ਹਨ ਕਿ ਸੰਗਠਨ ਕਿਧਰ ਜਾ ਰਿਹਾ ਹੈ, ਵਪਾਰ ਦਾ ਚਿਰ ਸਥਾਈ ਅਤੇ ਅੱਗੇ ਵਧਣ ਦੇ ਨਜ਼ਰੀਏ ਤੋਂ ਮੁਲਾਂਕਣ ਕਰਦੇ ਹਨ।

***ਵਪਾਰ ਨੂੰ ਸਿੰਜਣ ਅਤੇ ਗਤੀ ਦੇਣ ਵਾਲੇ*** – ਮੁਢਲੇ ਪੜਾਅ ਵਿੱਚ ਵਪਾਰ ਪੈਸੇ

ਜੁਟਾਉਣ ਦੇ ਬਦਲ ਦੇ ਤੌਰ ਤੇ ਸਿੰਜਣ (ਦੇਖਭਾਲ) ਅਤੇ ਗਤੀ ਦੇਣ ਵਾਲੇ ਪ੍ਰੋਗਰਾਮਾਂ ਉਤੇ ਵਿਚਾਰ ਕਰ ਸਕਦੇ ਹਨ। ਹਰੇਕ ਵੱਡੇ ਸ਼ਹਿਰ ਵਿੱਚ ਮੌਜੂਦ ਇਹ ਪ੍ਰੋਗਰਾਮ ਹਰੇਕ ਸਾਲ ਸੈਂਕੜੇ ਸਟਾਰਟਅੱਪ ਵਪਾਰਾਂ ਦੀ ਸਹਾਇਤਾ ਕਰਦੇ ਹਨ। ਦੇਖਭਾਲ ਕਰਨ ਵਾਲੇ ਪ੍ਰੋਗਰਾਮ ਇਕ ਬੱਚੇ ਲਈ ਮਾਪਿਆਂ ਵਰਗੇ ਹੁੰਦੇ ਹਨ ਜੋ ਕਿਸੇ ਵਪਾਰ ਨੂੰ ਆਸਰੇ ਦੇ ਸਾਧਨ ਅਤੇ ਸਿਖਲਾਈ ਪ੍ਰਦਾਨ ਕਰਕੇ ਕਿਸੇ ਵਪਾਰਕ ਨੈੱਟਵਰਕ ਨਾਲ ਜੋੜ ਦਿੰਦੇ ਹਨ। ਗਤੀ ਪ੍ਰਦਾਨ ਕਰਨ ਵਾਲੇ ਵੀ ਲਗਭਗ ਉਹੋ ਜਿਹੇ ਹੀ ਹੁੰਦੇ ਹਨ ਪਰ ਇਕ ਇਨਕੂਬੇਟਰ ਇਕ ਵਪਾਰ ਨੂੰ ਵਧਣ ਫੁੱਲਣ ਅਤੇ ਤੁਰਨ ਵਿੱਚ ਮਦਦ ਕਰਦਾ ਹੈ ਜਦ ਕਿ ਐਕਸੀਲੇਟਰ ਦੌੜਨ ਅਤੇ ਵੱਡੀਆਂ ਪੁਲਾਂਘਾਂ ਪੁੱਟਣ ਵਿੱਚ ਸਹਾਇਦਾ ਕਰਦਾ ਹੈ।

***ਮਾਈਕ੍ਰੋ ਫਾਇਨਾਂਸ ਪ੍ਰਦਾਨ ਕਰਨ ਵਾਲੇ ਜਾਂ ਐੱਨ ਬੀ ਐੱਫ ਸੀਜ਼*** – ਬੁਨਿਆਦੀ ਤੌਰ ਤੇ ਮਾਈਕ੍ਰੋ ਫਾਇਨਾਂਸ ਉਨ੍ਹਾਂ ਲੋਕਾਂ ਤੱਕ ਵਿੱਤੀ ਸੇਵਾਵਾਂ ਦੀ ਪਹੁੰਚ ਨੂੰ ਕਹਿੰਦੇ ਹਨ ਜਿਨ੍ਹਾਂ ਦੀ ਰਵਾਇਤੀ ਬੈਂਕਿੰਗ ਸੇਵਾਵਾਂ ਤੱਕ ਰਸਾਈ ਨਹੀਂ ਹੁੰਦੀ। ਇਹ ਉਨ੍ਹਾਂ ਲੋਕਾਂ ਦੀ ਲਗਾਤਾਰ ਪਸੰਦ ਬਣਦਾ ਜਾ ਰਿਹਾ ਹੈ ਜਿਨ੍ਹਾਂ ਦੀਆਂ ਲੋੜਾਂ ਸੀਮਤ ਹੁੰਦੀਆਂ ਹਨ ਅਤੇ ਕ੍ਰੈਡਿਟ ਦਰਜਾਬੰਦੀ ਬੈਂਕਾਂ ਦੇ ਅਨੁਕੂਲ ਨਹੀਂ ਹੁੰਦੀ। ਇਸੇ ਪ੍ਰਕਾਰ, ਐੱਨ ਬੀ ਐੱਫ ਸੀਜ਼ ਜਾਂ ਨਾਨ ਬੈਂਕਿੰਗ ਫਾਇਨਾਂਸ਼ਲ ਕਾਰਪੋਰੇਸ਼ਨ ਉਹ ਹਨ ਜੋ ਬਿਨਾਂ ਕਾਨੂੰਨੀ ਜ਼ਰੂਰਤਾਂ ਅਤੇ ਬੈਂਕ ਦੀ ਪਰਿਭਾਸ਼ਾ ਪੂਰੀ ਕੀਤੇ ਬਿਨਾਂ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ।

ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਦੀਆਂ ਪਹਿਲਕਦਮੀਆਂ ਸਟਾਰਟਅੱਪ ਕਾਰਜ ਯੋਜਨਾ ਦਾ 19 ਨੁਕਾਤੀ ਏਜੰਡਾ ਹੈ ਜਿਸ ਵਿੱਚ ਕਿਰਤ ਅਤੇ ਵਾਤਾਵਰਣਿਕ ਨਿਯਮਨ ਦੀ ਪਾਲਣਾ ਲਈ ਸਵੈ-ਪ੍ਰਮਾਣੀਕਰਨ, ਸਹਾਇਕਾਂ ਦਾ ਇਕ ਪੈਨਲ ਜੋ ਪੇਟੈਂਟ ਦਾਖਲ ਕਰਨ ਬੌਧਿਕ ਜਾਇਦਾਦ ਅਰਜ਼ੀਆਂ ਦਾਖਲ ਕਰਨ, ਸੀਡ ਫੰਡਿੰਗ, ਪੂੰਜੀਗਤ ਪ੍ਰਾਪਤੀਆਂ, ਆਮਦਨ ਕਰ 'ਤੇ ਤਿੰਨ ਸਾਲ ਦੀ ਛੋਟ ਅਤੇ ਚਾਰ ਵਰ੍ਹਿਆਂ ਲਈ ਫੰਡ ਆਫ ਫੰਡਜ਼ ਰਾਹੀਂ 10,000 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਿਹੇ ਪ੍ਰੋਤਸਾਹਨ ਸ਼ਾਮਲ ਹਨ।

ਸਟਾਰਟਅੱਪ ਇੰਡੀਆ ਦੀ 19 ਨੁਕਾਤੀ ਕਾਰਜ ਯੋਜਨਾ

1. ਸਵੈ-ਪ੍ਰਮਾਣੀਕਰਨ ਪਾਲਣਾ

2. ਸਟਾਰਟਅੱਪ ਇੰਡੀਆ ਹੱਬ ਰਾਹੀਂ ਸੰਪਰਕ ਦਾ ਇਕ ਬਿੰਦੂ

3. ਮੋਬਾਈਲ ਐਪ ਅਤੇ ਪੋਰਟਲ ਨਾਲ ਪ੍ਰਕਿਰਿਆਵਾਂ ਨੂੰ ਅਸਾਨ ਕਰਨਾ (ਪੰਜੀਕਰਨ, ਪਾਲਣਾ ਦਾਖਲ ਕਰਨ ਅਤੇ ਜਾਣਕਾਰੀ ਲੈਣ ਲਈ)

4. ਕਾਨੂੰਨੀ ਸਹਾਇਤਾ, ਫਾਸਟ ਟ੍ਰੈਕਿੰਗ ਅਤੇ ਪੇਟੈਂਟ ਪੰਜੀਕਰਨ ਫੀਸ ਵਿੱਚ 80 ਪ੍ਰਤਿਸ਼ਤ ਕਮੀ।

5. ਜਨਤਕ ਖਰੀਦ ਦੇ ਅਸਾਨ ਨਿਯਮ

6. ਸੌਖਾ ਅਤੇ ਤੇਜ਼ੀ ਨਾਲ ਬਾਹਰ ਨਿਕਲਣਾ

7. 10,000 ਕਰੋੜ ਰੁਪਏ ਦੇ ਫੰਡ ਆਫ ਫੰਡਜ਼ ਰਾਹੀਂ ਫੰਡਿੰਗ ਸਹਾਇਤਾ

8. ਕ੍ਰੈਡਿਟ ਗਰੰਟੀ ਫੰਡਿੰਗ

9. ਪੂੰਜੀਗਤ ਪ੍ਰਾਪਤੀਆਂ ਉਤੇ ਕਰ ਛੋਟ

10. 3 ਸਾਲ ਲਈ ਆਮਦਨ ਕਰ ਛੋਟ

11. ਫੇਅਰ ਮਾਰਕੀਟ ਵੈਲਿਊ ਤੋਂ ਉੱਤੇ ਨਿਵੇਸ਼ ਉਤੇ ਕਰ ਛੋਟ

12. ਸਾਲਾਨਾ ਸਟਾਰਟਅੱਪ ਮੇਲੇ (ਰਾਸ਼ਟਰੀ ਤੇ ਅੰਤਰਰਾਸ਼ਟਰੀ)

13. ਅਟੱਲ ਇਨੋਵੇਸ਼ਨ ਮਿਸ਼ਨ (ਏ ਆਈ ਐੱਮ) ਤਹਿਤ ਵਿਸ਼ਵ ਪੱਧਰੀ ਖੋਜ ਕੇਂਦਰਾਂ ਦੀ ਸਥਾਪਨਾ

14. ਦੇਸ਼ ਭਰ ਵਿੱਚ ਇਨਕੂਬੇਟਰ ਨੈੱਟਵਰਕ ਦੀ ਸਥਾਪਨਾ

15. ਇਨਕੂਬੇਟਰ ਅਤੇ ਖੋਜ ਤੇ ਵਿਕਾਸ ਵਿੱਚ ਵਾਧਾ ਕਰਨ ਲਈ ਖੋਜ ਕੇਂਦਰ

16. ਖੋਜ ਨੂੰ ਹੁਲਾਰਾ ਦੇਣ ਲਈ ਖੋਜ ਪਾਰਕ

17. ਬਾਇਓਟੈਕਨਾਲੋਜੀ ਵਿੱਚ ਉੱਦਮਤਾ ਨੂੰ ਪ੍ਰੋਤਸਾਹਨ

18. ਵਿਦਿਆਰਥੀਆਂ ਲਈ ਖੋਜ ਕੇਂਦਰਿਤ ਪ੍ਰੋਗਰਾਮ

19. ਸਾਲਾਨਾ ਇਨਕੂਬੇਟਰ ਮਹਾਂ ਚੁਨੌਤੀ

1. ਸਵੈ-ਪ੍ਰਮਾਣੀਕਰਨ – ਸਟਾਰਟਅੱਪ ਨਿਯਮਨ ਦੇਣਦਾਰੀਆਂ ਨੂੰ ਘੱਟ ਕਰਨ ਲਈ ਸਵੈ-ਪ੍ਰਮਾਣੀਕਰਨ ਅਪਣਾਉਣਗੇ। ਸਵੈ-ਪ੍ਰਮਾਣੀਕਰਨ ਗ੍ਰੈਚੁਟੀ ਦੇ ਭੁਗਤਾਨ, ਕਿਰਤ ਇਕਰਾਰਨਾਮੇ, ਪ੍ਰਾਵੀਡੈਂਟ ਫੰਡ ਪ੍ਰਬੰਧਨ, ਜਲ ਅਤੇ ਹਵਾ ਪ੍ਰਦੂਸ਼ਨ ਕਾਨੂੰਨਾਂ ਅਤੇ ਐਕਟ ਉਤੇ ਲਾਗੂ ਹੋਣਗੇ।

2. ਸਟਾਰਟਅੱਪ ਇੰਡੀਆ ਹੱਬ – ਭਾਰਤ ਵਿੱਚ ਸਟਾਰਟਅੱਪ ਫਾਊਂਡੇਸ਼ਨਾਂ ਲਈ ਇਕ ਸੰਪਰਕ ਬਿੰਦੂ ਵਾਲੀ ਸਰਬ ਭਾਰਤੀ ਹੱਬ ਦਾ ਨਿਰਮਾਣ ਕੀਤਾ ਜਾਵੇਗਾ ਜੋ ਉੱਦਮੀਆਂ ਦੀ ਜਾਣਕਾਰੀ ਦਾ ਵਟਾਂਦਰਾ ਕਰਨ ਅਤੇ ਵਿੱਤੀ ਸਹਾਇਤਾ ਤੱਕ ਰਸਾਈ ਕਰਨ ਵਿੱਚ ਮਦਦ ਕਰੇਗੀ।

3. ਐਪ ਰਾਹੀਂ ਪੰਜੀਕਰਨ – ਮੋਬਾਈਲ ਐਪਲੀਕੇਸ਼ਨ ਦੇ ਰੂਪ ਵਿੱਚ ਇਕ ਆਨਲਾਈਨ ਪੋਰਟਲ ਸ਼ੁਰੂ ਕੀਤਾ ਜਾ ਰਿਹਾ ਹੈ ਜੋ ਸਟਾਰਟਅੱਪ ਮੋਢੀਆਂ ਨੂੰ ਅਸਾਨੀ ਨਾਲ ਪੰਜੀਕਰਨ ਕਰਨ ਵਿੱਚ ਮਦਦ ਕਰੇਗਾ।

4. ਪੇਟੈਂਟ ਸੁਰੱਖਿਆ – ਘੱਟ ਲਾਗਤ ਉਤੇ ਪੇਟੈਂਟ ਨਿਰੀਖਣ ਦੀ ਧਾਰਣਾ ਵਿਕਾਸ ਕਰਨ ਲਈ ਕੇਂਦਰ ਸਰਕਾਰ ਵਲੋਂ ਕੰਮ ਕੀਤਾ ਜਾ ਰਿਹਾ ਹੈ। ਇਹ ਪ੍ਰਣਾਲੀ ਸਟਾਰਟਅੱਪ ਫਾਊਂਡੇਸ਼ਨਾਂ ਦੁਆਰਾ ਬੌਧਿਕ ਜਾਇਦਾਦ ਹੱਕਾਂ (ਆਈ ਪੀ ਆਰਜ਼) ਨੂੰ ਅਪਣਾਉਣ ਲਈ ਜਾਗਰੂਕਤਾ ਦਾ ਪਸਾਰ ਕਰੇਗੀ।

5. 10,000 ਕਰੋੜ ਰੁਪਏ ਦਾ ਫੰਡ – ਸਰਕਾਰ ਵਲੋਂ ਇਕ ਫੰਡ ਵਿਕਸਤ ਕੀਤਾ ਜਾਵੇਗਾ ਜਿਸ ਦੀ ਮੁਢਲੀ ਰਾਸ਼ੀ 2500 ਕਰੋੜ ਹੋਵੇਗੀ। 4 ਸਾਲਾਂ ਵਿੱਚ ਇਹ ਫੰਡ 10,000 ਕਰੋੜ ਦਾ ਹੋ ਜਾਵੇਗਾ ਜੋ ਨਵੇਂ ਬਣ ਰਹੇ ਸਟਾਰਟਅੱਪ ਉੱਦਮਾਂ ਦੀ ਮਦਦ ਕਰੇਗਾ। ਭਾਰਤੀ ਜੀਵਨ ਬੀਮਾ ਨਿਗਮ ਇਸ ਫੰਡ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਸਟਾਰਟਅੱਪ ਸੱਨਅਤ ਤੋਂ ਚੁਣੀ ਨਿੱਜੀ ਪੇਸ਼ੇਵਰਾਂ ਦੀ ਇਕ ਸਮਿਤੀ ਇਸ ਫੰਡ ਦਾ ਪ੍ਰਬੰਧਨ ਕਰੇਗੀ।

6. ਨੈਸ਼ਨਲ ਕ੍ਰੈਡਿਟ ਗਰੰਟੀ ਟ੍ਰਸਟ ਕੰਪਨੀ – ਇਕ ਨੈਸ਼ਨਲ ਕ੍ਰੈਡਿਟ ਗਰੰਟੀ ਟ੍ਰਸਟ ਕੰਪਨੀ (ਐੱਨ ਸੀ ਜੀ ਟੀ ਸੀ) ਦਾ ਸੰਕਲਪ ਵੇਖਿਆ ਜਾ ਰਿਹਾ ਹੈ ਜਿਸ ਦਾ ਹਰ ਸਾਲ (ਅਗਲੇ 4 ਸਾਲਾਂ ਲਈ) ਬਜਟ 500 ਕਰੋੜ ਦਾ ਹੋਵੇਗਾ ਤਾਂ ਕਿ ਸਟਾਰਟ ਅੱਪ ਲਈ ਫੰਡ ਦੇ ਪ੍ਰਵਾਹ ਵਿੱਚ ਮਦਦ ਦਿੱਤੀ ਜਾ ਸਕੇ।

7. ਕੋਈ ਪੂੰਜੀਗਤ ਪ੍ਰਾਪਤੀ ਕਰ ਨਹੀਂ –

ਮੌਜੂਦਾ ਸਮੇਂ ਉੱਦਮ ਪੂੰਜੀ ਫੰਡ ਵਲੋਂ ਨਿਵੇਸ਼ ਨੂੰ ਪੂੰਜੀਗਤ ਪ੍ਰਾਪਤੀ ਕਰ ਤੋਂ ਛੋਟ ਹਾਸਲ ਹੈ। ਇਹੀ ਨੀਤੀ ਸਟਾਰਟਅੱਪ ਵਿੱਚ ਮੁੱਢਲੀ ਪੱਧਰ ਦੇ ਨਿਵੇਸ਼ ਉਤੇ ਵੀ ਲਾਗੂ ਕੀਤੀ ਜਾ ਰਹੀ ਹੈ।

8. ਤਿੰਨ ਸਾਲਾਂ ਲਈ ਕੋਈ ਆਮਦਨ ਕਰ ਨਹੀਂ – ਸਟਾਰਟਅੱਪ ਤਿੰਨ ਸਾਲ ਲਈ ਕੋਈ ਆਮਦਨ ਕਰ ਨਹੀਂ ਦੇਣਗੇ। ਇਹ ਨੀਤੀ ਭਵਿੱਖ ਵਿੱਚ ਤਰੱਕੀ ਕਰਨ ਵਾਲੇ ਸਟਾਰਟਅੱਪ ਦੀ ਰਫਤਾਰ ਵਿੱਚ ਇਨਕਲਾਬ ਲਿਆ ਦੇਵੇਗੀ।
9. ਉੱਚ ਨਿਵੇਸ਼ ਲਈ ਕਰ ਛੋਟ – ਜੇ ਕੋਈ ਨਿਵੇਸ਼ ਬਾਜ਼ਾਰ ਮੁੱਲ ਤੋਂ ਵੱਧ ਮੁੱਲ ਦਾ ਹੋਵੇ ਤਾਂ ਇਸ ਨੂੰ ਕਰ ਦੇਣ ਤੋਂ ਛੋਟ ਦਿੱਤੀ ਜਾਵੇਗੀ।

10. ਉੱਦਮੀਆਂ ਨੂੰ ਵਿਕਸਤ ਕਰਨਾ – ਵਿਦਿਆਰਥੀਆਂ ਲਈ ਖੋਜ ਨਾਲ ਸੰਬੰਧਿਤ ਅਧਿਐਨ ਯੋਜਨਾਵਾਂ 5 ਲੱਖ ਤੋਂ ਵੱਧ ਸਕੂਲਾਂ ਵਿੱਚ ਚੱਲ ਰਹੀਆਂ ਹਨ। ਇਸ ਦੇ ਨਾਲ-ਨਾਲ ਵਿਸ਼ਵ ਪੱਧਰ ਦੇ ਇਨਕੂਬੇਟਰ ਵਿਕਸਤ ਕਰਨ ਲਈ ਸਾਲਾਨਾ ਇਨਕੂਬੇਟਰ ਮਹਾਂ ਚੁਨੌਤੀ ਦਾ ਆਯੋਜਨ ਵੀ ਕੀਤਾ ਜਾਵੇਗਾ।

11. ਅਟੱਲ ਖੋਜ ਮਿਸ਼ਨ – ਖੋਜ ਨੂੰ ਹੁਲਾਰਾ ਦੇਣ ਅਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਅਟੱਲ ਖੋਜ ਮਿਸ਼ਨ ਦੀ ਸ਼ੁਰੂਆਤ ਕੀਤੀ ਜਾਵੇਗੀ।

12. ਇਨਕੂਬੇਟਰਜ਼ ਸਥਾਪਤ ਕਰਨਾ – ਰਾਸ਼ਟਰੀ ਸੰਸਥਾਨਾਂ ਵਿੱਚ 35 ਨਵੇਂ ਇਨਕੂਬੇਟਰਜ਼ ਅਤੇ 31 ਖੋਜ ਕੇਂਦਰ ਖੋਲ੍ਹਣ ਲਈ ਨਿੱਜੀ ਜਨਤਕ ਭਾਈਵਾਲੀ ਮਾਡਲ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

13. ਖੋਜ ਪਾਰਕ – ਸਰਕਾਰ ਦੀ ਯੋਜਨਾ ਸੱਤ ਨਵੇਂ ਖੋਜ ਪਾਰਕ ਸਥਾਪਤ ਕਰਨ ਦੀ ਹੈ ਜਿਨ੍ਹਾਂ ਵਿੱਚੋਂ 6 ਇੰਡੀਅਨ ਇੰਸਟੀਚਿਊਟ ਆਫ ਤਕਨਾਲੋਜੀ ਦੇ ਕੈਂਪਸ ਵਿੱਚ ਅਤੇ ਇਕ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਦੇ ਕੈਂਪਸ ਵਿੱਚ ਹੋਵੇਗਾ। ਹਰੇਕ ਵਾਸਤੇ 100 ਕਰੋੜ ਦਾ ਨਿਵੇਸ਼ ਕੀਤਾ ਜਾਵੇਗਾ।

14. ਬਾਇਓਟੈਕਨਾਲੋਜੀ ਵਿੱਚ ਉੱਦਮਤਾ– ਸਰਕਾਰ ਵਲੋਂ 50 ਨਵੇਂ ਬਾਇਓਟੈਕ ਝੁੰਡ, 50 ਨਵੇਂ ਬਾਇਓ ਇਨਕੂਬੇਟਰਜ਼, 150 ਤਕਨਾਲੋਜੀ ਤਬਦੀਲੀ ਦਫਤਰ ਅਤੇ 20 ਬਾਇਓ-ਸੰਪਰਕ ਦਫਤਰਾਂ ਦੀ ਦੇਸ਼ ਵਿੱਚ ਸਥਾਪਨਾ ਕੀਤੀ ਜਾਵੇਗੀ।

15. ਸਕੂਲਾਂ ਵਿੱਚ ਸਮਰਪਿਤ ਪ੍ਰੋਗਰਾਮ – ਸਰਕਾਰ 5 ਲੱਖ ਤੋਂ ਵੱਧ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਖੋਜ ਸੰਬੰਧਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਕਰੇਗੀ।

16.ਕਾਨੂੰਨੀ ਸਹਾਇਤਾ – ਸਹਾਇਕਾਂ ਦਾ ਇਕ ਪੈਨਲ ਪੇਟੈਂਟ ਅਰਜ਼ੀ ਦਾਖਲ ਕਰਨ ਅਤੇ ਦੂਸਰੇ ਅਧਿਕਾਰਤ ਦਸਤਾਵੇਜ਼ ਦਾਖਲ ਕਰਨ ਲਈ ਕਾਨੂੰਨੀ ਸਹਾਇਤਾ ਪ੍ਰਦਾਨ ਕਰੇਗਾ।

17. ਛੋਟ – ਪੇਟੈਂਟ ਅਰਜ਼ੀਆਂ ਦਾਖਲ ਕਰਨ ਉਤੇ ਉੱਦਮੀਆਂ ਨੂੰ ਕੁੱਲ ਮੁੱਲ ਦੇ 80 ਪ੍ਰਤਿਸ਼ਤ ਰਕਮ ਦੀ ਛੂਟ ਦਿੱਤੀ ਜਾਵੇਗੀ।

18. ਸਰਲ ਨਿਯਮ – ਜਨਤਕ ਖਰੀਦ ਅਤੇ ਵਪਾਰਕ ਨਿਯਮਾਂ ਨੂੰ ਸਟਾਰਟਅੱਪ ਲਈ ਸਰਲ ਕਰ ਦਿੱਤਾ ਗਿਆ ਹੈ।

19. ਤੇਜ਼ੀ ਨਾਲ ਨਿਕਾਸ – ਜੇ ਸਟਾਰਟਅੱਪ ਅਸਫਲ ਹੋ ਜਾਂਦਾ ਹੈ ਤਾਂ ਸਰਕਾਰ ਉੱਦਮੀਆਂ ਦੀ ਢੁੱਕਵੇਂ ਹੱਲ ਲੱਭਣ ਵਿੱਚ ਵੀ ਮਦਦ ਕਰੇਗੀ। ਜੇ ਉਹ ਦੁਬਾਰਾ ਅਸਫਲ ਹੋ ਜਾਂਦੇ ਹਨ ਤਾਂ ਸਰਕਾਰ ਬਾਹਰ ਨਿਕਲਣ ਦਾ ਅਸਾਨ ਰਸਤਾ ਪ੍ਰਦਾਨ ਕਰੇਗੀ।

2016 ਦੀ ਪਹਿਲੀ ਤਿਮਾਹੀ ਤੋਂ ਤੀਜੀ ਤਿਮਾਹੀ ਦਰਮਿਆਨ ਭਾਰਤ ਦੇ ਸਟਾਰਟਅੱਪ ਵਿੱਚ 3.5 ਬਿਲੀਅਨ ਡਾਲਰ ਦਾ ਏਂਜਲ ਅਤੇ ਉੱਦਮੀ ਪੂੰਜੀ ਨਿਵੇਸ਼ 815 ਸਮਝੌਤਿਆਂ ਵਿੱਚ ਕੀਤਾ ਗਿਆ। ਇਹ ਪਿਛਲੇ ਸਾਲ ਇਸੇ ਸਮੇਂ ਦੌਰਾਨ ਕੀਤੇ ਗਏ ਕੁੱਲ ਨਿਵੇਸ਼ ਨਾਲੋਂ ਕਾਫੀ ਘੱਟ ਸੀ। ਯੂ ਸਟੋਰੀ ਖੋਜ ਦੇ ਮੁਤਾਬਕ, ਜਨਵਰੀ ਅਤੇ ਸਤੰਬਰ 2015 ਦਰਮਿਆਨ 639 ਸਮਝੌਤਿਆਂ ਵਿੱਚ 7.3 ਬਿਲੀਅਨ ਡਾਲਰ ਦਾ ਨਿਵੇਸ਼ ਹੋਇਆ। ਇਸ ਸਾਲ ਭਾਵੇਂ ਸਮਝੌਤਿਆਂ ਵਿੱਚ 27 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ ਪਰ ਸਮਝੌਤੇ ਦਾ ਮੁੱਲ ਅਤੇ ਆਕਾਰ ਘਟ ਗਿਆ। ਜੇ ਸੌਖੀ ਭਾਸ਼ਾ ਵਿੱਚ ਗੱਲ ਕਰੀਏ ਤਾਂ 2014 ਵਿੱਚ ਪੂਰੇ ਸਾਲ ਦੌਰਾਨ ਸਿਰਫ 300 ਵੀ ਸੀ ਅਤੇ ਏਂਜਲ ਸਮਝੌਤੇ ਹੋਏ। ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਆਰਥਿਕ ਪ੍ਰਣਾਲੀ ਵਿੱਚ ਮੁਕਾਬਲੇਬਾਜ਼ੀ ਦੇ ਨਵੇਂ ਆਯਾਮ ਲਿਆਉਣ ਨਾਲ ਸਟਾਰਟਅੱਪ ਕੰਪਨੀਆਂ ਬਾਜ਼ਾਰ ਵਿੱਚ ਸਭ ਤੋਂ ਵੱਧ ਆਰਥਿਕ ਤੌਰ ਤੇ ਗਤੀਸ਼ੀਲ ਸੰਗਠਨ ਬਣ ਗਏ ਹਨ ਕਿਉਂਕਿ ਇਹ ਕਿਸੇ ਵੀ ਆਰਥਿਕ ਪ੍ਰਣਾਲੀ ਨੂੰ ਵਾਧੂ ਗਤੀਸ਼ੀਲਤਾ ਅਤੇ ਮੁਕਾਬਲੇਬਾਜ਼ੀ ਪ੍ਰਦਾਨ ਕਰਦੇ ਹਨ। ਇਹ ਬਦਲਾਅ ਲਈ ਉਤਪ੍ਰੇਰਕ ਏਜੰਟ ਵਜੋਂ ਕੰਮ ਕਰਦੇ ਹਨ ਜਿਸ ਦਾ ਨਤੀਜਾ ਲੜੀਵਾਰ ਹੁੰਗਾਰੇ ਦੇ ਰੂਪ ਵਿੱਚ ਨਿਕਲਦਾ ਹੈ। ਜਦੋਂ ਇਕ ਵਾਰੀ ਕੋਈ ਉੱਦਮ ਸਥਾਪਤ ਹੋ ਜਾਵੇ ਤਾਂ ਉਦਯੋਗੀਕਰਨ ਦੀ ਪ੍ਰਕਿਰਿਆ ਤੁਰ ਪੈਂਦੀ ਹੈ। ਇਹ ਸਾਰੀਆਂ ਸਰਗਰਮੀਆਂ ਉੱਦਮਤਾ ਨੂੰ ਵਧਾਉਂਦੀਆਂ ਹਨ ਅਤੇ ਵੱਖ-ਵੱਖ ਕਿਸਮ ਦੀਆਂ ਇਕਾਈਆਂ ਦੀ ਮੰਗ ਪੈਦਾ ਕਰਦੀਆਂ ਹਨ, ਜਿਸ ਦੇ ਨਤੀਜੇ ਵਜੋਂ ਮੰਗ ਵਧਣ ਕਰਕੇ ਅਤੇ ਹੋਰ ਨਵੀਆਂ ਇਕਾਈਆਂ ਸਥਾਪਤ ਹੋਣ ਨਾਲ ਕਿਸੇ ਖੇਤਰ ਦਾ ਸਮੂਹਿਕ ਵਿਕਾਸ ਹੋਵੇਗਾ। ਦੇਸੀ ਸਟਾਰਟਅੱਪ ਨਾ ਕੇਵਲ ਲੋਕਾਂ ਦੇ ਜੀਵਨ ਨੂੰ ਆਪਣੀਆਂ ਵਾਜਬ ਅਤੇ ਸੌਖੀਆਂ ਸੇਵਾਵਾਂ ਨਾਲ ਅਰਾਮਦਾਇਕ ਬਣਾਉਣਗੇ ਸਗੋਂ ਭਾਰਤੀ ਅਰਥਚਾਰੇ ਦੇ ਵਿਕਾਸ ਅਤੇ ਤਰੱਕੀ ਲਈ ਵੀ ਵੱਡਾ ਹੁਲਾਰਾ ਸਾਬਤ ਹੋਣਗੇ। ਸਾਡਾ ਮੰਨਣਾ ਹੈ ਕਿ ਸਟਾਰਟਅੱਪ ਇੰਡੀਆ ਦਾ ਮਤਲਬ ਭਾਰਤ ਦੀ ਖੁਸ਼ਹਾਲੀ ਦਾ ਨਿਰਮਾਣ ਕਰਨਾ ਹੈ। ਬਹੁਤ ਸਾਰੇ ਨੌਜਵਾਨ ਉੱਦਮੀ ਜੋ ਆਪਣਾ ਵਪਾਰ ਸ਼ੁਰੂ ਕਰਨਾ ਚਾਹੁੰਦੇ ਹਨ, ਕੋਲ ਸਾਧਨਾਂ ਦੀ ਕਮੀ ਹੈ। ਸਿੱਟੇ ਵਜੋਂ ਉਨ੍ਹਾਂ ਦੇ ਵਿਚਾਰ, ਪ੍ਰਤਿਭਾ ਅਤੇ ਸਮਰੱਥਾਵਾਂ ਅਣਵਰਤੀਆਂ ਰਹਿ ਜਾਂਦੀਆਂ ਹਨ – ਅਤੇ ਦੇਸ਼ ਨੂੰ ਅਸਾਸਿਆਂ ਦੇ ਨਿਰਮਾਣ, ਆਰਥਿਕ ਵਿਕਾਸ ਅਤੇ ਰੋਜ਼ਗਾਰ ਵਿੱਚ ਮਾਰ ਸਹਿਣੀ ਪੈਂਦੀ ਹੈ। ਸਟਾਰਟਅੱਪ ਇੰਡੀਆ ਇਹ ਯਕੀਨੀ ਬਣਾ ਕੇ ਉੱਦਮਤਾ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇ ਰਹੇ ਹਨ ਕਿ ਜਿਨ੍ਹਾਂ ਲੋਕਾਂ ਵਿੱਚ ਖੋਜ ਅਤੇ ਆਪਣਾ ਵਪਾਰ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਹਨ, ਉਨ੍ਹਾਂ ਨੂੰ ਕਈ ਪੱਧਰਾਂ ਉਤੇ ਸਰਗਰਮ ਸਹਾਇਤਾ ਅਤੇ ਪ੍ਰੋਤਸਾਹਨ ਦੇ ਕੇ ਉਤਸ਼ਾਹਿਤ ਕੀਤਾ ਜਾਵੇ।

*(ਲੇਖਕ ਸੌਰਭ ਸਾਨਿਆਲ ਪੀ ਐੱਚ ਡੀ ਚੈਂਬਰ ਆਫ ਕਾਮਰਸ ਅਤੇ ਇੰਡਸਟਰੀ ਵਿੱਚ ਸਕੱਤਰ ਜਨਰਲ ਹਨ ਅਤੇ ਉਨ੍ਹਾਂ ਕੋਲ ਹਥਿਆਰਬੰਦ ਸੈਨਾਵਾਂ ਅਤੇ ਕਾਰਪੋਰੇਟ ਸੈਕਟਰ ਦਾ 33 ਸਾਲਾਂ ਦਾ ਤਜਰਬਾ ਹੈ।*

*ਰਣਜੀਤ ਮਹਿਤਾ ਪੀ ਐੱਚ ਡੀ ਚੈਂਬਰ ਆਫ ਕਾਮਰਸ, ਨਵੀਂ ਦਿੱਲੀ ਵਿੱਚ ਡਾਇਰੈਕਟਰ ਹਨ।)*

*e-mail :saurabh.sanyal@phdcci.in*
*:ranjeetmehta@gmail.com*

# ਨੌਜਵਾਨ : ਬਦਲਾਅ ਦੇ ਏਜੰਟ

✍ ਸੁਨੀਤਾ ਸਾਂਘੀ

"ਹੁਨਰਮੰਦੀ ਦਾ ਮਤਲਬ ਹੈ ਇਕ ਬੇਹਤਰ ਭਾਰਤ ਦੀ ਉਸਾਰੀ ਕਰਨਾ। ਜੇ ਭਾਰਤ ਨੂੰ ਵਿਕਾਸ ਦੇ ਮਾਰਗ ਤੇ ਅੱਗੇ ਲੈ ਕੇ ਜਾਣਾ ਹੈ ਤਾਂ ਹੁਨਰ ਦਾ ਵਿਕਾਸ ਸਾਡਾ ਮਿਸ਼ਨ ਹੋਣਾ ਚਾਹੀਦਾ ਹੈ" ਭਾਰਤ ਦੇ ਪ੍ਰਧਾਨ ਮੰਤਰੀ, 15 ਅਗਸਤ, 2014।

ਭਾਰਤ ਜਨਸੰਖਿਆ ਬਦਲਾਅ ਦੀਆਂ ਬਰੂਹਾਂ ਤੇ ਖੜ੍ਹਾ ਹੈ ਜਿਸ ਦੀ 65 ਪ੍ਰਤਿਸ਼ਤ ਵਸੋਂ 15-59 ਸਾਲ ਦੀ ਕੰਮ ਕਾਜੀ ਉਮਰ ਵਿੱਚ ਹੈ। ਇਹ ਦੁਨੀਆਂ ਦੀ ਹੁਨਰ ਦੀ ਰਾਜਧਾਨੀ ਬਣਨ ਲਈ ਇਕ ਵਿਲੱਖਣ ਮੌਕਾ ਪ੍ਰਦਾਨ ਕਰਦੀ ਹੈ ਜਿਸ ਵਿੱਚ ਸਾਰੇ ਮੁਲਕਾਂ ਅੰਦਰ ਮਾਨਤਾ ਪ੍ਰਾਪਤ ਮਾਨਕਾਂ ਦੇ ਮੁਤਾਬਕ, ਢੁੱਕਵੀਂ ਹੁਨਰਮੰਦੀ ਰਾਹੀਂ, ਵੇਲਾ ਵਿਹਾਅ ਰਹੇ ਅਰਥਚਾਰਿਆਂ ਦੀ ਹੁਨਰਮੰਦ ਮਨੁੱਖੀ ਸ਼ਕਤੀ ਦੀ ਲੋੜ ਪੂਰੀ ਕਰਨ ਦੀ ਸਮਰੱਥਾ ਹੈ।

2014 ਦੀ ਰਾਸ਼ਟਰੀ ਯੁਵਾ ਨੀਤੀ ਮੁਤਾਬਕ 15-29 ਵਰ੍ਹਿਆਂ ਦੇ ਉਮਰ ਸਮੂਹ ਦੇ ਸਾਰੇ ਵਿਅਕਤੀ ਨੌਜਵਾਨ ਜਨਸੰਖਿਆ ਦਾ ਹਿੱਸਾ ਹਨ ਜੋ ਇਕ ਭਿੰਨਤਾ ਵਾਲਾ ਸਮੂਹ ਹੈ ਅਤੇ ਜਿਸ ਦੀਆਂ ਲੋੜਾਂ, ਇੱਛਾਵਾਂ ਅਤੇ ਜ਼ਰੂਰਤਾਂ ਵੱਖੋ-ਵੱਖਰੀਆਂ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਨੌਜਵਾਨ ਜਨਸੰਖਿਆ ਦਾ 28 ਪ੍ਰਤਿਸ਼ਤ ਬਣਦੇ ਹਨ ਜੋ ਭਾਰਤ ਦੇ ਕੁੱਲ ਘਰੇਲੂ ਆਮਦਨ ਵਿੱਚ ਲਗਭਗ 34 ਪ੍ਰਤਿਸ਼ਤ ਯੋਗਦਾਨ ਪਾਉਂਦੇ ਹਨ ਕੁੱਲ ਘਰੇਲੂ ਉਤਪਾਦ ਵਿੱਚ ਨੌਜਵਾਨਾਂ ਦਾ ਯੋਗਦਾਨ ਉਨ੍ਹਾਂ ਦੀ ਕਿਰਤ ਸ਼ਕਤੀ ਵਿੱਚ ਭਾਗੀਦਾਰੀ ਅਤੇ ਉਤਪਾਦਕਤਾ ਵਿੱਚ ਵਾਧਾ ਕਰਕੇ ਵਧਾਇਆ ਜਾ ਸਕਦਾ ਹੈ। ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਦਾ ਸ਼ਕਤੀਕਰਨ ਕੀਤਾ ਜਾਵੇ ਤਾਂ ਕਿ ਉਹ ਆਪਣੀ ਪੂਰਨ ਸਮਰੱਥਾ ਹਾਸਲ ਕਰਕੇ ਭਾਰਤ ਨੂੰ ਹੁਨਰਮੰਦ ਕਿਰਤ ਸ਼ਕਤੀ ਦੇ ਪੂਰਤੀਕਾਰ ਵਜੋਂ ਆਗੂ ਦੇਸ਼ ਬਣਾ ਸਕਣ।

ਭਾਰਤ ਦਾ ਜਨਸੰਖਿਅਕ ਲਾਭਅੰਸ਼ ਸਾਰੇ ਦੇਸ਼ ਵਿੱਚ ਇਕ ਸਮਾਨ ਫੈਲਿਆ ਹੋਇਆ ਨਹੀਂ ਹੈ। ਪ੍ਰਾਇਦੀਪੀ ਭਾਰਤ (ਪੱਛਮੀ ਬੰਗਾਲ, ਕੇਰਲ, ਕਰਨਾਟਕ, ਤਮਿਲਨਾਡੂ, ਆਂਧਰ ਪ੍ਰਦੇਸ਼) ਅਤੇ ਅੰਦਰੂਨੀ ਭਾਰਤ (ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ) ਵਿਚਕਾਰ ਇਕ ਵੱਡਾ ਪਾੜਾ ਹੈ। ਜਦ ਕਿ ਪ੍ਰਾਇਦੀਪੀ ਰਾਜਾਂ ਦੀ ਪੱਧਤੀ ਚੀਨ ਅਤੇ ਕੋਰੀਆ ਦੇ ਵਧੇਰੇ ਨੇੜੇ ਜਾਪਦੀ ਹੈ ਜਿਸ ਵਿੱਚ ਕੰਮਕਾਜੀ ਵਸੋਂ ਵਿੱਚ ਤਿੱਖੇ ਵਾਧੇ ਅਤੇ ਗਿਰਾਵਟ ਦੇਖੀ ਜਾਂਦੀ ਹੈ, ਅੰਦਰੂਨੀ ਰਾਜ ਮੁਕਾਬਲਤਨ ਯੁਵਾ ਅਤੇ ਗਤੀਸ਼ੀਲ ਰਹਿੰਦੇ ਹਨ ਜਿਥੇ ਕੁਝ ਸਮੇਂ ਲਈ ਕੰਮਕਾਜੀ ਵਸੋਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਇਕ ਵਿਸ਼ੇਸ਼ ਲੱਛਣ ਹੁੰਦਾ ਹੈ ਜੋ ਸਦੀ ਦੇ ਅੱਧ ਤੱਕ ਖੜੋਤ ਵਾਲੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਇਸ ਲਈ, ਜਨਸੰਖਿਅਕ ਤੌਰ ਤੇ ਦੋ ਭਾਰਤ ਹਨ ਜਿਸ ਦੇ ਨੀਤੀਗਤ ਹੁੰਗਾਰਿਆਂ ਉਤੇ ਪ੍ਰਭਾਵ ਪੈਂਦੇ ਹਨ, ਮਤਲਬ ਛੇਤੀ ਬੁੱਢਾ ਹੋਣ ਵਾਲਾ ਭਾਰਤ (ਪ੍ਰਾਇਦੀਪੀ ਭਾਰਤ) ਜਿਥੇ ਬਜ਼ੁਰਗਾਂ ਅਤੇ ਉਨ੍ਹਾਂ ਦੀਆਂ ਲੋੜਾਂ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ ਅਤੇ ਇਕ ਯੁਵਾ ਭਾਰਤ (ਅੰਦਰੂਨੀ ਰਾਜ)।

ਪਰ, ਇਨ੍ਹਾਂ ਰਾਜਾਂ ਵਿੱਚ ਪਰਵਾਸ ਲਈ ਉਤਸੁਕਤਾ ਨਾ ਹੋਣ, ਸਿਖਲਾਈ ਲਈ ਖਰਚ ਕਰਨ ਤੋਂ ਅਸਮਰਥਤਾ, ਮਾਲਕਾਂ ਵਲੋਂ ਭਰੋਸੇ ਦੀ ਕਮੀ, ਘੱਟ ਸਾਖਰਤਾ ਪੱਧਰ ਅਤੇ ਜਾਗਰੂਕਤਾ ਦੀ ਕਮੀ ਆਦਿ ਕਾਰਨਾਂ ਕਰਕੇ ਨੌਜਵਾਨਾਂ ਨੂੰ ਕਿੱਤਾ ਮੁਖੀ ਸਿੱਖਿਆ, ਹੁਨਰ ਦੇ ਵਿਕਾਸ ਲਈ ਲਾਮਬੰਦ ਕਰਨਾ ਔਖਾ ਹੈ। ਨੌਜਵਾਨਾਂ ਦੇ ਸ਼ਕਤੀਕਰਨ ਦਾ ਸਵਾਲ ਕਿਰਤ ਬਾਜ਼ਾਰ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਉਤੇ ਝਾਤ ਮਾਰਨਾ ਜ਼ਰੂਰੀ ਕਰ ਦਿੰਦਾ ਹੈ।

## ਨੌਜਵਾਨ ਅਤੇ ਕਿਰਤ ਬਾਜ਼ਾਰ

ਕਿਰਤ ਬਾਜ਼ਾਰ ਦੇ ਸੂਚਕ, ਜਿਵੇਂ ਕਿਰਤ ਸ਼ਕਤੀ ਦੀ ਭਾਗੀਦਾਰੀ ਦੀਆਂ ਦਰਾਂ (ਰੋਜ਼ਗਾਰ ਯਾਫਤਾ ਜਾਂ ਕੰਮ ਮੰਗ ਰਹੇ) ਕਾਮਿਆਂ ਦੀ ਜਨਸੰਖਿਆ ਦਾ ਅਨੁਪਾਤ ਅਤੇ ਬੇਰੋਜ਼ਗਾਰੀ ਦਰ, ਜਿਵੇਂ ਕਿ ਤਾਲਿਕਾ-1 ਵਿੱਚ ਦਿੱਤਾ ਗਿਆ ਹੈ, ਭਾਰਤ ਵਿੱਚ ਨੌਜਵਾਨਾਂ ਲਈ ਕਿਰਤ ਬਾਜ਼ਾਰ ਦੇ ਹਾਲਾਤ ਉਤੇ ਇਕ ਮਹੱਤਵਪੂਰਨ ਝਾਤ ਪਾਉਂਦੇ ਹਨ।

ਤਾਲਿਕਾ ਤੋਂ ਇਹ ਸਪੱਸ਼ਟ ਹੈ ਕਿ ਬਿਨਾਂ ਕਿਸੇ ਲਿੰਗਕ ਅਤੇ ਸਥਾਨਕ ਭਿੰਨ-ਭੇਦ ਦੇ, ਸਾਰੇ ਉਮਰ ਵਰਗਾਂ ਲਈ ਕਿਰਤ ਸ਼ਕਤੀ ਭਾਗੀਦਾਰੀ ਵਿੱਚ ਗਿਰਾਵਟ ਦਰਜ਼ ਕੀਤੀ ਗਈ ਹੈ। ਪਰ ਪੇਂਡੂ ਔਰਤਾਂ ਵਿੱਚ ਇਹ ਗਿਰਵਾਟ ਸਭ ਤੋਂ ਤਿੱਖੀ ਵੇਖੀ ਗਈ ਹੈ ਜਿਸ ਦਾ ਕਾਰਨ ਦਿਹਾਤੀ ਖੇਤਰਾਂ ਵਿੱਚ ਨੌਕਰੀਆਂ ਦੇ ਮੌਕਿਆਂ ਦੀ ਅਣਹੋਂਦ ਜਾਂ ਸਮਾਜਕ/ਧਾਰਮਕ ਰੀਤੀ ਰਿਵਾਜ਼ ਹੋ ਸਕਦੇ ਹਨ। ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਦੇ ਨੌਜਵਾਨ ਪੁਰਸ਼ ਵਰਗ ਵਿੱਚ ਗਿਰਾਵਟ ਨੌਜਵਾਨਾਂ ਦੀ ਸਿੱਖਿਆ ਵਿੱਚ ਭਾਗੀਦਾਰੀ ਸੁਝਾਉਂਦੀ ਹੈ ਤਾਂ ਕਿ ਕਿਰਤ ਬਾਜ਼ਾਰ ਵਿੱਚ ਦਾਖਲੇ ਤੋਂ ਪਹਿਲਾਂ ਉਨ੍ਹਾਂ ਦੇ ਹੁਨਰ ਵਿੱਚ ਵਾਧਾ ਕੀਤਾ ਜਾ ਸਕੇ। 15 ਤੋਂ 29 ਸਾਲ ਦੇ ਉਮਰ ਵਰਗ ਦੇ ਨੌਜਵਾਨਾਂ ਲਈ ਕੰਮ ਸ਼ਕਤੀ ਭਾਗੀਦਾਰੀ ਦੇ ਰੁਝਾਨ ਕਿਰਤ ਸ਼ਕਤੀ ਭਾਗੀਦਾਰੀ ਜਿਹੇ ਹੀ ਹਨ। ਜਿਥੋਂ ਤੱਕ ਬੇਰੋਜ਼ਗਾਰੀ ਦਰ ਦੀ ਗੱਲ ਹੈ, ਇਹ ਸਾਰੇ ਉਮਰ ਵਰਗਾਂ ਲਈ 6.1 ਪ੍ਰਤਿਸ਼ਤ ਤੋਂ 15.6 ਪ੍ਰਤਿਸ਼ਤ ਦੇ ਦਰਮਿਆਨ ਸੀ। ਸ਼ਹਿਰੀ ਔਰਤਾਂ (15-29) ਦੀ ਬੇਰੋਜ਼ਗਾਰੀ ਦਰ ਸਭ ਤੋਂ ਵੱਧ ਸੀ (15.6 ਪ੍ਰਤਿਸ਼ਤ) ਜੋ ਸੰਭਵਤਾ ਔਰਤ ਨੂੰ ਪਰਿਵਾਰਕ ਸਹਾਇਤਾ ਕਰਕੇ ਹੋ ਸਕਦੀ ਹੈ। ਨੌਜਵਾਨਾਂ ਦੇ ਵੱਖ-ਵੱਖ ਉਮਰ ਵਰਗਾਂ ਵਿੱਚ, 15 ਤੋਂ 19 ਸਾਲ ਦੇ ਮੁਢਲੇ ਵਰਗਾਂ ਵਿੱਚ ਇਹ ਸਭ ਤੋਂ ਜ਼ਿਆਦਾ

**ਤਾਲਿਕਾ-1 : ਆਮ ਰਾਜਾਂ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਨੌਜਵਾਨਾਂ ਦੀ ਕਿਰਤ ਸ਼ਕਤੀਦੀ ਭਾਗੀਦਾਰੀ ਦਰ, ਕਾਮਾ ਜਨਸੰਖਿਆ ਅਨੁਪਾਤ ਅਤੇ ਬੇਰੋਜ਼ਗਾਰੀ ਦਰ**

| | ਪੇਂਡੂ ਪੁਰਸ਼ | | | | | |
|---|---|---|---|---|---|---|
| **ਉਮਰ ਵਰਗ** | **1999-2000** | | | **2011-12** | | |
| | **ਐੱਲ ਐੱਫ ਪੀ ਆਰ** | **ਡਬਲਯੂ ਪੀ ਆਰ** | **ਯੂ ਆਰ** | **ਐੱਲ ਐੱਫ ਪੀ ਆਰ** | **ਡਬਲਯੂ ਪੀ ਆਰ** | **ਯੂ ਆਰ** |
| **15-19** | 532 | 503 | 6.5 | 333 | 303 | 11.4 |
| **20-24** | 889 | 844 | 6.2 | 788 | 742 | 6.9 |
| **25-29** | 975 | 950 | 3.2 | 963 | 942 | 2.8 |
| **15-29** | - | 741 | 5.1 | - | 616 | 6.1 |
| **ਸਾਰੇ** | 540 | 531 | - | 553 | 543 | - |
| | **ਪੇਂਡੂ ਔਰਤਾਂ** | | | | | |
| **15-19** | 314 | 304 | 3.1 | 164 | 156 | 8.0 |
| **20-24** | 425 | 409 | 4.9 | 297 | 278 | 9.9 |
| **25-29** | 498 | 491 | 2.4 | 369 | 357 | 5.8 |
| **15-29** | - | 400 | 3.7 | - | 258 | 7.8 |
| **ਸਾਰੇ** | 302 | 299 | - | 253 | 248 | - |
| | **ਸ਼ਹਿਰੀ ਪੁਰਸ਼** | | | | | |
| **15-19** | 366 | 314 | 15.4 | 256 | 223 | 14.4 |
| **20-24** | 755 | 658 | 13.9 | 664 | 594 | 11.6 |
| **25-29** | 951 | 883 | 7.5 | 951 | 906 | 5.3 |
| **15-29** | - | 593 | 11.5 | - | 558 | 8.9 |
| **ਸਾਰੇ** | 542 | 518 | - | 563 | 546 | - |
| | **ਸ਼ਹਿਰੀ ਔਰਤਾਂ** | | | | | |
| **15-19** | 121 | 105 | 15.5 | 89 | 78 | 15.3 |
| **20-24** | 191 | 155 | 25.8 | 197 | 160 | 21.9 |
| **25-29** | 214 | 194 | 15.8 | 253 | 231 | 10.8 |
| **15-29** | - | 149 | 19.9 | - | 157 | 15.6 |
| **ਸਾਰੇ** | 147 | 139 | - | 155 | 147 | - |

ਸਰੋਤ : ਐੱਨ ਐੱਸ ਐੱਸ ਓ ਰੋਜ਼ਗਾਰ ਅਤੇ ਬੇਰੋਜ਼ਗਾਰੀ ਸਰਵੇਖਣਾਂ ਦੇ ਵੱਖ-ਵੱਖ ਦੌਰ

*ਟਿੱਪਣੀ : ਕਿਰਤ ਸ਼ਕਤੀ ਭਾਗੀਦਾਰੀ ਦਰ (ਐੱਲ ਐੱਫ ਪੀ ਆਰ) ਨੂੰ ਵਿਅਕਤੀਆਂ/ਵਿਅਕਤੀ- ਦਿਨਾਂ ਦੀ ਕਿਰਤ ਸ਼ਕਤੀ ਵਿੱਚ ਸੰਖਿਆ ਵਜੋਂ ਬਿਆਨ ਕੀਤਾ ਜਾਂਦਾ ਹੈ (ਜਿਸ ਵਿੱਚ ਰੋਜ਼ਗਾਰ ਯਾਫਤਾ ਅਤੇ ਬੇਰੋਜ਼ਗਾਰ ਦੋਵੇਂ ਸ਼ਾਮਲ ਹਨ) ਪ੍ਰਤਿ 1000 ਵਿਅਕਤੀਆਂ/ਵਿਅਕਤੀ-ਦਿਨ ਹੁੰਦੇ ਹਨ। 2. ਕਾਮਾ ਜਨਸੰਖਿਆ ਅਨੁਪਾਤ (ਡਬਲਯੂ ਪੀ ਆਰ) ਨੂੰ ਪ੍ਰਤਿ 1000 ਵਿਅਕਤੀਆਂ/ਵਿਅਕਤੀ-ਦਿਨਾਂ ਰੋਜ਼ਗਾਰ ਉਤੇ ਲੱਗੇ ਵਿਅਕਤੀਆਂ/ਵਿਅਕਤੀ-ਦਿਨਾਂ ਦੀ ਸੰਖਿਆ ਵਜੋਂ ਬਿਆਨ ਕੀਤਾ ਜਾਂਦਾ ਹੈ। 3. ਬੇਰੋਜ਼ਗਾਰੀ ਦਰ (ਯੂ ਆਰ) ਕਿਰਤ ਬਾਜ਼ਾਰ ਵਿੱਚ ਪ੍ਰਤਿ 1000 ਵਿਅਕਤੀਆਂ/ਵਿਅਕਤੀ-ਦਿਨਾਂ ਲਈ ਬੇਰੋਜ਼ਗਾਰ ਵਿਅਕਤੀਆਂ/ਵਿਅਕਤੀ-ਦਿਨਾਂ ਦੀ ਸੰਖਿਆ ਦੇ ਤੌਰ ਤੇ ਬਿਆਨ ਕੀਤਾ ਜਾਂਦਾ ਹੈ।*

ਹੈ, ਜੋ ਉਮਰ ਦੇ ਵਧਣ ਨਾਲ ਘੱਟ ਹੁੰਦੀ ਜਾਂਦੀ ਹੈ, ਪਰ ਰਾਸ਼ਟਰੀ ਔਸਤ ਨਾਲੋਂ ਜ਼ਿਆਦਾ ਰਹਿੰਦੀ ਹੈ।

ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਬਹੁਤ ਜ਼ਿਆਦਾ ਹੈ, ਖ਼ਾਸ ਕਰਕੇ ਪੜ੍ਹੇ ਲਿਖੇ ਨੌਜਵਾਨਾਂ ਦੀ, ਜਿਸ ਕਰਕੇ ਜਨਸੰਖਿਆ ਲਾਭਅੰਸ਼ ਤੋਂ ਫਾਇਦਾ ਚੁੱਕਣ ਵਿੱਚ ਰੁਕਾਵਟ ਆਉਂਦੀ ਹੈ। ਈ ਯੂ ਐੱਸ ਦੇ 2011-12 ਦੇ ਅੰਕੜਿਆਂ ਮੁਤਾਬਕ, ਪੜ੍ਹੇ ਲਿਖੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਵੱਡੀ ਦਰ ਨੌਕਰੀਆਂ ਲਈ ਇੱਛਾ ਵਿੱਚ ਵਾਧੇ ਅਤੇ ਨੌਕਰੀਆਂ ਅਤੇ ਇੱਛਾਵਾਂ ਵਿਚਾਲੇ ਬੇਮੇਲਤਾ ਵੱਲ ਇਸ਼ਾਰਾ ਕਰਦੀ ਹੈ। ਤਾਲਿਕਾ-2 ਤੋਂ ਇਹ ਪਤਾ ਲਗਦਾ ਹੈ ਕਿ ਬੇਰੋਜ਼ਗਾਰੀ ਦਰ ਨਾ ਕੇਵਲ ਰਸਮੀ ਪੜ੍ਹੇ ਲਿਖਿਆਂ ਸਗੋਂ ਕਿੱਤਾਮੁਖੀ ਤੌਰ ਤੇ ਯੋਗ ਨੌਜਵਾਨਾਂ ਵਿੱਚ ਵੀ ਜ਼ਿਆਦਾ ਹੈ ਜੋ ਡਿਪਲੋਮਾ ਅਤੇ ਪ੍ਰਮਾਣ ਪੱਤਰ ਧਾਰਕ ਹੁੰਦੇ ਹਨ।

ਉੱਪਰ ਦਿੱਤੇ ਮੁਲਾਂਕਣ ਤੋਂ ਇਕ ਅਸਪੱਸ਼ਟ ਸਥਿਤੀ ਉਪਜਦੀ ਹੈ ਜਿਸ ਵਿੱਚ ਇਕ ਪਾਸੇ ਨੌਜਵਾਨਾਂ ਨੌਕਰੀਆਂ ਮੰਗ ਰਹੇ ਹਨ ਅਤੇ ਉਦਯੋਗ ਹੁਨਰਮੰਦ ਕਾਮਾਸ਼ਕਤੀ ਪਰ ਨਾ ਹੀ ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ ਅਤੇ ਨਾ ਹੀ ਉਦਯੋਗਾਂ ਨੂੰ ਕਾਮਾ ਸ਼ਕਤੀ। ਹੁਨਰ ਦਾ ਇਹ ਬੇਮੇਲ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਯੋਗ ਬਣਾ ਦਿੰਦਾ ਹੈ ਜਿਸ ਦਾ ਕਾਰਨ ਕਿਸੇ ਵਿਸ਼ੇਸ਼ ਪ੍ਰਕਾਰ ਦੇ ਹੁਨਰ ਦੀ ਮੰਗ ਤੋਂ ਜ਼ਿਆਦਾ ਪੂਰਤੀ ਉਜਰਤਾਂ ਦੇ ਬਰਾਬਰ ਪੱਧਰ ਉਤੇ ਹੋਣਾ ਜਾਂ ਯੋਗਤਾ ਦਾ ਪੱਧਰ ਅਤੇ ਜਾਂ ਇਹ ਵੀ ਹੋ ਸਕਦਾ ਹੈ ਕਿ ਯੋਗਦਾ ਦਾ ਪੱਧਰ ਜਾਂ ਯੋਗਦਾ ਦਾ ਖੇਤਰ ਨੌਕਰੀ ਕਰਨ ਦੀ ਲੋੜ ਨਾਲੋਂ ਵੱਖਰਾ ਹੈ, ਜਾਂ ਸਿੱਖਿਆ ਯੋਗਤਾ ਅਤੇ ਢੁਕਵੀਂ ਨੌਕਰੀ ਵਿੱਚ ਜਜ਼ਬ ਹੋਣ ਦੀ ਸੰਭਾਵਨਾ ਵਿੱਚ ਬੇਜੋੜਤਾ ਹੈ; ਜਾਂ ਤਕਨਾਲੋਜੀ ਵਿੱਚ ਸੁਧਾਰ ਹੋਣ ਕਰਕੇ ਉਹ ਹੁਨਰ ਵੇਲਾ ਵਿਹਾਅ ਚੁੱਕਾ ਹੈ।

ਨੌਕਰੀਆਂ ਮੰਗਣ ਵਾਲੇ ਨੌਜਵਾਨ ਭਾਰਤ ਦੇ ਕੁੱਲ ਬੇਰੋਜ਼ਗਾਰਾਂ ਦਾ 49 ਪ੍ਰਤਿਸ਼ਤ ਬਣਦੇ ਹਨ, ਜਿਥੇ 93 ਪ੍ਰਤਿਸ਼ਤ ਉਪਲਬਧ ਕੰਮ ਅਸੰਗਠਤ ਖੇਤਰ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ। ਭਾਰਤ ਦੇ ਪੜ੍ਹੇ-ਲਿਖੇ ਨੌਜਵਾਨਾਂ ਦਾ ਇਕ ਵੱਡਾ ਹਿੱਸਾ ਜਾਂ ਤਾਂ ਬੇਰੋਜ਼ਗਾਰ ਹੈ ਜਾਂ ਘੱਟ ਰੋਜ਼ਗਾਰ ਦੀ ਮਾਰ ਹੇਠ ਹੈ ਜੋ ਰੋਜ਼ਗਾਰ ਮੰਗ ਰਿਹਾ ਹੈ ਜਾਂ ਨੌਕਰੀਆਂ ਬਦਲ ਰਿਹਾ ਹੈ ਜਾਂ ਅਸੁਰੱਖਿਅਤ ਕੰਮ ਪ੍ਰਬੰਧਨ ਨਾਲ ਜੂਝ ਰਿਹਾ ਹੈ। 2017 ਦੀ ਤਾਜ਼ਾ ਭਾਰਤ ਹੁਨਰਮੰਦੀ ਰਿਪੋਰਟ ਮੁਤਾਬਕ ਲਗਭਗ 40 ਪ੍ਰਤਿਸ਼ਤ ਪੜ੍ਹੇ ਲਿਖੇ ਨੌਜਵਾਨ ਰੋਜ਼ਗਾਰ ਦੇ ਯੋਗ ਹਨ। ਵੰਗਾਰ ਕੰਮ ਕਾਜੀ ਗਰੀਬਾਂ ਦੀ ਸਮੱਸਿਆ ਹੱਲ ਕਰਨ, ਕੰਮ ਵਾਲੇ ਸਥਾਨ ਉਤੇ ਅਸੁਰੱਖਿਆ, ਬਾਜ਼ਾਰ ਮੁਖੀ ਹੁਨਰ ਦੀ ਕਮੀ, ਜਾਣਕਾਰੀ ਦੀ ਨਾਬਰਾਬਰੀ ਅਤੇ ਹੁਨਰ ਦੇ ਵਿਕਾਸ ਬਾਰੇ ਗਲਤ ਧਾਰਨਾਵਾਂ ਦੀ ਹੈ। ਉਪਰ ਲਿਖੇ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ (1) ਹੁਨਰ ਦੀ ਵਰਤਮਾਨ ਮੰਗ ਬਰਾਬਰ ਪੂਰਤੀ ਹੋਵੇ (2) ਕਾਮਿਆਂ ਅਤੇ ਉੱਦਮਾਂ ਨੂੰ ਬਦਲਾਵ ਅਨੁਸਾਰ ਅਨੁਕੂਲਣ ਵਿੱਚ ਮਦਦ, ਅਤੇ (3) ਭਵਿੱਖੀ ਕਿਰਤ ਬਾਜ਼ਾਰ ਲੋੜਾਂ ਲਈ ਮੁਹਾਰਤਾਂ ਦਾ ਵਿਕਾਸ ਅਤੇ ਉਨ੍ਹਾਂ ਨੂੰ ਬਣਾਈ ਰੱਖਣਾ। ਸਵਾਲ ਇਹ ਹੈ

| ਤਾਲਿਕਾ-2 : 2011-12 ਲਈ ਸਿੱਖਿਆ ਦੇ ਪੱਧਰ ਦੇ ਮੁਤਾਬਕ ਆਮ ਰਾਜਾਂ ਵਿੱਚ ਬੇਰੋਜ਼ਗਾਰੀ ਦਰ (ਦਰੁਸਤ ਕੀਤੀ ਹੋਈ) | | | | |
|---|---|---|---|---|
| ਆਮ ਸਿੱਖਿਆ ਪੱਧਰ | ਬੇਰੋਜ਼ਗਾਰੀ ਦਰ (15-29 ਸਾਲ) | | | |
| | ਪੇਂਡੂ | | ਸ਼ਹਿਰੀ | |
| | ਪੁਰਸ਼ | ਔਰਤ | ਪੁਰਸ਼ | ਔਰਤ |
| ਅਨਪੜ੍ਹ | 2.3 | 0.8 | 2.5 | 1.6 |
| ਪੜ੍ਹੇ-ਲਿਖੇ ਅਤੇ ਪ੍ਰਾਇਮਰੀ ਤੱਕ | 3.2 | 0.6 | 4.8 | 4.3 |
| ਮਿਡਲ ਸਕੂਲ | 4.2 | 4.6 | 5.1 | 5.8 |
| ਸੈਕੰਡਰੀ | 4.6 | 8.6 | 5.5 | 15.1 |
| ਹਾਇਰ ਸੈਕੰਡਰੀ | 6.5 | 13.8 | 12.0 | 14.6 |
| ਡਿਪਲੋਮਾ/ਸਰਟੀਫਿਕੇਟ | 15.9 | 30.0 | 12.5 | 17.3 |
| ਗ੍ਰੈਜੂਏਟ ਅਤੇ ਵੱਧ | 19.1 | 29.6 | 16.3 | 23.4 |
| ਸਾਰੇ | 5.0 | 4.8 | 8.1 | 13.1 |

ਕਿ ਰੋਜ਼ਗਾਰ ਯੋਗਤਾ ਵਿੱਚ ਸੁਧਾਰ ਲਈ ਕਿਹੜੀਆਂ ਰਣਨੀਤੀਆਂ ਅਪਣਾਈਆਂ ਜਾਣ।

## ਰੋਜ਼ਗਾਰ ਯੋਗਤਾ ਲਈ ਪਹਿਲਕਦਮੀਆਂ

ਜਨਸੰਖਿਆ ਲਾਭਅੰਸ਼ ਤੋਂ ਫਾਇਦਾ ਲੈਣ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਯੋਗ ਬਣਾਉਣ ਲਈ, ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਲਈ ਰਾਸ਼ਟਰੀ ਨੀਤੀ 2015 ਵਿੱਚ ਅਰੰਭ ਕੀਤੇ ਗਏ। ਇਸ ਮਿਸ਼ਨ ਦਾ ਕੇਂਦਰ ਬਿੰਦੂ ਹੁਨਰਮੰਦ ਲੋਕਾਂ ਦਾ ਭੰਡਾਰ ਖੜ੍ਹਾ ਕਰਨਾ, ਮੰਗ ਦੇ ਹਿਸਾਬ ਨਾਲ ਪੂਰਤੀ ਲਈ ਹੁਨਰ ਵਿੱਚ ਵਾਧਾ ਅਤੇ ਮੁੜ ਤੋਂ ਹੁਨਰਮੰਦੀ, ਆਮ ਅਤੇ ਵਿਸ਼ਵ ਮਿਆਰਾਂ ਮੁਤਾਬਕ ਪ੍ਰਮਾਣੀਕਰਨ ਦੀ ਸਹੂਲਤ ਲਈ ਰਾਸ਼ਟਰੀ ਹੁਨਰ ਯੋਗਤਾ ਢਾਂਚੇ ਦੀ ਵਕਾਲਤ, ਮੰਗ ਅਤੇ ਪੂਰਤੀ ਵਿੱਚ ਸੰਤੁਲਨ ਅਤੇ ਉੱਦਮਤਾ ਨੂੰ ਹੁਲਾਰਾ ਦੇਣਾ ਹੈ। ਵੱਖ-ਵੱਖ ਪਹਿਲਕਦਮੀਆਂ/ਪ੍ਰੋਗਰਾਮਾਂ ਦਾ ਕੇਂਦਰ ਬਿੰਦੂ ਵੱਖ-ਵੱਖ ਮੰਤਰਾਲਿਆਂ ਦਰਮਿਆਨ ਤਾਲਮੇਲ, ਲਾਮਬੰਦੀ ਅਤੇ ਸ਼ਮੂਲੀਅਤ, ਵਿਸ਼ਵ ਸਾਂਝੇਦਾਰੀਆਂ, ਅੱਗੇ ਵਧਣਾ ਅਤੇ ਵਕਾਲਤ, ਆਈ ਸੀ ਟੀ ਦੀ ਵਰਤੋਂ, ਸਿਖਲਾਈ ਦੇਣ ਵਾਲਿਆਂ ਦੀ ਸਿਖਲਾਈ ਅਤੇ ਵੱਖ-ਵੱਖ ਵੰਚਿਤ ਸਮੂਹਾਂ ਲਈ ਪਹੁੰਚ ਅਤੇ ਪ੍ਰੋਗਰਾਮਾਂ ਬਾਰੇ ਸੁਧਾਰ ਕਰਨ ਲਈ ਕਦਮ ਚੁੱਕਣੇ ਸ਼ਾਮਲ ਹਨ।

ਨੌਵੀਂ ਜਮਾਤ ਤੋਂ ਸਕੂਲੀ ਸਿੱਖਿਆ ਦਾ ਕਿੱਤਾਮੁਖੀਕਰਨ ਕਰਕੇ ਅਤੇ ਪਾਠਕ੍ਰਮ, ਸਿਖਲਾਈ, ਅਧਿਆਪਕਾਂ ਦੀ ਸਿਖਲਾਈ, ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਉਦਯੋਗ ਮੁਖੀ ਪ੍ਰਸੰਗਿਕ ਪਾਠਕ੍ਰਮ, ਲਚਕਦਾਰ ਆਪਸੀ ਸਮਝ ਦੇ ਸਮਝੌਤੇ ਉਦਯੋਗਿਕ ਭਾਈਵਾਲਾਂ ਨਾਲ ਕਰਕੇ, ਤਕਨਾਲੋਜੀ ਦੀ ਵਧੇਰੇ ਵਰਤੋਂ ਅਤੇ ਬੇਹਤਰ ਉਦਯੋਗਿਕ ਸੰਬੰਧਾਂ ਦੀ ਮਦਦ ਨਾਲ ਸਮਰੱਥਾ ਅਤੇ ਗੁਣਵੱਤਾ ਸੁਧਾਰ ਲਾਗੂ ਕਰਕੇ ਕਿੱਤਾਮੁਖੀ ਸਿੱਖਿਆ ਉਤੇ ਵੱਡਾ ਜ਼ੋਰ ਦਿੱਤਾ ਜਾ ਰਿਹਾ ਹੈ। ਸਮਰਪਿਤ ਵੈਬ ਪੋਰਟਲ ਨਾਲ ਸ਼ਗਿਰਦੀ ਸਿਖਲਾਈ ਅਤੇ ਸ਼ਗਿਰਦ ਰੱਖਣ ਵਿੱਚ ਲਚਕੀਲੇਪਨ ਉਤੇ ਵੀ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਪੀ ਪੀ ਪੀ ਮਾਡਲ ਉਤੇ ਅਧਾਰਤ ਬਹੁ-ਹੁਨਰ ਸਿਖਲਾਈ ਦੇ ਨਵੇਂ ਸੰਸਥਾਨ ਖੋਲ੍ਹੇ ਜਾ ਰਹੇ ਹਨ ਜੋ ਉਦਯੋਗਾਂ ਵਿੱਚ ਬੇਹਤਰ ਸੰਪਰਕ ਕਾਇਮ ਕਰਨਗੇ ਅਤੇ ਨਿੱਤ ਬਦਲ ਰਹੀ ਹੁਨਰ ਦੀ ਲੋੜ ਦਾ ਹੱਲ ਵੀ ਕਰਨਗੇ। ਹੁਨਰ ਵਿਸ਼ਵ ਵਿਦਿਆਲੇ ਸਥਾਪਤ ਕਰਨ ਦੀ ਵੀ ਕਲਪਨਾ ਕੀਤੀ ਜਾ ਰਹੀ ਹੈ ਜਿਥੇ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਦੇ ਵੱਡੇ ਸਮੂਹ ਵਿਕਸਤ ਕੀਤੇ ਜਾਣਗੇ, ਕਿੱਤਾਮੁਖੀ ਸਿੱਖਿਆ ਵਿੱਚ ਪਾਠਕ੍ਰਮ ਅਤੇ ਸਿੱਖਿਆ ਸ਼ਾਸਤਰ ਵਿੱਚ ਖੋਜ ਕੀਤੀ ਜਾਵੇਗੀ ਅਤੇ ਹੁਨਰ ਸੰਸਥਾਵਾਂ ਤੇ ਨਿਗਰਾਨੀ ਰੱਖੀ ਜਾਵੇਗੀ।

20 ਕੇਂਦਰੀ ਮੰਤਰਾਲਿਆਂ ਦੁਆਰਾ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ, ਜਿਸ ਵਿੱਚ ਹੁਨਰ ਵਿਕਾਸ ਅਤੇ ਉੱਦਮਤਾ ਬਾਰੇ ਮੰਤਰਾਲਾ ਸ਼ਾਮਲ ਹੈ, ਨੂੰ ਮੋਟੇ ਤੌਰ ਤੇ ਆਮ ਪ੍ਰੋਗਰਾਮ, ਖੇਤਰ ਵਿਸ਼ੇਸ਼ ਅਤੇ ਸੈਕਟਰ ਵਿਸ਼ੇਸ਼ ਪ੍ਰੋਗਰਾਮਾਂ ਦੇ ਤੌਰ ਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨਾਲ ਨੌਜਵਾਨਾਂ ਦੀ ਰੋਜ਼ਗਾਰ ਯੋਗਤਾ ਵਿੱਚ ਵਾਧਾ ਹੋਵੇਗਾ। 13,000 ਤੋਂ ਵੱਧ ਸੰਸਥਾਵਾਂ, 4000 ਤੋਂ ਵੱਧ ਪਾਲੀਟੈਕਨਿਕ ਅਤੇ 20,000 ਤੋਂ ਵੱਧ ਕਿੱਤਾ ਸਿਖਲਾਈ ਦੇਣ ਵਾਲੇ ਹਨ ਜੋ ਵੱਖ-ਵੱਖ ਹੁਨਰ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਇਹ ਵਿਅਕਤੀਆਂ ਨੂੰ ਜੀਵਨ ਭਰ ਚੱਲਣ ਵਾਲੀ ਸਿੱਖਣ ਦੀ ਪ੍ਰਕਿਰਿਆ ਰਾਹੀਂ ਆਪਣੀ ਪੂਰਨ ਸਮਰੱਥਾ ਦਾ ਫਾਇਦਾ ਲੈਣ ਵਿੱਚ ਮਦਦ ਕਰ ਰਹੇ ਹਨ ਜਿਸ ਵਿੱਚ ਮੁਹਾਰਤਾਂ ਨੂੰ ਵੱਖ-ਵੱਖ ਸਾਧਨਾਂ ਰਾਹੀਂ ਇਕੱਤਰ ਕੀਤਾ ਜਾਂਦਾ ਹੈ ਜਿਵੇਂ ਭਰੋਸੇਯੋਗ ਪ੍ਰਮਾਣੀਕਰਨ, ਕ੍ਰੈਡਿਟ ਸੰਚਿਤ ਕਰਨਾ ਅਤੇ ਤਬਦੀਲ ਕਰਨਾ। ਇਹ ਵੇਖਦਿਆਂ ਕਿ ਵੱਡੀ ਗਿਣਤੀ ਵਿੱਚ ਕਾਮਾ ਸ਼ਕਤੀ ਅਸੰਗਠਿਤ ਖੇਤਰ ਵਿੱਚ ਕਾਰਜਰਤ ਹੈ ਜਿਥੇ ਹੁਨਰ ਬਹੁਤ ਸੀਮਤ ਹੁੰਦਾ ਹੈ ਅਤੇ ਜਿਨ੍ਹਾਂ ਦੀ ਪ੍ਰਮਾਣੀਕਰਨ ਲਈ ਸਮੀਖਿਆ ਦੀ ਲੋੜ ਹੁੰਦੀ ਹੈ, ਇਸ ਲਈ ਪੀ ਐੱਮ ਕੇ ਵੀ ਵਾਈ ਅਧੀਨ ਪੂਰਵ ਸਿਖਲਾਈ ਇਕ ਮਹੱਤਵਪੂਰਨ ਕਦਮ ਹੈ ਤਾਂ ਜੋ ਅਜਿਹੇ ਕਾਮਿਆਂ ਨੂੰ ਹੁਨਰ ਵਿੱਚ ਵਾਧਾ ਕਰਕੇ ਜਾਂ ਮੁੜ ਤੋਂ ਹੁਨਰਮੰਦ ਕਰਕੇ ਇਸ ਵਿੱਚ ਸ਼ਾਮਲ ਕੀਤਾ ਜਾ ਸਕੇ। ਪਰ, ਕਿਰਤ ਬਾਜ਼ਾਰ ਵਿੱਚ ਮਿਸਾਲੀ ਬਦਲਾਅ ਲਈ ਮਜ਼ਬੂਤ ਵਕਾਲਤ ਦੀ ਲੋੜ ਪਵੇਗੀ ਤਾਂ ਕਿ ਹੁਨਰ ਦੀ ਸਿਖਲਾਈ ਨੂੰ ਇੱਛਾ ਮੁਖੀ ਬਣਾਇਆ ਜਾ ਸਕੇ।

ਰਾਸ਼ਟਰੀ ਹੁਨਰ ਵਿਕਾਸ ਏਜੰਸੀ ਯੋਜਨਾਬੱਧ ਦਖਲਾਂ ਨੂੰ ਅੱਗੇ ਵਧਾ ਰਹੀ ਹੈ। ਸੈਕਟਰ ਹੁਨਰ ਕੌਂਸਲਾਂ, ਉਦਯੋਗਾਂ ਦੀ ਅਗਵਾਈ ਵਾਲੀਆਂ ਸਭਾਵਾਂ ਪਾਠਕ੍ਰਮ ਦੇ ਵਿਕਾਸ ਰਾਹੀਂ ਸਿਖਲਾਈ ਨੂੰ ਮੰਗ ਨਾਲ ਜੋੜ ਰਹੀਆਂ ਹਨ ਜਿਸ ਨਾਲ ਸਮੀਖਿਆ ਅਤੇ ਪ੍ਰਮਾਣੀਕਰਨ ਵਿੱਚ ਮਦਦ ਮਿਲਦੀ ਹੈ। ਸਰਕਾਰ ਵਲੋਂ ਹੁਨਰ ਲਈ ਕਰਜ਼ੇ ਦੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਦਾ ਉਦੇਸ਼ ਹੁਨਰ ਵਿਕਾਸ ਪ੍ਰੋਗਰਾਮਾਂ ਵਿੱਚ ਭਾਗ ਲੈ ਰਹੇ ਗਰੀਬ ਵਿਦਿਆਰਥੀਆਂ ਦੀ ਮਦਦ ਕਰਨਾ ਹੈ।

ਭਾਵੇਂ ਕਿ ਜ਼ਰੂਰੀ ਨੀਤੀਗਤ ਅਤੇ ਪ੍ਰੋਗਰਾਮਾਂ ਸੰਬੰਧੀ ਦਖਲ ਅਮਲ ਵਿੱਚ ਲਿਆਂਦੇ ਗਏ ਹਨ, ਪਰ ਆਰਥਿਕ ਵਿਕਾਸ ਲਈ ਢੁੱਕਵੀਂ ਹੁਨਰਮੰਦੀ ਰਾਹੀਂ ਨੌਜਵਾਨ ਸ਼ਕਤੀ ਤੋਂ ਕੰਮ ਲੈਣ ਲਈ ਹਾਲੇ ਹੋਰ ਬਹੁਤ ਕੁੱਝ ਕਰਨਾ ਬਾਕੀ ਹੈ। ਨੌਜਵਾਨ ਸ਼ਕਤੀ ਦਾ ਲਾਹਾ ਲੈਣ ਲਈ ਰਣਨੀਤੀ ਦੇ ਪ੍ਰਮੁੱਖ ਤੱਤਾਂ ਬਾਰੇ ਅਗਲੇ ਖੰਡ ਵਿੱਚ ਚਰਚਾ ਕੀਤੀ ਗਈ ਹੈ।

## ਨੌਜਵਾਨ ਸ਼ਕਤੀ ਦਾ ਲਾਹਾ ਲੈਣਾ

***ਨੌਜਵਾਨਾਂ ਦੀਆਂ ਇੱਛਾਵਾਂ ਨੂੰ ਸਮਝਣਾ:*** ਸਥਿਰ ਹੁਨਰ ਵਿਕਾਸ ਦੇ ਲਈ ਇੱਛਾਵਾਂ ਨੂੰ

ਸਮਝਣਾ ਮੁੱਖ ਕੁੰਜੀ ਹੈ ਜਿਸ ਨਾਲ ਸਮਾਜਿਕ-ਆਰਥਿਕ ਸਮਾਵੇਸ਼ ਲਈ ਰੋਜ਼ਗਾਰ ਦੇ ਬੇਹਤਰ ਮੌਕਿਆਂ ਤੱਕ ਪਹੁੰਚ ਹੋਣ ਵਿੱਚ ਮਦਦ ਮਿਲੇਗੀ। ਸਿਖਲਾਈ ਲਈ ਉਪਲਬਧ ਈ ਯੂ ਐਸ, 2011-12 ਦੇ ਅੰਕੜਿਆਂ ਦੇ ਮੁਲਾਂਕਣ ਤੋਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਕੁੱਝ ਵਿਸ਼ੇਸ਼ ਕਿੱਤਿਆਂ ਲਈ ਤਰਜੀਹ ਦਾ ਸੰਕੇਤ ਮਿਲਦਾ ਹੈ, ਜਿਵੇਂ ਕਿ 22.3 ਪ੍ਰਤਿਸ਼ਤ ਪੁਰਸ਼ 'ਡ੍ਰਾਈਵਿੰਗ ਅਤੇ ਮੋਟਰ ਮਕੈਨਿਕ' ਦੇ ਕੰਮ ਵਿੱਚ ਕਿੱਤਾ ਮੁਖੀ ਸਿਖਲਾਈ ਲੈ ਚੁੱਕੇ/ਲੈ ਰਹੇ ਹਨ ਜਦ ਕਿ ਸ਼ਹਿਰੀ ਖੇਤਰਾਂ ਦੇ 26.3 ਪ੍ਰਤਿਸ਼ਤ ਪੁਰਸ਼ ਕੰਪਿਊਟਰ ਦੇ ਕਿੱਤਿਆਂ ਵਿੱਚ ਕਾਰਜਰਤ ਹਨ। ਇਸੇ ਪ੍ਰਕਾਰ ਪੇਂਡੂ ਔਰਤਾਂ ਵਿੱਚੋਂ 32.2 ਪ੍ਰਤਿਸ਼ਤ ਕੱਪੜੇ ਨਾਲ ਸੰਬੰਧਿਤ ਕੰਮ ਵਿੱਚ ਸਿਖਲਾਈ ਲੈ ਰਹੀਆਂ ਸਨ ਅਤੇ ਸ਼ਹਿਰੀ ਔਰਤਾਂ ਵਿੱਚ 30.4 ਪ੍ਰਤਿਸ਼ਤ ਦੀ ਪਹਿਲੀ ਪਸੰਦ ਕੰਪਿਊਟਰ ਦਾ ਕਿੱਤਾ ਸੀ। ਜਦੋਂ ਅਸੀਂ ਇਸ ਅੰਕੜੇ ਨੂੰ ਐੱਨ ਐੱਸ ਡੀ ਸੀ ਦੀ ਹੁਨਰ ਦੇ ਪਾੜੇ ਸੰਬੰਧੀ ਰਿਪੋਰਟ ਨਾਲ ਮਿਲਾ ਕੇ ਵੇਖਦੇ ਹਾਂ ਤਾਂ ਸਿਖਲਾਈ ਸੰਸਥਾਵਾਂ ਤੋਂ ਲੋੜ ਅਤੇ ਉਤਪਾਦਨ ਵਿਚਕਾਰ ਬੇਮੇਲ ਉੱਭਰ ਕੇ ਸਾਹਮਣੇ ਆਉਂਦਾ ਹੈ।

ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ ਮੁਤਾਬਕ ਜ਼ਿਆਦਾ ਰੋਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਨੂੰ ਹੁਨਰਮੰਦ ਕਾਮਾ ਸ਼ਕਤੀ ਨੂੰ ਆਕਰਸ਼ਿਤ ਕਰਨ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਨੁਬੰਧ-1 ਵਿੱਚ ਐੱਨ ਐੱਸ ਡੀ ਸੀ ਹੁਨਰ ਦੇ ਪਾੜੇ ਦੀਆਂ ਰਿਪੋਰਟਾਂ ਦੇ ਅਧਾਰਤ ਇੱਛਾ ਸੂਚੀ ਵਿੱਚ ਮੰਗ ਤੇ ਪੂਰਤੀ ਦੇ ਪ੍ਰਭਾਵੀ ਸੰਤੁਲਨ ਲਈ ਇੱਛਾਵਾਂ ਨੂੰ ਸਮਝਣ ਦੀ ਲੋੜ ਨੂੰ ਉਜਾਗਰ ਕੀਤਾ ਗਿਆ ਹੈ। ਇੱਛਾ ਸੂਚੀ ਵਿੱਚ ਦਿਖਾਇਆ ਗਿਆ ਹੈ ਕਿ ਜ਼ਿਆਦਾਤਰ ਰਾਜਾਂ ਵਿੱਚ ਵੱਧ ਮੰਗ ਉਸਾਰੀ, ਆਵਾਜਾਈ ਅਤੇ ਸਾਜ਼ ਸਮਾਨ, ਖੇਤੀਬਾੜੀ ਤੇ ਸਹਾਇਕ ਗਤੀਵਿਧੀਆਂ ਵਿੱਚ ਹੈ ਜਿਸ ਵਿੱਚ ਫੂਡ ਪ੍ਰਾਸੈਸਿੰਗ ਸ਼ਾਮਲ ਹੈ ਪਰ ਜ਼ਿਆਦਾਤਰ ਰਾਜਾਂ ਵਿੱਚ ਇਨ੍ਹਾਂ ਕਿੱਤਿਆਂ ਦੀ ਮੰਗ ਘੱਟ ਹੈ। ਇਸ ਲਈ ਮੰਗ ਤੇ ਪੂਰਤੀ ਦੇ ਸੰਤੁਲਨ ਅਤੇ ਆਰਥਿਕਤਾ ਦੀਆਂ ਲੋੜਾਂ ਦੀ ਪੂਰਤੀ ਲਈ ਇੱਛਾਵਾਂ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਹੁਨਰ ਦੀ ਮਾਨਤਾ ਅਤੇ ਸ਼ਾਨਦਾਰ ਕਾਰਗੁਜ਼ਾਰੀ ਲਈ ਇਨਾਮ ਨੌਜਵਾਨਾਂ ਨੂੰ ਹੁਨਰ ਦੀ ਸਿਖਲਾਈ ਲੈਣ ਲਈ ਪ੍ਰੇਰਿਤ ਕਰਨਗੇ। ਛੋਟੀ ਉਮਰ ਤੋਂ ਕਿਰਤ ਦੇ ਸਤਿਕਾਰ ਬਾਰੇ ਜਾਗਰੂਕਤਾ ਚਿੱਟੇ ਕਾਲਰਾਂ ਵਾਲੀਆਂ ਨੌਕਰੀਆਂ ਬਾਰੇ ਬਣੀ ਧਾਰਨਾ ਨੂੰ ਬਦਲ ਦੇਵੇਗੀ। ਹੁਨਰ ਪ੍ਰੋਗਰਾਮਾਂ ਨੂੰ ਪ੍ਰਸਿੱਧ ਕਰਨ ਅਤੇ ਇੱਛਾਵਾਂ ਦੇ ਨਿਰਮਾਣ ਲਈ ਵੱਖ-ਵੱਖ ਸਾਧਨਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜਿਸ ਨਾਲ ਲਾਮਬੰਦੀ ਹੋਵੇਗੀ।

***ਲਾਮਬੰਦੀ ਹੁਨਰਮੰਦੀ ਦੀ ਚਾਬੀ ਹੈ :*** ਰਾਸ਼ਟਰੀ ਹੁਨਰ ਵਿਕਾਸ ਅਤੇ ਉੱਤਮਤਾ ਨੀਤੀ 2015 ਮੁਤਾਬਕ ਭਾਰਤ ਨੂੰ 2022 ਤੱਕ 110 ਮਿਲੀਅਨ ਵਿਅਕਤੀਆਂ ਨੂੰ ਹੁਨਰਮੰਦ ਅਤੇ 290 ਮਿਲੀਅਨ ਵਿਅਕਤੀਆਂ ਨੂੰ ਮੁੜ ਤੋਂ ਹੁਨਰਮੰਦ ਕਰਨ ਜਾਂ ਹੁਨਰ ਵਿੱਚ ਵਾਧਾ ਕਰਨ ਦੀ ਲੋੜ ਪਵੇਗੀ। ਇਸ ਵਿਸ਼ਾਲ ਟੀਚੇ ਲਈ ਸਾਰੇ ਖਿੱਤਿਆਂ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਹੁਨਰਮੰਦੀ ਲਈ ਲਾਮਬੰਦ ਕਰਨ ਦੀ ਜ਼ਰੂਰਤ ਪਵੇਗੀ। ਕਿਸੇ ਵੀ ਹੁਨਰ ਸਿਖਲਾਈ ਪ੍ਰੋਗਰਾਮ ਦੀ ਸਫਲਤਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਅਸੀਂ ਕਿੰਨੀ ਲਾਮਬੰਦੀ ਕਰਨ ਦੇ ਯੋਗ ਹਾਂ। ਮੌਜੂਦਾ ਦ੍ਰਿਸ਼ ਵਿੱਚ ਉਮੀਦਵਾਰ ਦੀ ਲਾਮਬੰਦੀ ਸਿੱਖਿਆ ਪ੍ਰਦਾਨ ਕਰਨ ਵਾਲੇ ਉਤੇ ਛੱਡ ਦਿੱਤੀ ਜਾਂਦੀ ਹੈ। ਮਾੜੀ ਲਾਮਬੰਦੀ ਦਾ ਕਾਰਨ ਕਿੱਤਾਮੁਖੀ ਕੋਰਸਾਂ ਅਤੇ ਕਿਰਤ ਬਾਜ਼ਾਰ ਦੇ ਨਤੀਜਿਆਂ ਬਾਰੇ ਜਾਣਕਾਰੀ ਦੀ ਕਮੀ, ਕਿੱਤਾਮੁਖੀ ਕੋਰਸਾਂ ਲਈ ਸਮਰੱਥਾ, ਪਰਵਾਸ ਕਰਨ ਤੋਂ ਅਸਮਰੱਥਤਾ ਅਤੇ ਵੇਲਾ ਵਿਹਾਅ ਚੁੱਕਾ ਪਾਠਕ੍ਰਮ ਆਦਿ ਹੁੰਦੇ ਹਨ। ਸਮੇਂ ਦੀ ਲੋੜ ਹੈ ਕਿ ਭਵਿੱਖੀ ਸਿੱਖਿਆਰਥੀਆਂ ਨੂੰ ਲਾਮਬੰਦ ਕਰਨ ਲਈ ਵਿਸ਼ੇਸ਼ ਰਣਨੀਤੀ ਅਪਣਾਈ ਜਾਵੇ। ਮਹਾਰਾਸ਼ਟਰ ਸਰਕਾਰ ਦਾ ਸਕਿੱਲ ਸਖੀ ਮਾਡਲ, ਜਿਸ ਵਿੱਚ ਭਾਈਚਾਰੇ ਦੀਆਂ ਨੌਜਵਾਨ ਔਰਤਾਂ ਨੂੰ ਹੁਨਰ ਦੇ ਵਿਕਸ ਲਈ ਪ੍ਰੋਗਰਾਮ ਵਾਸਤੇ ਬਾਕੀ ਔਰਤਾਂ ਨੂੰ ਲਾਮਬੰਦ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ, ਇਹ ਸਥਾਨਕ ਪੱਧਰ ਉਤੇ ਬਦਲਾਅ ਲਿਆਉਣ ਵਾਲੇ ਪੈਦਾ ਕਰਨ ਅਤੇ ਹੁਨਰ ਵਿਕਾਸ ਦੇ ਏਜੰਡੇ ਨੂੰ ਅੱਗੇ ਤੋਰਨ ਲਈ ਭਾਈਚਾਰੇ ਨੂੰ ਸ਼ਾਮਲ ਕਰਨ ਦਾ ਸਭ ਤੋਂ ਉੱਤਮ ਤਰੀਕਾ ਹੈ। ਸਥਾਨਕ ਸਭਾਵਾਂ ਦੇ ਅਹੁਦੇਦਾਰ ਬਦਲਾਅ ਦੇ ਕਾਰਨ ਹੋ ਸਕਦੇ ਹਨ ਜੋ ਨੌਜਵਾਨਾਂ ਦੇ ਅੰਕੜੇ ਤਿਆਰ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ ਜਿਨ੍ਹਾਂ ਤੱਕ ਢੁੱਕਵੀਂ ਪਹੁੰਚ ਕਰਕੇ ਉਨ੍ਹਾਂ ਨੂੰ ਉਜਰਤ/ਸਵੈ-ਰੋਜ਼ਗਾਰ ਹੁਨਰ ਸਿਖਲਾਈ ਲਈ ਮਦਦ ਕੀਤੀ ਜਾ ਸਕਦੀ ਹੈ। ਇਹ ਅੰਕੜੇ ਐੱਸ ਐੱਸ ਡੀ ਐੱਮ ਪੋਰਟਲ ਤੇ ਅਪਲੋਡ ਕਰਕੇ ਇਸ ਨੂੰ ਅਧਾਰ ਕਾਰਡ, ਵੋਟਰ ਕਾਰਡ, ਬੈਂਕ ਖਾਤੇ ਨਾਲ ਜੋੜਿਆ ਜਾ ਸਕਦਾ ਹੈ। ਇਨ੍ਹਾਂ ਅਹੁਦੇਦਾਰਾਂ ਨੂੰ ਵਾਧੂ ਕੰਮ ਦਿੱਤੇ ਜਾ ਸਕਦੇ ਹਨ, ਜਿਵੇਂ ਘਰ ਘਰ ਜਾ ਕੇ ਮੁਹਿੰਮ ਚਲਾਉਣਾ, ਮਾਪਿਆਂ ਨੂੰ ਸਮਝਾਉਣਾ ਅਤੇ ਹੁਨਰਮੰਦੀ ਵਾਸਤੇ ਬੇਰੋਜ਼ਗਾਰਾਂ ਦੀਆਂ ਸੂਚੀਆਂ ਤਿਆਰ ਕਰਨਾ ਆਦਿ।

ਇਕ ਰਾਸ਼ਟਰੀ ਜਾਗਰੂਕਤਾ ਮੁਹਿੰਮ ਚਲਾਉਣਾ, ਜਿਸ ਵਿੱਚ ਸਕੂਲਾਂ, ਕਾਲਜਾਂ ਅਤੇ ਦੂਜੇ ਸਿੱਖਿਆ ਸੰਸਥਾਨਾਂ ਨਾਲ ਸੰਪਰਕ ਪ੍ਰੋਗਰਾਮ ਚਲਾਉਣ ਅਤੇ ਕਿਰਤ ਬਾਜ਼ਾਰ ਦੇ ਨਤੀਜਿਆਂ ਨੂੰ ਉਜਾਗਰ ਕਰਨ ਲਈ ਰੋਲ ਮਾਡਲਾਂ ਦਾ ਸਹਾਰਾ ਲੈਣ ਨਾਲ ਇਸ ਖੇਤਰ ਵੱਲ ਵੱਡੀ ਗਿਣਤੀ ਸਿਖਿਆਰਥੀ ਖਿੱਚੇ ਜਾਣਗੇ।

***ਭਿੰਨਤਾ ਦਾ ਮਸਲਾ ਹੱਲ ਕਰਨਾ :*** ਭਾਰਤ ਦਾ ਕਿਰਤ ਬਾਜ਼ਾਰ ਖੇਤਰੀ, ਲਿੰਗਕ ਅਤੇ ਸਥਾਨਕ ਭਿੰਨਤਾਵਾਂ ਵਾਲਾ ਹੈ। ਕਿਰਤ ਬਾਜ਼ਾਰ ਵਿੱਚ ਗ਼ੈਰ-ਰਸਮੀ ਰੋਜ਼ਗਾਰ ਦਾ ਬੋਲਬਾਲਾ ਹੈ (93 ਪ੍ਰਤਿਸ਼ਤ)। ਸਿਰਫ 8 ਪ੍ਰਤਿਸ਼ਤ ਕਾਮੇ ਹੀ ਸੰਗਠਿਤ ਖੇਤਰ ਵਿੱਚ ਕਾਰਜਰਤ ਹਨ। ਦੋਵਾਂ ਖੇਤਰਾਂ ਦੇ ਸਿਖਲਾਈ ਪ੍ਰੋਗਰਾਮ ਵੱਖੋ-ਵੱਖਰੇ ਹਨ। ਅਸੰਗਠਿਤ ਖੇਤਰ ਵਿੱਚ ਕਿਰਤ ਦੀ ਮਾੜੀ ਵੰਡ ਹੁਨਰ ਵਿਸ਼ੇਸ਼ਤਾ ਦੀ ਕਮੀ ਅਤੇ ਨੌਕਰੀ ਸਮੇਂ ਸਿੱਖਿਆ ਲੈਣ ਨਾਲ ਉਤਪਾਦਕਤਾ ਵਿੱਚ ਰੁਕਾਵਟ ਵੱਲ ਸੰਕੇਤ ਕਰਦੀ ਹੈ। ਇਸ ਖੇਤਰ ਦੇ ਕਾਮਿਆਂ ਦੀ ਸਿੱਖਿਆ ਅਤੇ ਹੁਨਰ ਦੇ ਪੱਧਰ ਮਾੜੇ ਹਨ। ਰਾਸ਼ਟਰੀ ਸ਼ਗਿਰਦੀ ਪ੍ਰੋਗਰਾਮ ਨੂੰ ਬੇਹਤਰ ਹੁਨਰਮੰਦ ਕਾਮਾ-ਸ਼ਕਤੀ ਲਈ ਵਰਤੇ ਜਾਣ ਦੀ ਜ਼ਰੂਰਤ ਹੈ।

ਔਰਤਾਂ ਕੁੱਲ ਜਨਸੰਖਿਆ ਦਾ ਲਗਭਗ 48 ਪ੍ਰਤਿਸ਼ਤ ਹਨ ਪਰ ਕਿਰਤ ਸ਼ਕਤੀ ਵਿੱਚ ਉਨ੍ਹਾਂ ਦੀ ਭਾਗੀਦਾਰੀ 22 ਪ੍ਰਤਿਸ਼ਤ ਹੈ। ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਨੇ ਆਖਿਆ ਸੀ, "ਜੇ ਔਰਤਾਂ ਦੀ ਸਮਰੱਥਾ ਦਾ ਨਿਰਮਾਣ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵਿਕਾਸ ਪ੍ਰਕਿਰਿਆ ਨਾਲ ਜੋੜਿਆ ਜਾਏ ਤਾਂ ਉਸ ਦੇਸ਼ ਦਾ ਵਿਕਾਸ ਕਈ ਗੁਣਾ ਜ਼ਿਆਦਾ ਤੇਜ਼ੀ ਨਾਲ ਹੋ ਸਕਦਾ ਹੈ।" ਸਮੇਂ ਦੀ ਲੋੜ ਔਰਤਾਂ ਦੀ ਹੁਨਰਮੰਦੀ/ਪੁਨਰ ਹੁਨਰਮੰਦੀ ਉਤੇ ਧਿਆਨ ਕੇਂਦਰਿਤ ਕਰਨ ਦੀ ਹੈ

ਤਾਂ ਕਿ ਉਨ੍ਹਾਂ ਨੂੰ ਕਿਰਤ ਬਾਜ਼ਾਰ ਵਿੱਚ ਸ਼ਾਮਲ ਹੋਣ ਲਈ ਤਿਆਰ ਕੀਤਾ ਜਾ ਸਕੇ। ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਵਿਸ਼ੇਸ਼ ਨੀਤੀਗਤ ਦਖ਼ਲ ਲਈ ਢੁੱਕਵੇਂ ਸਾਜ਼-ਸਾਮਾਨ ਦੀ ਇਮਦਾਦ, ਹੁਨਰਮੰਦੀ/ਪੁਨਿਰ ਹੁਨਰਮੰਦੀ ਉਤੇ ਵਿਸ਼ੇਸ਼ ਧਿਆਨ, ਮਾਲਕਾਂ ਵਲੋਂ ਔਰਤਾਂ ਨੂੰ ਕੰਮ ਉਤੇ ਰੱਖਣ ਅਤੇ ਕੰਮਕਾਜੀ ਵਸੋਂ ਵਜੋਂ ਉਨ੍ਹਾਂ ਨੂੰ ਮੌਕੇ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਔਰਤਾਂ ਦੀ ਭਾਗੀਦਾਰੀ ਅਤੇ ਔਰਤਾਂ ਨੂੰ ਉਨ੍ਹਾਂ ਗਤੀਵਿਧੀਆਂ ਅਤੇ ਹੁਨਰਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਲਿੰਗਕ ਗ਼ੈਰ-ਬਰਾਬਰੀ ਦੀ ਰੁਕਾਵਟ ਤੋੜਨ ਦੀ ਵੀ ਲੋੜ ਹੈ। ਇਹ ਸਰਗਰਮੀਆਂ ਉਨ੍ਹਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਤੋਂ ਹਟ ਕੇ ਹੁੰਦੀਆਂ ਹਨ। ਇਸ ਸੰਬੰਧ ਵਿੱਚ ਹਰਿਆਣਾ ਸਰਕਾਰ ਵਲੋਂ ਜਿੰਦਲ ਸਟੀਲਜ਼ ਦੀ ਮਦਦ ਨਾਲ ਇਸਪਾਤ ਖੇਤਰ ਵਿਚਲੇ ਕਿੱਤਿਆਂ ਅੰਦਰ ਔਰਤਾਂ ਦੀ ਸਮਰੱਥਾ ਦਾ ਵਿਕਾਸ ਕਰਨ ਲਈ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ ਜਿਸ ਨੂੰ ਹੋਰਨਾਂ ਵਲੋਂ ਵੀ ਦੁਹਰਾਏ ਜਾਣਾ ਬਣਦਾ ਹੈ।

ਨਾ ਕੇਵਲ ਖੇਤਰੀ ਅਤੇ ਲਿੰਗਕ ਭਿੰਨਤਾਵਾਂ ਹੀ ਹਨ, ਪਰ ਉੱਤਰੀ ਅਤੇ ਉੱਤਰ ਪੂਰਬੀ ਖੇਤਰ ਵਿੱਚ ਦੱਖਣੀ ਅਤੇ ਪੱਛਮੀ ਖੇਤਰ ਦੇ ਮੁਕਾਬਲੇ ਬੁਨਿਆਦੀ ਢਾਂਚੇ ਦੇ ਪਾੜੇ ਵੀ ਹਨ। ਜਦ ਕਿ ਦੱਖਣੀ ਅਤੇ ਪੱਛਮੀ ਖੇਤਰਾਂ ਵਿੱਚ 67 ਪ੍ਰਤਿਸ਼ਤ ਨਿੱਜੀ ਅਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਹਨ ਜੋ 51 ਪ੍ਰਤਿਸ਼ਤ ਵਸੋਂ ਨੂੰ ਸੇਵਾ ਦੇ ਰਹੀਆਂ ਹਨ ਅਤੇ ਜਿਨ੍ਹਾਂ ਦੀ ਸੀਟਾਂ ਦੀ ਸਮਰੱਥਾ 60 ਪ੍ਰਤਿਸ਼ਤ ਹੈ, ਇਸ ਦੇ ਉਲਟ ਉੱਤਰੀ ਅਤੇ ਪੂਰਬੀ ਜ਼ੋਨ ਵਿੱਚ ਸਿਰਫ 33 ਪ੍ਰਤਿਸ਼ਤ ਉਦਯੋਗਿਕ ਸਿਖਲਾਈ ਸੰਸਥਾਨ ਹਨ ਜੋ 49 ਪ੍ਰਤਿਸ਼ਤ ਵਸੋਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ ਅਤੇ ਸੀਟਾਂ ਦੀ ਸਮਰੱਥਾ 40 ਪ੍ਰਤਿਸ਼ਤ ਹੈ। ਸਿਰਫ ਇਹੀ ਨਹੀਂ, ਹਰੇਕ ਜ਼ੋਨ ਵਿੱਚ ਰਾਜ ਪ੍ਰਤਿ ਕਾਫੀ ਭਿੰਨਤਾਵਾਂ ਹਨ। ਇਨ੍ਹਾਂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਨਿਰਮਾਣ ਉਤੇ ਧਿਆਨ ਕੇਂਦਰਿਤ ਕਰਨਾ ਜ਼ਰੂਰੀ ਹੈ। ਜਿਥੇ ਵੀ ਸੰਭਵ ਹੋਵੇ, ਪੱਛਮੀ ਅਤੇ ਦੱਖਣੀ ਖੇਤਰਾਂ ਵਲੋਂ ਤਿਆਰ ਕੀਤੀਆਂ ਸਹੂਲਤਾਂ ਨੂੰ ਉਨ੍ਹਾਂ ਖੇਤਰਾਂ ਤੋਂ ਪਰਵਾਸ ਕਰਨ ਵਾਲੇ ਵਿਅਕਤੀਆਂ ਦੀ ਹੁਨਰਮੰਦੀ ਅਤੇ ਹੁਨਰ ਵਿੱਚ ਸੁਧਾਰ ਲਈ ਵਰਤਣ ਦੀ ਜ਼ਰੂਰਤ ਹੈ ਜਿਥੇ ਰੋਜ਼ਗਾਰ ਦੇ ਮੌਕੇ ਮੌਜੂਦ ਹਨ। ਇਸ ਦੇ ਲਈ ਸਰੋਤ ਅਤੇ ਮੰਜ਼ਲ ਵਾਲੇ ਰਾਜਾਂ ਵਿੱਚ ਪਰਵਾਸੀ ਸਹਾਇਤਾ ਕੇਂਦਰ ਖੋਲ੍ਹਣ ਦੀ ਵੀ ਲੋੜ ਹੋਵੇਗੀ। ਨਿੱਜੀ ਖੇਤਰ ਦੀ ਮੁਹਾਰਤ ਨੂੰ ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ (ਸੀ ਐੱਸ ਆਰ) ਜਾਂ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਸਿੱਧੀ ਭਾਗੀਦਾਰੀ, ਨੌਕਰੀ ਸਮੇਂ ਸਿਖਲਾਈ ਸ਼ਗਿਰਦੀ ਸਿਖਲਾਈ, ਸਿੱਖਿਅਕਾਂ ਦੀ ਸਿਖਲਾਈ, ਭਵਿੱਖੀ ਨੌਕਰੀ ਲਈ ਕਾਮਾ-ਸ਼ਕਤੀ ਤਿਆਰ ਕਰਨ ਲਈ ਪਾਠਕ੍ਰਮ ਦੀ ਸੁਧਾਈ ਲਈ ਵਰਤੇ ਜਾਣ ਦੀ ਜ਼ਰੂਰਤ ਹੈ।

***ਦੂਜਾ ਮੌਕਾ - ਪੁਨਰ-ਹੁਨਮੰਦੀ - ਹੁਨਰ ਵਿੱਚ ਸੁਧਾਰ ਅਤੇ ਪੂਰਵ ਸਿਖਲਾਈ ਨੂੰ ਮਾਨਤਾ :*** ਨੌਜਵਾਨਾਂ ਦੀ ਵੱਡੀ ਗਿਣਤੀ ਸੈਕੰਡਰੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੀ ਹੈ। 12ਵੀਂ ਯੋਜਨਾ 2012-17 ਮੁਤਾਬਕ 47 ਪ੍ਰਤਿਸ਼ਤ ਵਿਦਿਆਰਥੀ ਸੈਕੰਡਰੀ ਸਿੱਖਿਆ ਮੁਕੰਮਲ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ। ਸਿੱਟੇ ਵਜੋਂ, ਜਦੋਂ ਉਹ ਕਿਰਤ ਬਾਜ਼ਾਰ ਵਿੱਚ ਦਾਖਲ ਹੁੰਦੇ ਹਨ ਤਾਂ ਉਨ੍ਹਾਂ ਦਾ ਮੁਹਾਰਤ ਦਾ ਪੱਧਰ ਬਹੁਤ ਘੱਟ ਹੁੰਦਾ ਹੈ ਅਤੇ ਉਹ ਘੱਟ ਉਜਰਤ ਉਤੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਪੁਨਰ-ਹੁਨਰਮੰਦੀ ਜਾਂ ਹੁਨਰ ਵਿੱਚ ਸੁਧਾਰ ਰਾਹੀਂ ਉਨ੍ਹਾਂ ਨੂੰ ਆਪਣੀ ਮੁਹਾਰਤ ਦੇ ਪੱਧਰ ਵਿੱਚ ਸੁਧਾਰ ਕਰਨ ਦਾ ਮੌਕਾ ਦੇਣ ਦੀ ਜ਼ਰੂਰਤ ਹੈ। ਰਾਜ ਅਤੇ ਕੇਂਦਰ ਦੇ ਪੱਧਰ ਉਤੇ ਰੋਜ਼ਗਾਰ ਯੋਗਤਾ ਵਧਾਉਣ ਲਈ ਬਹੁਤ ਸਾਰੇ ਪ੍ਰੋਗਰਾਮ ਮੌਜੂਦ ਹਨ ਪਰ ਹੁਨਰਮੰਦੀ, ਪੁਨਰ ਹੁਨਰਮੰਦੀ ਅਤੇ ਹੁਨਰ ਵਿੱਚ ਵਾਧਾ ਕਰਨ ਵਾਲੇ ਪ੍ਰੋਗਰਾਮਾਂ ਦਰਮਿਆਨ ਸਪੱਸ਼ਟ ਫਰਕ ਕਰਨ ਦੀ ਜ਼ਰੂਰਤ ਹੈ ਤਾਂ ਕਿ ਰਾਸ਼ਟਰੀ ਨੀਤੀ ਵਿੱਚ ਦਿੱਤੇ ਨਤੀਜਿਆਂ ਨੂੰ ਹਾਸਲ ਕੀਤਾ ਜਾ ਸਕੇ। ਚੁਨੌਤੀ ਅਜਿਹੇ ਕਾਮਿਆਂ ਦੀ ਪਛਾਣ ਕਰਨ ਦੀ ਹੈ। ਹੁਨਰ ਦੇ ਪਾੜੇ ਦਾ ਮੁਲਾਂਕਣ, ਹੁਨਰ ਵਿਕਾਸ ਲਈ ਸਮੱਗਰੀ ਵਿਕਸਿਤ ਕਰਨ ਅਤੇ ਜ਼ਮੀਨੀ ਪੱਧਰ ਉਤੇ ਸਿਖਲਾਈ ਦੇਣ ਦੀ ਲੋੜ ਹੈ। ਹੁਨਰ ਸਿਖਲਾਈ ਦੀ ਮੁਕੰਮਲ ਸਮਝ ਹਾਸਲ ਕਰਨ ਲਈ ਕਠਿਨ ਮੁਲਾਕਣ ਦੀ ਲੋੜ ਹੈ ਜੋ ਸੰਭਵ ਤੌਰ ਤੇ ਫੰਡ ਦੀ ਵੱਧ ਤੋਂ ਵੱਧ ਵਰਤੋਂ ਸਿਖਲਾਈ ਦੇ ਬੇਹਤਰ ਨਤੀਜਿਆਂ ਦੇ ਰੂਪ ਵਿੱਚ ਹੋ ਸਕਦਾ ਹੈ ਜਿਵੇਂ ਕਿ ਨੌਕਰੀਆਂ, ਉਜਰਤਾਂ, ਸੁਧਰਿਆ ਜੀਵਨ ਪੱਧਰ ਅਤੇ ਉਤਪਾਦਕਤਾ।

ਪੂਰਵ ਸਿਖਲਾਈ ਨੂੰ ਮਾਨਤਾ ਦੇਣ ਦੀ ਵੀ ਜ਼ਰੂਰਤ ਹੈ ਖ਼ਾਸ ਕਰਕੇ ਉਨ੍ਹਾਂ ਨੂੰ ਜੋ ਕਿਰਤ ਬਾਜ਼ਾਰ ਵਿੱਚ ਬਹੁਤ ਪਹਿਲਾਂ ਦਾਖਲ ਹੋ ਗਏ ਸਨ, ਜਿਨ੍ਹਾਂ ਕੋਲ ਅਨੁਭਵ ਹੈ ਪਰ ਪ੍ਰਮਾਣ ਪੱਤਰ ਨਹੀਂ ਅਤੇ ਉਨ੍ਹਾਂ ਲਈ ਵੀ ਜਿਨ੍ਹਾਂ ਨੂੰ ਹੁਨਰ ਪੀੜ੍ਹੀ ਦਰ ਪੀੜ੍ਹੀ ਹਾਸਲ ਹੋਇਆ ਹੈ। ਇਨ੍ਹਾਂ ਵਿੱਚ ਮੁੱਖ ਤੌਰ ਤੇ ਕਾਰੀਗਰ ਅਤੇ ਹੱਥਕਲਾ ਦੇ ਕਾਮੇ ਸ਼ਾਮਲ ਹਨ। ਆਰ ਪੀ ਐੱਲ ਵਿੱਚ ਰੋਜ਼ਗਾਰ ਯੋਗਤਾ, ਗਤੀਸ਼ੀਲਤਾ, ਜ਼ਿੰਦਗੀ ਭਰ ਸਿੱਖਣ, ਸਮਾਜਿਕ ਸਮਾਵੇਸ਼ ਅਤੇ ਸਵੈ-ਮਾਣ ਵਿੱਚ ਸੁਧਾਰ ਕਰਨ ਦੀ ਸਮਰੱਥਾ ਹੈ। ਭਾਰਤ ਵਿੱਚ ਇਸ ਅੰਦਰ ਵਾਧਾ ਕਰਨ ਦੀ ਜ਼ਰੂਰਤ ਹੈ, ਖ਼ਾਸ ਕਰਕੇ ਜਦੋਂ 298.25 ਮਿਲੀਅਨ ਕਾਮਿਆਂ ਨੂੰ ਪੁਨਰ-ਹੁਨਰਮੰਦ/ਹੁਨਰ ਵਿੱਚ ਸੁਧਾਰ ਕੀਤਾ ਜਾਵੇ ਗਾ। ਹੁਨਰ ਵਿਕਾਸ ਮੰਤਰਾਲਾ ਅਤੇ ਰਾਸ਼ਟਰੀ ਨੀਤੀ ਦਾ ਧਿਆਨ ਇਸ ਪਾਸੇ ਕੇਂਦਰਿਤ ਹੈ ਅਤੇ ਇਸ ਵਿੱਚ ਵਾਧਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਪਰ ਚੁਨੌਤੀ ਆਰ ਪੀ ਐੱਲ ਲਈ ਪਛਾਣ ਕਰਨ ਦੀ ਹੈ। ਆਰ ਪੀ ਐੱਲ ਦਾ ਕੋਈ ਇਕ ਅਜਿਹਾ ਮਾਡਲ ਨਹੀਂ ਹੈ ਜੋ ਸਾਰੀਆਂ ਯੋਗਤਾਵਾਂ ਅਤੇ ਸਾਰੇ ਹਾਲਾਤਾਂ ਲਈ ਢੁੱਕਵਾਂ ਹੋਵੇ, ਖ਼ਾਸ ਕਰਕੇ ਵੱਖ-ਵੱਖ ਖੇਤਰ, ਵੱਖ-ਵੱਖ ਮਾਡਲਾਂ ਨੂੰ ਅੱਗੇ ਵਧਾਉਂਦੇ ਹਨ। ਆਰ ਪੀ ਐੱਲ ਦੇ ਸਥਾਨਕ ਪੱਧਰ ਉਤੇ ਪ੍ਰਭਾਵੀ ਹੋਣ ਲਈ ਨੀਤੀ ਸਿੱਖਣ ਦੀ ਲੋੜ ਹੋਣੀ ਚਾਹੀਦੀ ਹੈ ਨਾ ਕਿ ਨੀਤੀ ਉਧਾਰੀ ਲੈਣ ਦੀ।

ਹੋਰਨਾਂ ਗੱਲਾਂ ਤੋਂ ਇਲਾਵਾ ਆਰ ਪੀ ਐੱਲ ਦੀ ਸਫਲਤਾ ਆਰ ਪੀ ਐੱਲ ਬਾਰੇ ਜਾਗਰੂਕਤਾ, ਪ੍ਰਭਾਵੀ ਕਿੱਤਾਮੁਖੀ ਅਗਵਾਈ ਅਤੇ ਸਲਾਹਕਾਰੀ ਸੇਵਾਵਾਂ, ਸਿੱਖਿਆ ਅਤੇ ਸਿਖਲਾਈ ਪ੍ਰਣਾਲੀਆਂ ਲਈ ਇਸ ਨੂੰ ਨੀਤੀ, ਕਾਨੂੰਨੀ ਅਤੇ ਨਿਯਮਕ ਢਾਂਚਿਆਂ ਨਾਲ ਏਕੀਕ੍ਰਿਤ ਕਰਨ, ਸਾਰੀਆਂ ਧਿਰਾਂ ਦੀ ਸਰਗਰਮ ਭਾਗੀਦਾਰੀ, ਆਰ ਪੀ ਐੱਲ ਲਈ ਪ੍ਰਭਾਵੀ ਸੰਸਥਾਗਤ ਢਾਂਚੇ, ਕਿੱਤਾਮੁਖੀ ਅਤੇ ਯੋਗਤਾ ਮਿਆਰਾਂ ਦਾ ਮੇਲ (ਇਹ ਮੇਲ ਜੇ ਮੁਕੰਮਲ ਯੋਗਤਾ ਦਾ ਨਹੀਂ ਤਾਂ ਘੱਟੋ-ਘੱਟ ਅੰਸ਼ਕ ਪੱਧਰ ਉਤੇ ਜ਼ਰੂਰ ਹੋਣਾ ਚਾਹੀਦਾ ਹੈ), ਪ੍ਰਭਾਵੀ ਤੇ ਕੁਸ਼ਲ ਸਮੀਖਿਆ ਸਾਧਨਾਂ ਅਤੇ ਢੰਗਾਂ ਜੋ ਨਿਸ਼ਾਨਦੇ ਹੀ ਵਾਲੇ ਸਮੂਹਾਂ ਲਈ ਢੁੱਕਵੇਂ ਹੋਣ, ਲਾਗਤ ਦੀ ਸਾਂਝੇਦਾਰੀ ਅਤੇ ਆਰ ਪੀ ਐੱਲ ਲਈ ਇਕ ਸਥਿਰ, ਬਰਾਬਰੀ ਵਾਲਾ ਫੰਡਿੰਗ ਤੰਤਰ, ਆਰ ਪੀ ਐੱਲ ਉਮੀਦਵਾਰਾਂ ਨੂੰ ਹੁਨਰ ਵਿੱਚ ਸੁਧਾਰ ਕਰਨ ਦੇ ਮੌਕੇ ਆਦਿ ਦੇਣ ਉਤੇ ਨਿਰਭਰ ਕਰਦੀ ਹੈ।

***ਸਕੂਲ ਤੋਂ ਕੰਮ ਤੱਕ ਤਬਦੀਲੀ ਦੇ ਸਰਵੇਖਣ (ਐੱਸ ਡਬਲਯੂ ਟੀ ਐੱਸ) :*** 15 ਤੋਂ 29 ਸਾਲ ਦੇ ਨੌਜਵਾਨਾਂ ਲਈ ਕਿਰਤ ਬਾਜ਼ਾਰ ਦੀ ਜਾਣਕਾਰੀ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਕਿਰਤ ਸ਼ਕਤੀ ਸਰਵੇਖਣ ਰੋਜ਼ਗਾਰ, ਬੇਰੋਜ਼ਗਾਰੀ ਅਤੇ ਕਿਰਤ ਸ਼ਕਤੀ ਤੋਂ ਬਾਹਰੀ ਜਾਣਕਾਰੀ ਪ੍ਰਦਾਨ ਕਰਦੇ ਹਨ। ਇਹ ਕਿਸੇ ਖੇਤਰ ਵਲੋਂ ਰੋਜ਼ਗਾਰ ਦੀ ਮਿਆਦ, ਰੋਜ਼ਗਾਰ ਵਿੱਚ ਸਥਿਤੀ ਅਤੇ ਰੋਜ਼ਗਾਰ ਬਾਰੇ ਸੂਚਕਾਂ ਦਾ ਨਿਰਮਾਣ ਕਰਨ ਦੀ ਵੀ ਆਗਿਆ ਦਿੰਦੇ ਹਨ। ਪਰ, ਇਹ ਨੌਕਰੀ ਦੀ ਸਤੁੰਸ਼ਟੀ, ਸਕੂਲ ਤੋਂ ਕੰਮ ਤੱਕ ਬਦਲਾਅ ਦੀ ਸੌਖ ਜਾਂ ਮੁਸ਼ਕਿਲ ਬਾਰੇ ਜਾਣਕਾਰੀ ਪ੍ਰਦਾਨ ਨਹੀਂ ਕਰਦੇ। ਐੱਸ ਡਬਲਯੂ ਟੀ ਐੱਸ ਸਮੇਂ ਸਿਰ ਅਤੇ ਕਿਰਤ ਬਾਜ਼ਾਰ ਬਾਰੇ ਪ੍ਰਸੰਗਿਕ ਜਾਣਕਾਰੀ ਮੁਹੱਈਆ ਕਰਵਾਏਗਾ ਜਿਸ ਨਾਲ ਰਾਸ਼ਟਰੀ ਰੋਜ਼ਗਾਰ ਪ੍ਰੋਗਰਾਮਾਂ ਦੀ ਰੂਪ-ਰੇਖਾ ਬਣਾਉਣ ਅਤੇ ਅਮਲ ਲਈ ਰਣਨੀਤੀਆਂ ਤਿਆਰ ਕਰਨ ਵਿੱਚ ਮਦਦ ਮਿਲੇਗੀ ਜੋ ਨੌਜਵਾਨ ਔਰਤਾਂ ਅਤੇ ਮਰਦਾਂ ਦੀਆਂ ਰੋਜ਼ਗਾਰ ਸੰਬੰਧੀ ਚੁਨੌਤੀਆਂ ਦਾ ਹੱਲ ਕਰਨਗੇ। ਇਸ ਨਾਲ ਕਮਜ਼ੋਰ ਸਮੂਹਾਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ ਤਾਂ ਕਿ ਨੀਤੀਘਾੜੇ ਠੀਕ ਵਸੋਂ ਲਈ ਸਹਿਮਤੀ ਵਾਲੇ ਫੈਸਲੇ ਲੈ ਸਕਣ। ਇਹ ਸਰਵੇਖਣ ਰਾਸ਼ਟਰੀ ਕਰੀਅਰ ਸੇਵਾ ਲਈ ਵੀ ਸਹੂਲਤਮੰਦ ਹੋਣਗੇ ਜਿਸ ਨਾਲ ਨੌਜਵਾਨ ਜ਼ਿਆਦਾ ਸੰਤੁਸ਼ਟੀ ਵਾਲੀਆਂ ਅਤੇ ਸੁਰੱਖਿਅਤ ਨੌਕਰੀਆਂ ਵੱਲ ਜਾ ਸਕਣਗੇ। ਇਸ ਨਾਲ ਕਿਰਤ ਬਾਜ਼ਾਰ ਅੰਦਰਲੀਆਂ ਵੱਖ-ਵੱਖ ਭਿੰਨਤਾਵਾਂ ਦੇ ਮੁੱਦੇ ਦਾ ਹੱਲ ਕਰਨ ਵਿੱਚ ਵੀ ਮਦਦ ਮਿਲੇਗੀ। ਸਰਕਾਰ ਦਾ ਧਿਆਨ ਉੱਦਮੀਆਂ ਲਈ ਇਨਾਮ ਸਥਾਪਤ ਕਰਨ ਵੱਲ ਵੀ ਹੋਵੇਗਾ ਤਾਂ ਕਿ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾ ਸਕੇ, ਖ਼ਾਸ ਕਰਕੇ ਉਨ੍ਹਾਂ ਨੂੰ ਜੋ ਆਮ ਤੌਰ ਤੇ ਇਹ ਸਿਖਲਾਈ ਨਹੀਂ ਪ੍ਰਾਪਤ ਕਰ ਸਕਦੇ। ਇਸ ਨਾਲ ਉਦਯੋਗਿਕ ਕ੍ਰਾਂਤੀ ਦੇ ਚਲਦਿਆਂ ਭਵਿੱਖ ਵਿੱਚ ਨੌਕਰੀਆਂ ਦੀਆਂ ਚੁਨੌਤੀਆਂ ਦਾ ਹੱਲ ਕਰਨ ਵਿੱਚ ਵੀ ਸਹਾਇਤਾ ਮਿਲੇਗੀ।

ਅੰਤ ਵਿੱਚ, ਤੇਜ਼ੀ ਨਾਲ ਵਾਪਰ ਰਹੇ ਆਰਥਿਕ ਬਦਲਾਅ ਅਤੇ ਭਵਿੱਖ ਦਾ ਨੌਕਰੀਆਂ ਦਾ ਦ੍ਰਿਸ਼ ਨੌਜਵਾਨਾਂ ਨੂੰ ਆਪਣੀ ਰੋਜ਼ਗਾਰ ਯੋਗਤਾ ਅਤੇ ਬੇਹਤਰ ਜ਼ਿੰਦਗੀ ਲਈ ਇਕ ਚੁਨੌਤੀ ਅਤੇ ਮੌਕਾ ਪੇਸ਼ ਕਰ ਰਹੇ ਹਨ। ਵਧੀ ਹੋਈ ਰੋਜ਼ਗਾਰ ਯੋਗਤਾ ਨੌਕਰੀ ਦੀ ਸੁਰੱਖਿਆ ਯਕੀਨੀ ਬਣਾਏਗੀ ਅਤੇ ਕਰੀਅਰ ਵਿੱਚ ਤਰੱਕੀ ਹੋਵੇਗੀ। ਸਿੱਟੇ ਵਜੋਂ ਨੌਜਵਾਨਾਂ ਦਾ ਸ਼ਕਤੀਕਰਨ ਹੋਵੇਗਾ ਅਤੇ ਉਹ ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਕੇ ਇਸ ਤੋਂ ਖੁਦ ਵੀ ਲਾਭ ਲੈ ਸਕਣਗੇ। ਹੁਨਰ ਦੇ ਵਿਕਸ ਲਈ ਵੱਖ-ਵੱਖ ਪਹਿਲਕਦਮੀਆਂ, ਪ੍ਰੋਗਰਾਮ ਅਤੇ ਪ੍ਰਥਾਵਾਂ ਵਿੱਚ ਤੇਜ਼ੀ ਲਿਆ ਕੇ ਇਸ ਨੂੰ ਸਾਰੇ ਰਾਜਾਂ ਵਿੱਚ ਅਮਲ ਹੇਠ ਲਿਆਂਦਾ ਜਾ ਸਕਦਾ ਹੈ ਜਿਸ ਨਾਲ ਨੌਜਵਾਨਾਂ ਨੂੰ ਬਦਲਾਅ ਦੇ ਕਾਰਕ ਬਣਾਉਣ ਦਾ ਇੱਛਤ ਉਦੇਸ਼ ਹਾਸਲ ਕੀਤਾ ਜਾ ਸਕਦਾ ਹੈ।

*(ਲੇਖਕ ਨੀਤੀ ਆਯੋਗ ਵਿੱਚ ਹੁਨਰ ਵਿਕਾਸ, ਰੋਜ਼ਗਾਰ ਅਤੇ ਸ਼ਹਿਰੀਕਰਨ ਪ੍ਰਬੰਧਨ ਬਾਰੇ ਸਲਾਹਕਾਰ ਹਨ।)*

*e-mail :sunitasanghi1960@gmail.com*

***ਸਫ਼ਾ 11 ਦਾ ਬਾਕੀ***

ਵਿੱਚ ਉੱਦਮਤਾ ਨੂੰ ਪ੍ਰੋਤਸਾਹਿਤ ਕਰਨ ਲਈ ਸਰਕਾਰ ਦੀ ਯੋਜਨਾ 'ਸਟਾਰਟਅੱਪ ਪਿੰਡ ਉੱਦਮਤਾ ਪ੍ਰੋਗਰਾਮ' (ਐੱਸ ਵੀ ਈ ਪੀ) ਸ਼ੁਰੂ ਕਰਨ ਦੀ ਹੈ। ਐੱਸ ਵੀ ਈ ਪੀ ਦਾ ਉਦੇਸ਼ ਜੜ੍ਹਾਂ ਤੋਂ, ਮਤਲਬ ਪਿੰਡ ਪੱਧਰ ਉਤੇ ਜ਼ਰੂਰੀ ਹੁਲਾਰਾ ਦੇ ਕੇ ਆਰਥਿਕ ਵਿਕਾਸ ਨੂੰ ਊਰਜਾ ਦੇ ਕੇ ਲੀਹ ਉਤੇ ਲਿਆਉਣਾ ਹੈ ਜਿਸ ਨਾਲ ਸਥਿਰ ਸਵੈ-ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ। ਐੱਸ ਵੀ ਈ ਪੀ ਨਾਲ ਉਮੀਦ ਹੈ ਕਿ 2015-19 ਦਰਮਿਆਨ 24 ਰਾਜਾਂ ਦੇ 125 ਖੰਡਾਂ ਦੇ 1.82 ਲੱਖ ਪਿੰਡਾਂ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਮਜਬੂਤੀਕਰਨ ਵਿੱਚ ਮਦਦ ਮਿਲੇਗੀ। ਇਸ ਨਾਲ ਆਸ ਹੈ ਕਿ ਲਗਭਗ 3.78 ਲੱਖ ਵਿਅਕਤੀਆਂ ਲਈ ਰੋਜ਼ਗਾਰ ਦਾ ਨਿਰਮਾਣ ਹੋਵੇਗਾ। ਇਸ ਪ੍ਰੋਗਰਾਮ ਨੂੰ ਜੇ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਪਿੰਡਾਂ ਦੇ ਨੌਜਵਾਨਾਂ ਦੀ ਲਗਾਤਾਰ ਵਧਦੀ ਸੰਖਿਆ ਲਈ ਉੱਦਮਤਾ ਦੇ ਮੌਕੇ ਵਧਾਉਣ ਵਿੱਚ ਕਾਫੀ ਮਦਦ ਮਿਲ ਸਕਦੀ ਹੈ।

## ਸਿੱਟਾ

ਭਾਰਤ ਜਨਸੰਖਿਅਕ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਜਿਸ ਕਾਰਨ ਕੁੱਲ ਜਨਸੰਖਿਆ ਵਿੱਚ ਨੌਜਵਾਨਾਂ ਦਾ ਅਨੁਪਾਤ ਵਧ ਰਿਹਾ ਹੈ ਨੌਜਵਾਨਾਂ ਦੀ ਵਧਦੀ ਸੰਖਿਆ ਲਈ ਚੰਗੀ ਸਿੱਖਿਆ ਅਤੇ ਢੁੱਕਵੀਆਂ ਨੌਕਰੀਆਂ ਦੇ ਸਥਾਈ ਨਿਰਮਾਣ ਦੀ ਜ਼ਰੂਰਤ ਪਵੇਗੀ। ਜਿਵੇਂ ਕਿ ਉਪਰੋਕਤ ਮੁਲਾਂਕਣ ਦਰਸਾਉਂਦਾ ਹੈ, ਚੁਨੌਤੀ ਬਹੁਤ ਵੱਡੀ ਹੈ, ਖ਼ਾਸ ਕਰਕੇ ਪੜ੍ਹੇ ਲਿਖੇ ਨੌਜਵਾਨਾਂ ਲਈ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਇਕ ਪਾਸੇ ਦੁਨੀਆਂ ਭਰ ਵਿੱਚ ਔਰਤਾਂ ਦੀ ਭਾਗੀਦਾਰੀ ਦੀ ਦਰ ਭਾਰਤ ਵਿੱਚ ਸਭ ਤੋਂ ਘੱਟ ਹੈ, ਦੂਜੇ ਪਾਸੇ ਕਿਰਤ ਸ਼ਕਤੀ ਵਿੱਚ ਦਾਖਲ ਹੋਣ ਵਾਲੀਆਂ ਨੌਜਵਾਨ ਔਰਤਾਂ ਦੀ ਬੇਰੋਜ਼ਗਾਰੀ ਦੀ ਦਰ ਬਹੁਤ ਜ਼ਿਆਦਾ ਹੈ। ਸਰਕਾਰ ਦੀਆਂ ਪਹਿਲਕਦਮੀਆਂ ਠੀਕ ਦਿਸ਼ਾ ਵਿੱਚ ਹਨ। ਪਰ ਹੋਰ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਰੋਜ਼ਗਾਰ ਨਿਰਮਾਣ ਵੱਡੇ ਅਤੇ ਦੂਜੀਆਂ ਆਰਥਿਕ ਨੀਤੀਆਂ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਭਾਰਤੀ ਅਰਥਚਾਰੇ ਨੇ ਕਾਫੀ ਨੌਕਰੀਆਂ ਪੈਦਾ ਨਹੀਂ ਕੀਤੀਆਂ ਅਤੇ ਨੌਕਰੀਆਂ ਪੈਦਾ ਕਰਨ ਦੀ ਪ੍ਰਕਿਰਿਆ ਨੂੰ ਗਤੀ ਦੇਣ ਲਈ ਵੱਖ-ਵੱਖ ਮੰਤਰਾਲਿਆਂ ਨੂੰ ਨੌਕਰੀਆਂ ਦੇ ਨਿਰਮਾਣ ਨੂੰ ਆਪਣੇ ਸਾਰੇ ਪ੍ਰੋਗਰਾਮਾਂ ਅਤੇ ਨੀਤੀਆਂ ਵਿੱਚ ਸ਼ਾਮਲ ਕਰਨਾ ਹੋਵੇਗਾ। ਇਹ ਜ਼ਿਕਰ ਕਰਨ ਦੀ ਵੀ ਲੋੜ ਹੈ ਕਿ ਕੇਂਦਰੀ ਅਤੇ ਪੂਰਬੀ ਭਾਰਤ ਦਾ ਇਕ ਵੱਡਾ ਭਾਗ ਪੱਛਮੀ ਅਤੇ ਦੱਖਣੀ ਭਾਰਤ ਦੇ ਮੁਕਾਬਲੇ ਤਰੱਕੀ ਅਤੇ ਰੋਜ਼ਗਾਰ ਨਿਰਮਾਣ ਵਿੱਚ ਕੁਝ ਖ਼ਾਸ ਕ੍ਰਿਸ਼ਮਾ ਨਹੀਂ ਦਿਖਾ ਸਕਿਆ। ਅਜਿਹੀ ਖੇਤਰੀ ਗ਼ੈਰ-ਬਰਾਬਰੀ ਨੂੰ ਦਰੁਸਤ ਕਰਨ ਦੀ ਲੋੜ ਹੈ ਤਾਂ ਕਿ ਸਥਾਨਕ ਨੌਜਵਾਨਾਂ ਨੂੰ ਉਨ੍ਹਾਂ ਦੇ ਆਪਣੇ ਖੇਤਰ ਵਿੱਚ ਹੀ ਰੋਜ਼ਗਾਰ ਮਿਲ ਸਕੇ। ਢੁੱਕਵੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਵੀ ਜ਼ਰੂਰਤ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਔਰਤਾਂ ਨੂੰ ਰੋਜ਼ਗਾਰ ਮਿਲ ਸਕੇ। ਦੇਸ਼ ਨੂੰ ਤੇਜ਼ੀ ਨਾਲ ਇਸ ਪਾਸੇ ਅੱਗੇ ਵਧਣ ਦੀ ਲੋੜ ਹੈ ਤਾਂ ਕਿ ਜਨਸੰਖਿਅਕ ਲਾਭਅੰਸ਼ ਦਾ ਪੂਰਾ ਫਾਇਦਾ ਲਿਆ ਜਾ ਸਕੇ। ਜੇ ਅਸਫਲ ਹੋ ਗਏ ਤਾਂ ਜਨਸੰਖਿਅਕ ਲਾਭਅੰਸ਼ ਜਨਸੰਖਿਅਕ ਤਬਾਹੀ ਵਿੱਚ ਤਬਦੀਲ ਹੋ ਜਾਵੇਗਾ।

*(ਲੇਖਕ ਅਲਖ ਐੱਨ ਸ਼ਰਮਾ, ਨਵੀ ਦਿੱਲੀ ਸਥਿਤ ਮਨੁੱਖੀ ਵਿਕਾਸ ਬਾਰੇ ਸੰਸਥਾ ਦੇ ਪ੍ਰੋਫੈਸਰ ਅਤੇ ਡਾਇਰੈਕਟਰ ਹਨ।*

*ਬਲਵੰਤ ਸਿੰਘ ਮਹਿਤਾ ਨਵੀ ਦਿੱਲੀ ਸਥਿਤ ਮਨੁੱਖੀ ਵਿਕਾਸ ਬਾਰੇ ਸੰਸਥਾ ਵਿੱਚ ਫੈਲੋ ਅਤੇ ਪੋਸਟ ਡਾਕਟੋਰਲ ਫੈਲੋ ਵਜੋਂ ਕੰਮ ਕਰ ਰਹੇ ਹਨ।)*

*e-mail :alakh.sharma@ihdindia.org*

*:balwant.mehta@ihdindia.org*

# ਭਾਰਤੀ ਨੌਜਵਾਨਾਂ ਦੀ ਵਿਸ਼ਵ ਭਰ ਵਿੱਚ ਮੌਜੂਦਗੀ

ਸ਼ੀਤਲ ਸ਼ਰਮਾ, ਭਾਸਕਰ ਜਯੋਤੀ

ਕਾਫੀ ਪੁਰਾਣੇ ਸਮੇਂ ਤੋਂ ਭਾਰਤੀ ਨੌਜਵਾਨ ਭਾਰਤੀ ਸਿਆਣਪ, ਸੱਭਿਅਤਾ ਅਤੇ ਸੱਭਿਆਚਾਰ ਦੇ ਝੰਡਾ ਬਰਦਾਰ ਰਹੇ ਹਨ। ਜਦੋਂ ਦੁਨੀਆਂ ਅਜੇ ਵੀ ਆਪਣੇ ਧਾਰਮਿਕ ਅਤੇ ਨਸਲੀ ਉੱਚਤਾ ਦੇ ਦਾਅਵੇ ਕਰਨ ਵਿੱਚ ਲੱਗੀ ਹੋਈ ਸੀ, ਇਕ ਭਾਰਤੀ ਨੌਜਵਾਨ ਸਵਾਮੀ ਵਿਵੇਕਾਨੰਦ ਨੇ 1893 ਵਿੱਚ ਸ਼ਿਕਾਗੋ ਵਿੱਚ ਵਿਸ਼ਵ ਧਾਰਮਿਕ ਸੰਸਦ ਵਿੱਚ ਧਾਰਮਿਕ ਸਹਿਨਸ਼ੀਲਤਾ ਦੀ ਅਹਿਮੀਅਤ ਬਾਰੇ ਭਾਸ਼ਣ ਦਿੱਤਾ। ਮਹਾਤਮਾ ਗਾਂਧੀ, ਜੋ ਕਿ ਉਸ ਵੇਲੇ ਇਕ ਨੌਜਵਾਨ ਵਕੀਲ ਸਨ, ਦੱਖਣੀ ਅਫਰੀਕਾ ਗਏ ਅਤੇ ਉਥੇ ਅਹਿੰਸਾ ਅਤੇ ਸੱਚਾਈ ਉੱਤੇ ਤਜਰਬੇ ਕੀਤੇ, ਜੋ ਕਿ ਬਾਅਦ ਵਿੱਚ ਦੁਨੀਆਂ ਵਿੱਚ ਸ਼ਾਂਤੀ ਅਤੇ ਇੱਕਸੁਰਤਾ ਦੇ ਸਾਧਨ ਬਣੇ ਇਹ ਸਮਝਿਆ ਜਾਂਦਾ ਹੈ ਕਿ ਉਹ ਭਾਰਤ ਦੇ ਪਹਿਲੇ 'ਪਰਵਾਸੀ ਭਾਰਤੀ' ਸਨ ਜਿਨ੍ਹਾਂ ਨੇ ਦੁਨੀਆਂ ਨੂੰ ਉਹ ਚੀਜ਼ ਭੇਟ ਕੀਤੀ ਜਿਸ ਦਾ ਆਨੰਦ ਪੂਰੀ ਮਨੁੱਖੀ ਸੱਭਿਅਤਾ ਵਿੱਚ ਮਾਨਿਆ ਜਾ ਸਕਦਾ ਹੈ। ਭਾਰਤੀ ਵਿਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਦੁਨੀਆਂ ਭਰ ਵਿੱਚ ਫੈਲਾਉਣ ਦੀ ਰਵਾਇਤ ਦੂਸਰੀ ਸਦੀ ਤੋਂ ਸ਼ੁਰੂ ਹੋਈ ਜਦੋਂ ਮੌਰੀਆ ਸਾਮਰਾਜ ਦੇ ਰਾਜਾ ਅਸ਼ੋਕ ਸ੍ਰੀਲੰਕਾ (ਸਿਲੋਨ) ਗਏ ਅਤੇ ਦੱਖਣੀ ਏਸ਼ੀਆ ਵਿੱਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਅਜਿਹੇ ਉਤਸ਼ਾਹੀ ਨੌਜਵਾਨਾਂ ਦੇ ਵਿਰਸੇ ਉਤੇ ਅੱਜ ਵੀ ਲੱਖਾਂ ਹੋਣਹਾਰ ਭਾਰਤੀ ਨੌਜਵਾਨ ਅਮਲ ਕਰ ਰਹੇ ਹਨ ਅਤੇ ਉਨ੍ਹਾਂ ਨੇ ਦੁਨੀਆਂ ਦੇ ਲਗਭਗ ਹਰ ਕੋਨੇ ਵਿੱਚ ਆਪਣੀ ਹੋਂਦ ਮਹਿਸੂਸ ਕਰਵਾਈ ਹੈ।

## ਮਾਤ ਭੂਮੀ ਤੋਂ ਦੂਰ ਗਏ ਭਾਰਤੀ : ਆਮ ਤੌਰ ਤੇ ਨੌਜਵਾਨ ਵਰਗ

ਸੰਯੁਕਤ ਰਾਸ਼ਟਰ ਦੀ ਅੰਤਰਰਾਸ਼ਟਰੀ ਪ੍ਰਵਾਸ ਬਾਰੇ ਰਿਪੋਰਟ 2015 ਵਿੱਚ ਕਿਹਾ ਗਿਆ ਹੈ ਕਿ ਸਾਰੇ ਅੰਤਰਰਾਸ਼ਟਰੀ ਪ੍ਰਵਾਸੀਆਂ ਦੀ ਔਸਤ ਉਮਰ 39 ਸਾਲ ਹੈ। ਭਾਰਤ ਵਿੱਚ ਕਿਉਂਕਿ ਦੁਨੀਆਂ ਦੇ ਸਭ ਤੋਂ ਨੌਜਵਾਨ ਉਮਰ ਦੇ ਅੰਕੜਾ ਵਿਗਿਆਨੀ ਮੌਜੂਦਾ ਹਨ ਇਸ ਲਈ ਭਾਰਤ ਤੋਂ ਦੂਰ-ਦੂਰ ਤੱਕ ਜਾਣ ਵਾਲੇ ਲੋਕਾਂ ਵਿੱਚ ਨੌਜਵਾਨ ਪ੍ਰਵਾਸੀ ਜ਼ਿਆਦਾ ਹਨ। ਭਾਰਤ ਦੇ ਲਗਭਗ 25 ਮਿਲੀਅਨ ਨੌਜਵਾਨ ਦੁਨੀਆਂ ਭਰ ਵਿੱਚ ਫੈਲੇ ਹੋਏ ਹਨ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ (ਡੇਸਾ) ਵਲੋਂ 2015 ਵਿੱਚ ਕਰਵਾਏ ਗਏ ਇਕ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਦੁਨੀਆਂ ਵਿੱਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਭਾਰਤ ਤੋਂ ਬਾਹਰ ਗਏ ਲੋਕਾਂ ਦੀ ਦੁਨੀਆਂ ਭਰ ਵਿੱਚ ਮੌਜੂਦਗੀ ਭਾਵੇਂ ਇਕ ਵਿਸ਼ੇਸ਼ ਭੂਗੋਲਿਕ ਮਾਹੌਲ ਕਰਕੇ ਹੈ ਪਰ ਕੁੱਝ ਬਹੁਤ ਛੋਟੇ ਅਤੇ ਨਵੇਂ ਦੇਸ਼ਾਂ, ਜਿਵੇਂ ਕਿ ਸੂਡਾਨ ਵਿੱਚ ਵੀ ਇਹ ਮੌਜੂਦ ਹਨ, ਭਾਵੇਂ ਕਿ ਉਥੇ ਇਨ੍ਹਾਂ ਦੀ ਗਿਣਤੀ 100 ਦੇ ਲਗਭਗ ਹੀ ਹੈ। ਸਿਰਫ ਅਮਰੀਕਾ ਵਿੱਚ ਹੀ 3.2 ਮਿਲੀਅਨ ਭਾਰਤੀ ਵੱਖ-ਵੱਖ ਵੀਜ਼ਿਆਂ ਅਤੇ ਨਾਗਰਿਕਤਾਵਾਂ ਦੇ ਆਧਾਰ ਉਤੇ ਮੌਜੂਦ ਹਨ। ਅਮਰੀਕਾ ਤੋਂ ਇਲਾਵਾ ਖਾੜੀ ਦੇਸ਼ ਇਨ੍ਹਾਂ ਭਾਰਤੀ ਪ੍ਰਵਾਸੀਆਂ ਦੀ ਪਸੰਦ ਦੇ ਟਿਕਾਣੇ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਲਗਭਗ 7 ਮਿਲੀਅਨ ਭਾਰਤੀ ਪ੍ਰਵਾਸ ਕਰਦੇ ਹਨ। ਦੁਨੀਆਂ ਭਰ ਵਿੱਚ ਇਨ੍ਹਾਂ ਭਾਰਤੀ ਲੋਕਾਂ ਦੀ ਮੌਜੂਦਗੀ ਇਕ ਅੰਦਰ ਸਮਾਈ ਹੋਈ ਬਸਤੀਵਾਦੀ ਧਾਰਨਾ ਕਰਕੇ ਹੈ। ਭਾਰਤੀਆਂ ਦੇ ਬਾਹਰ ਜਾਣ ਦੇ ਕਾਰਨਾਂ ਦੀ ਵਿਭਿੰਨਤਾ ਦਾ ਜਾਇਜ਼ਾ ਲੈਣਾ ਲਾਜ਼ਮੀ ਹੈ ਕਿਉਂਕਿ ਬਸਤੀਵਾਦੀ ਜ਼ਮਾਨੇ ਵਿੱਚ ਭਾਰਤ ਦੇ ਬਾਹਰਲੀ ਦੁਨੀਆਂ ਨਾਲ ਸੰਬੰਧ ਆਮ ਤੌਰ ਤੇ ਬ੍ਰਿਟਿਸ਼ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕਾਇਮ ਕੀਤੇ ਜਾਂਦੇ ਹਨ। ਇਸ ਲਈ ਭਾਰਤੀਆਂ ਦੀ ਵਧੇਰੇ ਮੌਜੂਦਗੀ ਉਨ੍ਹਾਂ ਦੇਸ਼ਾਂ ਵਿੱਚ ਹੈ ਜੋ ਕਿ ਸ਼ਾਹੀ ਬ੍ਰਿਟਿਸ਼ ਸਰਕਾਰ ਦੀਆਂ ਬਸਤੀਆਂ ਸਨ। ਇਸ ਲਈ ਆਸਟ੍ਰੇਲੀਆ, ਨਿਊਜ਼ੀਲੈਂਡ, ਫਿਜੀ, ਵੈਸਟ ਇੰਡੀਜ਼ ਅਤੇ ਪੂਰਬੀ ਅਫ਼ਰੀਕੀ ਦੇਸ਼ਾਂ ਵਿੱਚ ਇਨ੍ਹਾਂ ਦੀ ਚੋਖੀ ਮੌਜੂਦਗੀ ਹੈਰਾਨ ਕਰਨ ਵਾਲੀ ਨਹੀਂ ਹੈ। ਬ੍ਰਿਟਿਸ਼ ਕਬਜ਼ੇ ਸਮੇਂ ਭਾਰਤੀ ਲੋਕਾਂ ਦਾ ਪ੍ਰਵਾਸ ਮੌਕੇ ਕਾਰਨ ਨਹੀਂ ਸਗੋਂ ਉਨ੍ਹਾਂ ਦੀ ਮਜਬੂਰੀ ਕਾਰਨ ਸੀ। ਉਸ ਵੇਲੇ ਪ੍ਰਵਾਸ ਕਰਨ ਵਾਲਿਆਂ ਵਿੱਚ ਮਜ਼ਦੂਰ, ਸਿਪਾਹੀ, ਮਲਾਹ, ਨੌਕਰਾਣੀਆਂ ਆਦਿ ਸ਼ਾਮਲ ਸਨ। ਉਹ ਜਵਾਨ ਤਾਂ ਸਨ ਪਰ ਉਨ੍ਹਾਂ ਨੂੰ ਆਪਣਾ ਕਿੱਤਾ ਅਪਣਾਉਣ ਅਤੇ ਇਨ੍ਹਾਂ ਦੇਸ਼ਾਂ ਵਿੱਚ ਮੌਜੂਦ ਮੌਕਿਆਂ ਦਾ ਫ਼ਾਇਦਾ ਉਠਾਉਣ ਦਾ ਹੱਕ ਨਹੀਂ ਸੀ। ਪ੍ਰਵਾਸੀਆਂ ਦੇ ਦੂਜੇ ਵਰਗ ਵਿੱਚ ਖ਼ੁਸ਼ਹਾਲ ਭਾਰਤੀ, ਵਿਦਿਆਰਥੀ, ਕਾਨੂੰਨ ਦੇ ਗ੍ਰੈਜੂਏਟ ਅਤੇ ਵਪਾਰੀ ਸ਼ਾਮਲ ਸਨ ਜੋ ਕਿ ਇੰਗਲੈਂਡ ਅਤੇ ਇਸ ਦੀਆਂ ਕਾਲੋਨੀਆਂ ਵਿੱਚ ਅਬਾਦ ਹੋ ਗਏ ਸਨ ਅਤੇ ਭਾਰਤ ਦੀ ਅਜ਼ਾਦੀ ਦੀ ਜੰਗ ਨੂੰ ਲੋੜੀਂਦੀ ਹਮਾਇਤ ਦੇ ਰਹੇ ਸਨ। ਸ਼ਿਆਮ ਜੀ ਕ੍ਰਿਸ਼ਨ ਵਰਮਾ ਇਕ ਅਜਿਹਾ ਬੈਰਿਸਟਰ ਸੀ ਜੋ ਕਿ ਬ੍ਰਿਟੇਨ ਵਿੱਚ ਰਹਿੰਦਾ ਸੀ ਅਤੇ ਉਸ ਨੇ ਨੌਜਵਾਨ ਊਰਜਾਵਾਨ ਵਿਦਿਆਰਥੀਆਂ ਨੂੰ ਪਨਾਹ ਦੇਣ ਲਈ ਇੰਡੀਆ ਹਾਊਸ ਖੋਲ੍ਹਿਆ ਹੋਇਆ ਸੀ। ਇਹ ਨੌਜਵਾਨ ਇਥੇ ਆਧੁਨਿਕ ਵਿਗਿਆਨਿਕ ਸਿੱਖਿਆ ਆਕਸਬ੍ਰਿਜ ਯੂਨੀਵਰਸਿਟੀਆਂ ਤੋਂ ਹਾਸਲ ਕਰਨ ਲਈ ਆਏ ਸਨ। ਸ੍ਰੀ ਵਰਮਾ ਨੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਪ੍ਰਦਾਨ ਕੀਤੇ ਸਨ। ਨੌਜਵਾਨ ਊਰਜਾਵਾਨ ਵਿਦਿਆਰਥੀ ਅਤੇ ਕ੍ਰਾਂਤੀਕਾਰੀ, ਜਿਵੇਂ ਕਿ ਵੀਰ ਸਾਵਰਕਰ, ਮੈਡਮ ਭੀਖਾਜੀ ਕਾਮਾ, ਮਦਨ ਲਾਲ ਢੀਂਗਰਾ ਇਨ੍ਹਾਂ ਵਿੱਚੋਂ ਕੁਝ ਨਾਂ ਸਨ ਜੋ ਕਿ ਲੰਦਨ ਦੇ ਇੰਡੀਆ ਹਾਊਸ ਨਾਲ ਸੰਬੰਧਤ ਰਹੇ। ਇਸ ਤਰ੍ਹਾਂ ਨੌਜਵਾਨ ਵਿਦਿਆਰਥੀਆਂ ਦੀ ਇਕ ਬ੍ਰਿਗੇਡ ਨੇ ਬ੍ਰਿਟਿਸ਼ ਤਾਨਾਸ਼ਾਹੀ ਦੇ ਜ਼ੁਲਮਾਂ ਦਾ ਇੰਗਲੈਂਡ ਦੇ ਵੱਖ-ਵੱਖ ਹਿੱਸਿਆਂ ਵਿੱਚ ਪਰਦਾਫਾਸ਼ ਕੀਤਾ।

ਭਾਰਤੀ ਨੌਜਵਾਨਾਂ ਲਈ ਲੰਦਨ ਇਕ ਕੇਂਦਰ ਸਿੱਧ ਹੋਇਆ। ਮੈਡਮ ਕਾਮਾ ਬਾਅਦ ਵਿੱਚ ਪੈਰਿਸ ਵਿੱਚ ਜਾ ਕੇ ਵੱਸ ਗਈ, ਉਸ ਨੇ ਭਾਰਤੀਆਂ ਦੀ ਮੌਜੂਦਗੀ ਦਾ ਦਾਇਰਾ ਹੋਰ ਵਧਾ ਦਿੱਤਾ। ਇਸੇ ਤਰ੍ਹਾਂ ਨੌਜਵਾਨ ਕ੍ਰਾਂਤੀਕਾਰੀਆਂ ਦੇ ਇਕ ਗਰੁੱਪ ਨੇ ਅਮਰੀਕਾ ਅਤੇ ਕੈਨੇਡਾ ਵਿੱਚ ਗ਼ਦਰ ਅੰਦੋਲਨ ਦੀ ਨੀਂਹ ਰੱਖੀ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਨੂੰ ਆਪਸੀ ਸੰਪਰਕ ਅਤੇ ਲਗਾਤਾਰ ਵਟਾਂਦਰੇ ਦੇ ਪ੍ਰਮੁੱਖ ਕੇਂਦਰਾਂ ਵਜੋਂ ਉਭਾਰਿਆ। ਪਰ ਭਾਰਤੀ ਪ੍ਰਵਾਸ ਦਾ ਸਭ ਤੋਂ ਅਹਿਮ ਦੌਰ ਬਸਤੀਵਾਦ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਇਆ। ਉੱਚ ਵਿੱਦਿਆ ਦੇ ਵਧੀਆ ਸੰਸਥਾਨ ਜਿਵੇਂ ਕਿ ਆਈ ਆਈ ਟੀਜ਼ ਦੀ ਭਾਰਤ ਵਿੱਚ ਸਥਾਪਨਾ ਨਾਲ ਨੌਜਵਾਨ ਹੁਨਰਮੰਦ ਨੌਜਵਾਨਾਂ ਨੂੰ ਯੂਰਪ ਅਤੇ ਉੱਤਰੀ ਅਮਰੀਕਾ ਦੇ ਵਿਕਸਤ ਦੇਸ਼ਾਂ ਵਿੱਚ ਮੌਕੇ ਹਾਸਲ ਕਰਨ ਦਾ ਅਵਸਰ ਮਿਲਿਆ। ਇਨ੍ਹਾਂ ਦੇਸ਼ਾਂ ਨੇ ਉਨ੍ਹਾਂ ਦੀ ਸਮਰੱਥਾ ਨੂੰ ਪਛਾਣਿਆ ਅਤੇ ਉਨ੍ਹਾਂ ਨੂੰ ਵਿਦੇਸ਼ੀ ਕਰੰਸੀ ਵਿੱਚ ਚੰਗੀਆਂ ਤਨਖ਼ਾਹਾਂ ਦਿੱਤੀਆਂ। ਇਨ੍ਹਾਂ ਵਿੱਚੋਂ ਕੁਝ ਲੋਕ ਪੱਕੇਤੌਰ ਤੇ ਅਮਰੀਕਾ ਅਤੇ ਇੰਗਲੈਂਡ ਵਿੱਚ ਵੱਸ ਗਏ।

### ਵਿਸ਼ਵੀਕਰਨ – ਪ੍ਰਵਾਸ ਪਿੱਛੇ ਦਾ ਕਾਰਨ

ਭਾਰਤ ਵਿੱਚ ਉਦਾਰਵਾਦ ਦੇ ਅਗਲੇ ਪੜਾਅ ਵਿੱਚ ਹੁਨਰਮੰਦ ਭਾਰਤੀ ਨੌਜਵਾਨਾਂ ਲਈ ਦੇਸ਼ ਅੰਦਰ ਹੀ ਰੋਜ਼ਗਾਰ ਦੇ ਕਾਫੀ ਮੌਕੇ ਨਜ਼ਰ ਆਏ। ਵਿਕਸਤ ਦੇਸ਼ਾਂ ਵਿੱਚ ਵਧ ਰਹੀ ਉਤਪਾਦਨ ਅਤੇ ਕਿਰਤ ਲਾਗਤ ਨੇ ਉਨ੍ਹਾਂ ਨੂੰ ਸਸਤੇ ਬਦਲ ਲੱਭਣ ਲਈ ਪ੍ਰੇਰਿਤ ਕੀਤਾ। ਵੱਡੀਆਂ ਅਮਰੀਕੀ ਤਕਨੀਕੀ ਕੰਪਨੀਆਂ ਨੇ ਸਸਤੇ ਪਰ ਯੋਗ ਭਾਰਤੀ ਲੋਕਾਂ ਨੂੰ ਅਮਰੀਕੀ ਟੈਕਨੋਕਰੇਟਾਂ ਤੋਂ ਅੱਧੀ ਕੀਮਤ ਉੱਤੇ ਭਰਤੀ ਕਰ ਲਿਆ। ਇਸ ਨਾਲ ਅਮਰੀਕੀ ਕੰਪਨੀਆਂ ਨੂੰ ਲਾਗਤ ਘਟਣ ਨਾਲ ਅਤੇ ਮੁਨਾਫਾ ਵਧਣ ਨਾਲ ਫਾਇਦਾ ਹੋਇਆ ਅਤੇ ਦੂਜੇ ਪਾਸੇ ਬੇਰੋਜ਼ਗਾਰ ਭਾਰਤੀ ਤਕਨੀਕੀ ਗ੍ਰੈਜੂਏਟਾਂ ਨੂੰ ਸਨਮਾਨਤ ਰੋਜ਼ਗਾਰ ਮਿਲਿਆ। ਇਸ ਤਰ੍ਹਾਂ ਨਾਲ ਦੋਹਾਂ ਦੇਸ਼ਾਂ ਲਈ ਇਹ ਲਾਭ ਵਾਲੀ ਸਥਿਤੀ ਰਹੀ।

### ਸਿਲੀਕਾਨ ਵੈਲੀ – ਸਫਲ ਭਾਰਤੀ ਉੱਦਮੀਆਂ ਦੀ ਦਾਸਤਾਨ

1960 ਵਿੱਚ ਅਮਰੀਕਾ ਵਿੱਚ ਸਿਰਫ 12000 ਭਾਰਤੀ ਪ੍ਰਵਾਸੀ ਸਨ, ਉਨ੍ਹਾਂ ਵਿੱਚੋਂ ਜ਼ਿਆਦਾਤਰ ਗ਼ੈਰ-ਹੁਨਰਮੰਦ, ਘੱਟ ਹੁਨਰਮੰਦ ਜਾਂ ਅਨਪੜ੍ਹ ਕਿਸਾਨ ਸਨ। ਪਰ, 1990 ਦੇ ਅਮਰੀਕੀ ਪ੍ਰਵਾਸੀ ਕਾਨੂੰਨ ਵਿੱਚ ਕਈ ਹਾਂ-ਪੱਖੀ ਤਬਦੀਲੀਆਂ ਹੋਈਆਂ ਜਿਸ ਨਾਲ ਉੱਚ ਹੁਨਰਮੰਦ, ਨੌਜਵਾਨ ਅਤੇ ਪੜ੍ਹੇ-ਲਿਖੇ ਭਾਰਤੀਆਂ ਦਾ ਅਮਰੀਕਾ ਵਿੱਚ ਆਗਮਨ ਹੋਇਆ। 1980 ਤੋਂ 2013 ਦਰਮਿਆਨ ਅਮਰੀਕਾ ਵਿੱਚ ਹੁਨਰਮੰਦ ਭਾਰਤੀਆਂ ਦੀ ਗਿਣਤੀ 206,000 ਤੋਂ ਵਧ ਕੇ 2.04 ਮਿਲੀਅਨ ਤੱਕ ਜਾ ਪਹੁੰਚੀ, ਇਹ ਹਰ ਦਹਾਕੇ ਵਿੱਚ ਲਗਭਗ ਦੁੱਗਣੀ ਹੋਈ। ਅੱਜ ਭਾਰਤੀ ਸ਼ਹਿਰੀ ਸਭ ਤੋਂ ਵੱਧ ਆਰਜ਼ੀ ਐੱਚ 1 ਬੀ ਵੀਜ਼ਾ ਹਾਸਲ ਕਰ ਰਹੇ ਹਨ। ਇਹ ਅਮਰੀਕਾ ਸ਼ਹਿਰੀ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਵਲੋਂ 2014 ਦੇ ਮਾਲੀ ਸਾਲ ਵਿੱਚ ਜਾਰੀ ਹੋਣ ਵਾਲੇ 316,000 ਐੱਚ 1 ਬੀ ਵੀਜ਼ਿਆਂ ਦਾ 70 ਪ੍ਰਤਿਸ਼ਤ ਹਨ। 2013-14 ਦੇ ਸਾਲ ਵਿੱਚ ਅਮਰੀਕੀ ਵਿੱਦਿਅਕ ਸੰਸਥਾਵਾਂ ਵਿੱਚ 103,000 ਭਾਰਤ ਵਿੱਚ ਜੰਮੇ ਵਿਦਿਆਰਥੀਆਂ ਨੂੰ ਦਾਖਲਾ ਮਿਲਿਆ। ਅਮਰੀਕੀ ਜਨਗਣਨਾ ਬਿਊਰੋ ਦੀ ਸਾਲਾਨਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਭਾਰਤੀ ਪ੍ਰਵਾਸੀਆਂ ਦੀ ਔਸਤ ਉਮਰ 39 ਸਾਲ ਸੀ ਅਤੇ ਉਥੇ ਮੌਜੂਦ ਭਾਰਤੀਆਂ ਵਿੱਚੋਂ 83 ਪ੍ਰਤਿਸ਼ਤ ਕਿਸੇ ਨਾ ਕਿਸੇ ਗਿਆਨ ਅਧਾਰਤ ਕਿੱਤੇ ਵਿੱਚ ਲੱਗੇ ਹੋਏ ਸਨ। ਉਥੇ ਸਿਰਫ 11 ਪ੍ਰਤਿਸ਼ਤ ਭਾਰਤੀ ਹੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਨ।

ਉਥੇ ਮੌਜੂਦ ਭਾਰਤੀਆਂ ਦਾ ਵਿੱਦਿਅਕ ਪੱਧਰ ਸਭ ਤੋਂ ਉੱਚਾ ਸੀ ਅਤੇ ਕਈ ਮਾਮਲਿਆਂ ਵਿੱਚ ਤਾਂ ਉਹ ਸਥਾਨਕ ਅਮਰੀਕੀਆਂ ਤੋਂ ਵੀ ਜ਼ਿਆਦਾ ਉੱਚਾ ਵਿੱਦਿਅਕ ਮਿਆਰ ਰੱਖਦੇ ਸਨ। 2015 ਵਿੱਚ ਉਥੇ ਮੌਜੂਦ ਭਾਰਤੀ ਪ੍ਰਵਾਸੀਆਂ ਵਿੱਚੋਂ 82 ਪ੍ਰਤਿਸ਼ਤ (25 ਸਾਲ ਦੀ ਉਮਰ ਤੋਂ ਵੱਧ) ਕੋਲ ਸਥਾਨਕ ਲੋਕਾਂ ਤੋਂ 30 ਪ੍ਰਤਿਸ਼ਤ ਵੱਧ ਉੱਚ ਯੋਗਤਾ ਸੀ।

ਅਮਰੀਕਾ ਦੀ ਸਿਲੀਕਾਨ ਵੈਲੀ, ਜੋ ਕਿ ਵਿਸ਼ਵ ਸਾਫਟਵੇਅਰ ਤਕਨਾਲੋਜੀ ਅਤੇ ਸਟਾਰਟ ਅੱਪਸ ਦਾ ਸਭ ਤੋਂ ਵੱਡਾ ਧੁਰਾ ਹੈ, ਨੇ ਪਿਛਲੇ ਕੁਝ ਸਾਲਾਂ ਵਿੱਚ ਇਕ ਭਾਰਤੀ ਚਿਹਰਾ ਹੀ ਧਾਰਨ ਕਰ ਲਿਆ ਹੈ। ਕੁੱਝ ਵੱਡੀਆਂ ਸਾਫਟਵੇਅਰ ਕੰਪਨੀਆਂ, ਜੋ ਕਿ ਸਿਲੀਕਾਨ ਘਾਟੀ ਵਿੱਚ ਸਥਿਤ ਹਨ, ਜਿਵੇਂ ਕਿ ਗੂਗਲ, ਮਾਈਕਰੋਸਾਫਟ, ਏ ਐਮ ਡੀ, ਅਡੋਬ ਆਦਿ, ਸਭ ਦੇ ਭਾਰਤੀ ਸੀ ਈ ਓ ਹਨ। ਹੋਰ ਵੱਡੀਆਂ ਕੰਪਨੀਆਂ ਅਤੇ ਸਟਾਰਟ ਅੱਪਸ ਜਿਵੇਂ ਕਿ ਫੇਸਬੁਕ, ਮੋਟੋਰੋਲਾ, ਰੈਕਿਟ ਬੈਂਕਿਸਰ, ਮਾਸਟਰ ਕਾਰਡ ਆਦਿ ਦਾ ਵਿਸ਼ਵਵਿਆਪੀ ਬਾਜ਼ਾਰ ਭਾਰਤੀ ਮੈਨੇਜਰ ਹੀ ਸੰਭਾਲ ਰਹੇ ਹਨ। ਭਾਰਤੀ ਇੰਜੀਨੀਅਰਾਂ ਦੀ ਬੇਮਿਸਾਲ ਯੋਗਤਾ ਦੇ ਅਮਰੀਕਾ ਭਰ ਵਿੱਚ ਡੰਕੇ ਵੱਜ ਰਹੇ ਹਨ।

### ਆਕਸਬ੍ਰਿਜ ਅਤੇ ਲੰਦਨ – ਹਮੇਸ਼ਾ ਕਾਇਮ ਰਹਿਣ ਵਾਲੀ ਭਾਰਤੀ ਕਲਪਨਾ

ਇੰਗਲੈਂਡ ਨਾਲ ਭਾਰਤ ਦੇ ਸੰਬੰਧ ਹਮੇਸ਼ਾ ਸ਼ਾਨਦਾਰ ਰਹੇ ਹਨ। ਬਸਤੀਵਾਦੀ ਸਮੇਂ ਦੀਆਂ ਪੁਰਾਣੀਆਂ ਕੁਸੈਲੀਆਂ ਯਾਦਾਂ ਨੂੰ ਭੁੱਲ ਕੇ ਭਾਰਤ ਅਤੇ ਇੰਗਲੈਂਡ ਨੇ ਇਕ ਦੂਜੇ ਨਾਲ ਨੇੜਤਾ ਵਧਾਈ ਹੈ ਅਤੇ ਇਕ ਦੂਜੇ ਦੀ ਵਿਕਾਸ ਦੀ ਕਹਾਣੀ ਵਿੱਚ ਭਾਈਵਾਲ ਬਣੇ ਹਨ। ਇੰਗਲੈਂਡ ਵਿੱਚ ਲਗਭਗ 2 ਮਿਲੀਅਨ ਬ੍ਰਿਟਿਸ਼-ਭਾਰਤੀ ਸ਼ਹਿਰੀ ਹਨ ਜੋ ਕਿ ਵੱਖ-ਵੱਖ ਸਮੇਂ ਉੱਤੇ ਭਾਰਤ ਤੋਂ ਜਾ ਕੇ ਬ੍ਰਿਟੇਨ ਵਿੱਚ ਵਸੇ ਹੋਏ ਹਨ। ਇਸ ਆਬਾਦੀ ਦਾ ਵੱਡਾ ਹਿੱਸਾ ਨੌਜਵਾਨ, ਮਜ਼ਬੂਤ ਅਤੇ ਤੀਜੀ ਪੀੜ੍ਹੀ ਦਾ ਪ੍ਰਵਾਸੀ ਹੈ। ਇਹ ਲੋਕ ਜ਼ਿਆਦਾਤਰ ਉੱਦਮੀ, ਵਪਾਰੀ, ਟੈਕਨੋਕਰੇਟਸ, ਮੈਨੇਜਰ ਅਤੇ ਡਾਕਟਰ ਹਨ। ਨੌਜਵਾਨ ਭਾਰਤੀ ਬ੍ਰਿਟਿਸ਼ ਸਿਆਸੀ-ਸਮਾਜਿਕ ਢਾਂਚੇ ਵਿੱਚ ਏਨੇ ਘੁਲ-ਮਿਲ ਗਏ ਹਨ ਕਿ ਉਹ ਚੋਣਾਂ ਵੀ ਲੜਦੇ ਹਨ ਅਤੇ ਸਿਆਸੀ ਅਮਲ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। 2015 ਦੀਆਂ ਬ੍ਰਿਟਿਸ਼ ਸੰਸਦੀ ਚੋਣਾਂ ਵਿੱਚ ਭਾਰਤੀ ਮੂਲ ਦੇ 10 ਉਮੀਦਵਾਰ ਜੇਤੂ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾ ਨੌਜਵਾਨ ਹੀ ਸਨ। ਕੰਜ਼ਰਵੇਟਿਵ ਪਾਰਟੀ ਦੀ ਪ੍ਰੀਤੀ ਪਟੇਲ (45 ਸਾਲ) ਪਹਿਲੀ ਬ੍ਰਿਟਿਸ਼-ਇੰਡੀਅਨ ਔਰਤ ਕੈਮਰੂਨ ਸਰਕਾਰ ਵਿੱਚ ਪਹਿਲੀ ਮੰਤਰੀ ਬਣੀ ਸੀ।

### ਖਾੜੀ ਦੇਸ਼ ਅਤੇ ਮਲੇਸ਼ੀਆ

ਭਾਰਤ ਤੋਂ ਹੋਣ ਵਾਲਾ ਸਮਕਾਲੀ ਪ੍ਰਵਾਸ ਮੁੱਖ ਤੌਰ ਤੇ ਦੋ ਤਰ੍ਹਾਂ ਦਾ ਸੀ। ਪਹਿਲੀ ਕਿਸਮ ਵਿੱਚ ਉੱਚ ਹੁਨਰਮੰਦ ਲੋਕ, ਕਾਮੇ ਅਤੇ ਵਿਦਿਆਰਥੀ ਸਨ, ਜੋ ਕਿ ਆਮ ਤੌਰ ਤੇ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਚਲੇ ਗਏ ਪਰ ਦੂਜੇ ਵੱਡੇ ਵਰਗ ਵਿੱਚ ਨੀਮ ਸਿੱਖਿਅਤ ਅਤੇ ਸਿੱਖਿਆ ਰਹਿਤ ਲੋਕ ਸਨ, ਜਿਨ੍ਹਾਂ ਨੇ ਕਿ ਵੱਡੇ ਪੱਧਰ ਉੱਤੇ ਖਾੜੀ ਦੇਸ਼ ਅਤੇ ਮਲੇਸ਼ੀਆ ਜਾਣ ਵਿੱਚ ਦਿਲਚਸਪੀ ਵਿਖਾਈ। ਇਨ੍ਹਾਂ ਪ੍ਰਵਾਸੀਆਂ ਦੀ ਔਸਤ ਉਮਰ ਯੂਰਪ ਅਤੇ ਉੱਤਰੀ ਅਮਰੀਕਾ ਗਏ ਲੋਕਾਂ ਦੀ ਔਸਤ ਉੱਮਰ ਤੋਂ ਘੱਟ ਸੀ।

ਇਨ੍ਹਾਂ ਦੇਸ਼ਾਂ ਨੂੰ ਸਮੂਹਿਕ ਹਿਜਰਤ ਪੱਛਮੀ ਏਸ਼ੀਆ ਦੇ ਦੇਸ਼ਾਂ ਵਿੱਚੋਂ ਤੇਲ ਮਿਲਣ ਤੋਂ ਬਾਅਦ ਹੋਈ। ਖਾੜੀ ਦੇਸ਼ਾਂ ਵਿੱਚ ਭਾਰਤੀਆਂ ਦੀ ਆਬਾਦੀ 6 ਮਿਲੀਅਨ ਦੇ ਲਗਭਗ ਹੈ। ਇਸ ਵਰਗ ਵਿੱਚ 90 ਪ੍ਰਤਿਸ਼ਤ ਤੋਂ ਵੱਧ ਲੋਕ ਨਾਨ ਰੈਜ਼ੀਡੈਂਟ ਇੰਡੀਅਨ (ਐੱਨ ਆਰ ਆਈ) ਹਨ। ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਉਲਟ ਖਾੜੀ ਦੇਸ਼ਾਂ ਵਿੱਚ ਭਾਰਤੀਆਂ ਨੂੰ ਪੱਕੇ ਰੋਜ਼ਗਾਰ ਦੇ ਵੀਜ਼ੇ ਘੱਟ ਹੀ ਪ੍ਰਦਾਨ ਕੀਤੇ ਜਾਂਦੇ ਹਨ। ਇਥੇ ਹੋਣ ਵਾਲਾ ਕੰਮ ਕਿਉਂਕਿ ਆਮ ਤੌਰ ਤੇ ਉਸਾਰੀ ਦਾ ਅਤੇ ਹੱਥਾਂ ਨਾਲ ਕਰਨ ਵਾਲਾ ਹੁੰਦਾ ਹੈ ਇਸ ਲਈ ਇਥੇ ਖ਼ਾਸ ਉਮਰ ਤੋਂ ਬਾਅਦ ਕੰਮ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਲਈ ਅਜਿਹੇ ਦੇਸ਼ਾਂ ਵਿੱਚ ਵਧੇਰੇ ਉਮਰ ਵਾਲੇ ਲੋਕਾਂ ਦੀ ਮੰਗ ਨਹੀਂ ਹੁੰਦੀ। ਭਾਵੇਂ ਭਾਰਤ ਤੋਂ ਕੁੱਝ ਰੀਅਲ ਐਸਟੇਟ ਉੱਦਮੀਆਂ ਨੇ ਸਾਊਦੀ ਅਰਬ, ਯੂ ਏ ਈ ਅਤੇ ਕਤਰ ਵਿੱਚ ਕਿਸਮਤ ਚਮਕਾਈ ਹੈ ਪਰ ਆਮ ਤੌਰ ਤੇ ਭਾਰਤੀ ਉੱਦਮੀਆਂ ਲਈ ਇਨ੍ਹਾਂ ਦੇਸ਼ਾਂ ਵਿੱਚ ਚੰਗੇ ਮੌਕੇ ਨਹੀਂ ਹਨ। ਭਾਰਤੀ ਸੂਬੇ ਕੇਰਲ ਦੇ ਸਭ ਤੋਂ ਵੱਧ ਲੋਕ ਖਾੜੀ ਦੇਸ਼ਾਂ ਵਿੱਚ ਰਹਿ ਰਹੇ ਹਨ। ਕੇਰਲ ਦੀਆਂ ਨੌਜਵਾਨ ਲੜਕੀਆਂ ਉਥੇ ਨਰਸਾਂ ਅਤੇ ਦਾਈਆਂ ਦੀ ਨੌਕਰੀ ਸਫਲਤਾ ਨਾਲ ਕਰ ਰਹੀਆਂ ਹਨ। ਉਥੇ ਰਹਿੰਦੇ ਭਾਰਤੀਆਂ ਨੇ ਖਾੜੀ ਦੇਸ਼ਾਂ ਵਿੱਚ ਭਾਰਤੀ ਸੱਭਿਆਚਾਰ ਅਤੇ ਬਾਲੀਵੁੱਡ ਫ਼ਿਲਮਾਂ ਨੂੰ ਕਾਫੀ ਹਰਮਨਪਿਆਰਤਾ ਦਿਵਾਈ ਹੈ।

## ਲਿਆਕਤ ਦਾ ਬਾਹਰ ਜਾਣਾ

ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਭਾਰਤੀਆਂ ਤੋਂ ਭਾਰਤ ਨੂੰ ਲਗਭਗ 70 ਬਿਲੀਅਨ ਡਾਲਰ ਹਾਸਲ ਹੁੰਦੇ ਹਨ। ਇਹ ਕਿਸੇ ਵੀ ਦੇਸ਼ ਨੂੰ ਆਪਣੇ ਬਾਹਰ ਰਹਿ ਰਹੇ ਲੋਕਾਂ ਤੋਂ ਹਾਸਲ ਹੋਣ ਵਾਲੀ ਸਭ ਤੋਂ ਵੱਡੀ ਰਕਮ ਹੈ। ਇਸ ਰਕਮ ਦੇ ਵੱਡੇ ਹੋਣ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਸਿਰਫ ਕੇਰਲ ਸੂਬੇ ਨੂੰ ਖਾੜੀ ਦੇਸ਼ਾਂ ਵਿੱਚ ਰਹਿ ਰਹੇ ਆਪਣੇ ਲੋਕਾਂ ਤੋਂ ਸੂਬੇ ਦੀ ਕੁੱਲ ਡੋਮੈਸਟਿਕ ਪ੍ਰਾਡਕਟ (ਐੱਨ ਐੱਸ ਡੀ ਪੀ) ਦੇ 36.3 ਪ੍ਰਤਿਸ਼ਤ ਦੇ ਬਰਾਬਰ ਹਾਸਲ ਹੋ ਜਾਂਦੇ ਹਨ। ਪਰ ਇਕ ਦਹਾਕੇ ਤੋਂ ਵਿਦੇਸ਼ਾਂ ਵਿੱਚ ਰਹਿ ਰਹੇ ਭਾਈਚਾਰੇ ਦੇ ਲੋਕਾਂ ਨੇ ਆਪਣੀ ਸਿਆਣਪ, ਸਭਿਆਚਾਰ ਅਤੇ ਭਾਰਤੀ ਧਰਤੀ ਅਤੇ ਸਭਿਅਤਾ ਦੀ ਪ੍ਰਸਿੱਧੀ ਕਰਨੀ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਨੇ ਆਪਣੇ ਲਈ ਕਿਸੇ ਖੇਤਰ ਵਿੱਚ ਤੇਜ਼ ਦਿਮਾਗ ਦੇ ਹੋਣ ਕਾਰਨ ਹੀ ਮਾਣ ਨਹੀਂ ਹਾਸਲ ਕੀਤਾ ਸਗੋਂ ਉਨ੍ਹਾਂ ਨੇ ਨੌਜਵਾਨ ਭਾਈਚਾਰੇ ਦੇ ਮਾਣ ਦੀ ਧਾਰਨਾ ਨੂੰ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਨੇ ਭਾਰਤੀਆਂ ਦੇ ਇਕ ਬਦਲਵੇਂ ਅਤੇ ਮਜ਼ਬੂਤ ਪ੍ਰਭਾਵ ਨੂੰ ਬਾਹਰ ਰੱਖਿਆ ਹੈ। ਭਾਰਤ ਦੇ ਬਣੇ ਹੋਏ ਸਪੇਰਿਆਂ ਦੀ ਭੂਮੀ ਦੇ ਅਕਸ ਨੂੰ ਉਨ੍ਹਾਂ ਬਦਲ ਕੇ ਰੱਖ ਦਿੱਤਾ ਹੈ। ਇਸ ਤਰ੍ਹਾਂ ਭਾਰਤ ਨੂੰ ਵਿਦੇਸ਼ਾਂ ਵਿੱਚ ਵਸੇ ਆਪਣੇ ਲੋਕਾਂ ਤੋਂ ਸਭਿਆਚਾਰਕ ਅਤੇ ਆਰਥਿਕ ਤੌਰ ਤੇ ਵੀ ਲਾਭ ਹੋਇਆ ਹੈ।

ਪਰ, ਵੱਡੀ ਗਿਣਤੀ ਵਿੱਚ ਪੂਰੀ ਤਰ੍ਹਾਂ ਸਿੱਖਿਅਤ ਲੋਕਾਂ ਦੇ ਬਾਹਰ ਜਾ ਕੇ ਵਸਣ ਨਾਲ ਕੁਦਰਤੀ ਤੌਰ ਤੇ ਸਾਡੇ ਲਈ ਚਿੰਤਾ ਵਧੀ ਹੈ। 2010 ਵਿੱਚ ਭਾਰਤ ਆਪਣੇ 60,000 ਯੋਗ ਡਾਕਟਰਾਂ ਨੂੰ ਹੋਰ ਦੇਸ਼ਾਂ ਵਿੱਚ ਭੇਜ ਕੇ ਪਹਿਲੇ ਨੰਬਰ ਉੱਤੇ ਰਿਹਾ ਸੀ। ਭਾਰਤ ਅੰਗਰੇਜ਼ੀ-ਭਾਸ਼ੀ ਓ ਈ ਸੀ ਡੀ ਦੇਸ਼ਾਂ ਨੂੰ ਪੂਰੀ ਤਰ੍ਹਾਂ ਸਿੱਖਿਅਤ ਡਾਕਟਰ ਸਪਲਾਈ ਕਰਦਾ ਸੀ। ਵੱਡੀ ਗਿਣਤੀ ਵਿੱਚ ਇਨ੍ਹਾਂ ਸਿਹਤ ਵਿਵਸਾਈਆਂ ਦਾ ਬਾਹਰ ਚਲੇ ਜਾਣਾ ਭਾਰਤ, ਖ਼ਾਸ ਤੌਰ ਤੇ ਇਸ ਦੇ ਦਿਹਾਤੀ ਖੇਤਰਾਂ ਉੱਤੇ ਜਿਥੇ ਕਿ ਡਾਕਟਰਾਂ ਦੀ ਪਹਿਲਾਂ ਹੀ ਭਾਰੀ ਕਮੀ ਚੱਲ ਰਹੀ ਹੈ, ਉੱਤੇ ਨਾਂਹ-ਪੱਖੀ ਪ੍ਰਭਾਵ ਪਾਉਂਦਾ ਹੈ।

ਭਾਰਤੀ ਡਾਕਟਰਾਂ ਦੇ ਵਿਦੇਸ਼ ਜਾਣ ਦੀ ਦਰ ਲਗਭਗ 10 ਪ੍ਰਤਿਸ਼ਤ ਹੈ ਜਦ ਕਿ ਚੀਨ ਵਿੱਚ ਇਹ ਦਰ ਲਗਭਗ 1 ਪ੍ਰਤਿਸ਼ਤ ਹੈ। ਜੈਨੇਟਿਕ ਇੰਜੀਨੀਅਰਿੰਗ ਅਤੇ ਬਾਇਓਟੈਕਨਾਲੋਜੀ ਵਿੱਚ ਸਿੱਖਿਅਤ ਲੋਕਾਂ ਵਿੱਚੋਂ 90 ਪ੍ਰਤਿਸ਼ਤ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਾਰਤੀ ਲੈਬਾਰਟਰੀਆਂ ਅਤੇ ਖੋਜ ਅਤੇ ਵਿਕਾਸ ਕੇਂਦਰਾਂ ਨੂੰ ਛੱਡ ਕੇ ਅਮਰੀਕਾ ਚਲੇ ਜਾਂਦੇ ਹਨ।

## ਅੰਕੜਿਆਂ ਸੰਬੰਧੀ ਲਾਭਾਂ ਤੋਂ ਵਿਦੇਸ਼ ਜਾਣ ਦੇ ਲਾਭ ਵੱਲ

ਵਧੇਰੇ ਏਸ਼ੀਆਈ, ਯੂਰਪੀ ਅਤੇ ਉੱਤਰੀ-ਅਮਰੀਕੀ ਦੇਸ਼ਾਂ ਵਿੱਚ ਲੋਕ ਕਾਫੀ ਤੇਜ਼ੀ ਨਾਲ ਬਜ਼ੁਰਗ ਹੋ ਰਹੇ ਹਨ ਪਰ ਫਿਰ ਵੀ ਭਾਰਤ 2025 ਤੱਕ ਦੁਨੀਆਂ ਦਾ ਸਭ ਤੋਂ ਨੌਜਵਾਨ ਲੋਕਾਂ ਵਾਲਾ ਦੇਸ਼ ਬਣਨ ਵਾਲਾ ਹੈ ਅਤੇ ਇਸ ਦੇ ਲੋਕਾਂ ਦੀ ਔਸਤ ਉਮਰ 26 ਸਾਲ ਹੋ ਜਾਵੇਗੀ। ਦੁਨੀਆਂ ਦੀ ਸਾਰੀ ਕੰਮਕਾਜੀ ਆਬਾਦੀ ਵਿੱਚੋਂ 20 ਪ੍ਰਤਿਸ਼ਤ ਆਬਾਦੀ ਭਾਰਤ ਦੀ ਹੋਵੇਗੀ। ਦੁਨੀਆਂ ਵਿੱਚ ਭਾਰਤ ਦੀ ਹੀ ਸਭ ਤੋਂ ਵੱਧ ਆਬਾਦੀ ਪਹਿਲਾਂ ਹੀ ਦੂਜੇ ਦੇਸ਼ਾਂ ਵਿੱਚ ਰਹਿ ਰਹੀ ਹੈ ਅਤੇ ਇਸ ਵਿੱਚ ਹੋਰ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਭਾਰਤ ਇਸ ਅੰਕੜਿਆਂ ਸੰਬੰਧੀ ਲਾਭਅੰਸ਼ ਦਾ ਅੰਤਰਰਾਸ਼ਟਰੀ ਤੌਰ ਤੇ ਦੋਹਰਾ ਲਾਭ ਉਠਾ ਸਕੇਗਾ। ਨੌਜਵਾਨ ਭਾਰਤੀ ਦੁਨੀਆਂ ਦੇ ਸਭ ਦੇਸ਼ਾਂ ਵਿੱਚ ਫੈਲੇ ਹੋਏ ਹਨ ਜੋ ਕਿ ਭਾਰਤ ਦੀ ਤਾਕਤ ਦਾ ਸਭ ਤੋਂ ਵੱਡਾ ਹਥਿਆਰ ਹੈ। ਭਾਰਤ ਬਾਹਰੋਂ ਆਪਣੇ ਲੋਕਾਂ ਵਲੋਂ ਭੇਜੇ ਜਾ ਰਹੇ ਵਧੇਰੇ ਪੈਸੇ ਦਾ ਹੀ ਲਾਭ ਨਹੀਂ ਲੈ ਰਿਹਾ ਸਗੋਂ ਉਹ ਉਨ੍ਹਾਂ ਦੇ ਖੋਜ ਅਤੇ ਵਿਕਾਸ ਕੰਮਾਂ ਦਾ ਵੀ ਲਾਭ ਲੈ ਰਿਹਾ ਹੈ। ਪਰ ਮੌਜੂਦਾ ਸਥਿਤੀ ਦੀ ਮੰਗ ਹੈ ਕਿ ਭਾਰਤ ਸਰਕਾਰ ਇਨ੍ਹਾਂ ਖੋਜ ਅਤੇ ਵਿਕਾਸ ਕੰਮਾਂ ਨੂੰ ਵਰਤਣ ਲਈ ਜ਼ੋਰਦਾਰ ਯਤਨ ਕਰੇ। ਚੀਨ ਦੇ ਮਾਹਿਰ ਕਿਸੇ ਵੇਲੇ ਸਭ ਤੋਂ ਵੱਧ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਮੌਜੂਦ ਸਨ ਪਰ ਸਫਲ ਚੀਨੀ ਉੱਦਮੀ ਬਾਅਦ ਵਿੱਚ ਆਪਣੇ ਦੇਸ਼ ਪਰਤ ਆਏ ਅਤੇ ਦੇਸ਼ ਵਿੱਚ ਉਤਪਾਦਨ ਵਧਾਉਣ ਲਈ ਸਟਾਰਟ ਅੱਪਸ ਦੀ ਸਹਾਇਤਾ ਕਰਨ ਲੱਗੇ ਪਰ ਇਹ ਰੁਝਾਨ ਭਾਰਤੀ ਲੋਕਾਂ ਵਿੱਚ ਘੱਟ ਹੈ। ਪ੍ਰਵਾਸੀ ਭਾਰਤੀਆਂ ਲਈ ਕੁਝ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ -

## ਪ੍ਰਵਾਸੀ ਭਾਰਤੀ ਦਿਵਸ

ਹਰ ਸਾਲ ਵਿਦੇਸ਼ਾਂ ਵਿੱਚ ਵਸੇ ਭਾਰਤੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਇਕ ਸਾਲਾਨਾ ਮੀਟਿੰਗ ਆਯੋਜਿਤ ਕੀਤੀ ਜਾਂਦੀ ਹੈ ਜਿਸ ਵਿੱਚ ਉਨ੍ਹਾਂ ਨੇ ਜਿਸ ਦੇਸ਼ ਵਿੱਚ ਉਹ ਰਹਿੰਦੇ ਹਨ ਉਸ ਦੇ ਭਾਰਤ ਨਾਲ ਸੰਬੰਧ ਮਜ਼ਬੂਤ ਕਰਨ ਦੇ ਯਤਨਾਂ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਹੁਣ ਪ੍ਰਵਾਸੀ ਭਾਰਤੀ ਦਿਵਸ ਨੂੰ ਭਾਰਤ ਦੇ ਵਿਕਾਸ ਨੂੰ ਦਰਸਾਉਣ ਲਈ ਇਕ ਮੰਚ ਵਜੋਂ ਵਰਤਿਆ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਭਾਰਤ ਵਿੱਚ ਪੂੰਜੀ ਨਿਵੇਸ਼ ਲਈ ਉਤਸ਼ਾਹਿਤ ਕੀਤਾ ਜਾ ਸਕੇ।

## ਪੀ ਆਈ ਓ ਅਤੇ ਓ ਸੀ ਆਈ ਕਾਰਡਜ਼ ਨੂੰ ਇਕੱਠਾ ਕਰਨਾ

ਇਨ੍ਹਾਂ ਦੋਹਾਂ ਕਾਰਡਾਂ ਨੂੰ ਇਕੱਠਾ ਕਰਨ ਦਾ ਉਦੇਸ਼ ਭਾਰਤੀ ਮੂਲ ਦੇ ਲੋਕਾਂ ਦਾ ਦੇਸ਼ ਵਿੱਚ ਦਾਖਲਾ ਸੁਖਾਲਾ ਬਣਾਉਣਾ ਹੈ ਅਤੇ ਇਹ ਵੀ ਯਕੀਨੀ ਬਣਾਉਣਾ ਕਿ ਇਥੇ ਲੰਬੇ ਸਮੇਂ ਦੇ

ਠਹਿਰਣ ਦੌਰਾਨ ਸਮੇਂ-ਸਮੇਂ ਪੁਲਿਸ ਸਟੇਸ਼ਨਾਂ ਵਿੱਚ ਹਾਜ਼ਰੀ ਭਰਨ ਤੋਂ ਮੁਕਤ ਰੱਖਿਆ ਜਾ ਸਕੇ।

## ਯੁਵਾ ਪ੍ਰਵਾਸੀ ਭਾਰਤੀ ਦਿਵਸ

ਵਿਦੇਸ਼ਾਂ ਵਿੱਚ ਰਹਿ ਰਹੇ ਨੌਜਵਾਨ ਭਾਰਤੀਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਅਤੇ ਉਨ੍ਹਾਂ ਨੂੰ ਭਾਰਤ ਦੀ ਵਿਕਾਸ ਦੀ ਕਹਾਣੀ ਨਾਲ ਜੋੜਨ ਲਈ ਸਰਕਾਰ ਨੇ ਇਹ ਸਕੀਮ ਸ਼ੁਰੂ ਕੀਤੀ। ਇਸ ਦਾ ਉਦੇਸ਼ ਵਿਦੇਸ਼ ਵਿੱਚ ਵਧ-ਫੁੱਲ ਰਹੇ ਇਨ੍ਹਾਂ ਨੌਜਵਾਨਾਂ ਦਾ ਭਾਰਤੀ ਨੌਜਵਾਨਾਂ ਨਾਲ ਸੰਪਰਕ ਵਧਾਉਣਾ ਹੈ।

## ਪ੍ਰਵਾਸੀ ਭਾਰਤੀ ਕੇਂਦਰ

150 ਤੋਂ ਵੱਧ ਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਹੁਣ ਨਵੀਂ ਦਿੱਲੀ ਵਿੱਚ ਬਣਾਏ ਆਪਣੇ ਨਵੇਂ ਘਰ ਵਿੱਚ ਆ ਕੇ ਠਹਿਰ ਸਕਦੇ ਹਨ। ਇਸ ਨੂੰ ਪ੍ਰਵਾਸੀ ਭਾਰਤੀ ਕੇਂਦਰ ਦਾ ਨਾਂ ਦਿੱਤਾ ਗਿਆ ਹੈ। ਇਥੇ ਉਹ ਆਪਣੀਆਂ ਜੜ੍ਹਾਂ ਨੂੰ ਭਾਲ ਸਕਦੇ ਹਨ, ਨਿਵੇਸ਼ ਬਾਰੇ ਸਲਾਹ ਲੈ ਸਕਦੇ ਹਨ, ਘਰੇਲੂ ਉਡਾਨਾਂ ਲਈ ਟਿਕਟ ਬੁੱਕ ਕਰਵਾ ਸਕਦੇ ਹਨ, ਕਿਸੇ ਵੱਡੇ ਆਡੀਟੋਰੀਅਮ ਵਿੱਚ ਸਮਾਰੋਹਾਂ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਵਪਾਰਕ ਮੀਟਿੰਗਾਂ ਕਰ ਸਕਦੇ ਹਨ।

## ਵਜਰਾ-ਸਾਂਝੀ ਖੋਜ ਸੰਸਥਾ ਦਾ ਦੌਰਾ


ਇਹ ਸਕੀਮ ਵਿਗਿਆਨ ਅਤੇ ਤਕਨਾਲੋਜੀ ਦੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾਉਣ ਦੇ ਉਦੇਸ਼ ਨਾਲ ਤਿਆਰ ਕੀਤੀ ਗਈ।

## ਭਾਰਤ ਨੂੰ ਜਾਣੋ ਪ੍ਰੋਗਰਾਮ(ਕੇ ਆਈ ਪੀ)

ਇਸ ਪ੍ਰੋਗਰਾਮ ਦਾ ਉਦੇਸ਼ 18-26 ਸਾਲ ਉਮਰ ਵਰਗ ਦੇ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਨੌਜਵਾਨਾਂ ਨੂੰ ਭਾਰਤ ਦੀ ਧਰਤੀ ਅਤੇ ਉਨ੍ਹਾਂ ਦੇ ਪੂਰਵਜਾਂ ਬਾਰੇ ਜਾਣੂ ਕਰਵਾਉਣਾ ਅਤੇ ਉਨ੍ਹਾਂ ਨਾਲ ਵਿਚਾਰ, ਉਮੀਦਾਂ ਅਤੇ ਤਜਰਬੇ ਸਾਂਝੇ ਕਰਨੇ ਅਤੇ ਪੁਰਾਣੇ ਭਾਰਤ ਨਾਲ ਉਨ੍ਹਾਂ ਦੀ ਨੇੜਤਾ ਨੂੰ ਵਧਾਉਣਾ ਹੈ।

'ਬ੍ਰੇਨ ਗੇਨ' ਅਤੇ ਮੇਕ ਇਨ ਇੰਡੀਆ ਦੇ ਸੱਦੇ ਨੇ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਨੌਜਵਾਨਾਂ ਨਾਲ ਕਾਫੀ ਨੇੜਤਾ ਦਰਸਾਈ ਹੈ। ਉਹ ਮਾਨਸਿਕ ਤੇ ਸਰੀਰਕ ਤੌਰ ਤੇ ਵਾਪਸ ਆਉਣ ਅਤੇ ਭਾਰਤ ਵਿੱਚ ਪੂੰਜੀ ਲਗਾਉਣ ਦੀ ਯੋਜਨਾ ਬਣਾ ਰਹੇ ਹਨ। ਸੰਨ 2000 ਵਿੱਚ ਆਈ ਆਈ ਟੀ ਮੁੰਬਈ ਅਤੇ ਨਵੀਂ ਦਿੱਲੀ ਵਿੱਚੋਂ ਗ੍ਰੈਜੂਏਟ ਬਣਨ ਵਾਲੇ ਨੌਜਵਾਨਾਂ ਲਈ ਵਿਦੇਸ਼ਾਂ ਵਿੱਚ ਲਗਭਗ 100 ਪ੍ਰਤਿਸ਼ਤ ਨੌਕਰੀਆਂ ਦੀ ਪੇਸ਼ਕਸ਼ ਸੀ। ਇਹ ਪੇਸ਼ਕਸ਼ਾਂ ਅੱਜ ਵੀ ਅਹਿਮ ਹਨ ਪਰ ਇਨ੍ਹਾਂ ਪ੍ਰਮੁੱਖ ਸੰਸਥਾਵਾਂ ਤੋਂ ਪੜ੍ਹੇ ਲੋਕ ਹੁਣ ਬਾਹਰ ਘੱਟ ਜਾ ਰਹੇ ਹਨ।

ਦਰਸਾਏ ਗਏ ਚਿੱਤਰ ਵਿੱਚ ਸਾਲ 2016 ਵਿੱਚ ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਦਰਸਾਈ ਗਈ ਹੈ ਜਿਨ੍ਹਾਂ ਨੇ 2016 ਵਿੱਚ ਆਈ ਆਈ ਟੀ ਮੁੰਬਈ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ ਅਤੇ ਨਾਲ ਹੀ 2012 ਵਿੱਚ ਲਈਆਂ ਪੁਜ਼ੀਸ਼ਨਾਂ ਵੀ ਦਰਸਾਈਆਂ ਗਈਆਂ ਹਨ।




## ਸਿੱਟਾ

ਵਿਦੇਸ਼ਾਂ ਵਿੱਚ ਵਸੇ ਭਾਰਤੀ ਨੌਜਵਾਨ ਭਾਰਤ ਲਈ ਕਾਫੀ ਅਹਿਮੀਅਤ ਰੱਖਦੇ ਹਨ। ਬੀਤੇ ਸਮੇਂ ਵਿੱਚ ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਵਿੱਚ ਕੰਜ਼ਰਵੇਟਿਵ ਸਰਕਾਰਾਂ ਨੇ ਭਾਰਤੀਆਂ ਲਈ ਹੁਨਰਮੰਦ ਕਾਮਿਆਂ ਲਈ ਵਰਕ ਵੀਜ਼ਿਆਂ ਦੀ ਗਿਣਤੀ ਵਿੱਚ ਕਟੌਤੀ ਕੀਤੀ। ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਇਸ ਵੀਜ਼ੇ ਦਾ ਸਭ ਤੋਂ ਵੱਧ ਲਾਭ ਭਾਰਤੀਆਂ ਨੂੰ ਮਿਲਦਾ ਸੀ, ਅਜਿਹੇ ਕਿਸੇ ਕਦਮ ਦਾ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੇ ਉਥੇ ਠਹਿਰਣ ਉੱਤੇ ਵੀ ਪ੍ਰਭਾਵ ਪੈਣਾ ਹੈ। ਸਾਊਦੀ ਅਰਬ ਨੇ ਵੀ ਨਿਤਾਕਤ ਸਕੀਮ ਆਰੰਭੀ ਹੈ ਜੋ ਕਿ ਬਾਹਰਲੇ ਲੋਕਾਂ ਤੋਂ ਆਪਣੇ ਘਰੇਲੂ ਕੰਮਾਂ ਨੂੰ ਬਚਾ ਕੇ ਰੱਖਦੀ ਹੈ। ਹੋਰ ਦੇਸ਼ਾਂ ਜਿਵੇਂ ਯਮਨ, ਸੂਡਾਨ, ਕੀਨੀਆ ਜਾਂ ਇਰਾਕ ਵਿੱਚ ਭਾਰਤੀ ਆਮ ਤੌਰ ਤੇ ਜੰਗ ਵਰਗੀਆਂ ਸਥਿਤੀਆਂ ਵਿੱਚ ਫਸੇ ਰਹਿੰਦੇ ਹਨ। ਭਾਵੇਂ ਭਾਰਤ ਸਰਕਾਰ ਨੇ ਇਨ੍ਹਾਂ ਫਸੇ ਹੋਏ ਸ਼ਹਿਰੀਆਂ ਨੂੰ ਕੱਢਣ ਲਈ ਖ਼ਾਸ ਵਿਵਸਾਇਕਤਾ ਅਤੇ ਮੁਹਾਰਤ ਵਿਖਾਈ ਹੈ ਪਰ ਅਜੇ ਵੀ ਅਜਿਹੇ ਫਸੇ ਹੋਏ ਲੋਕਾਂ ਨੂੰ ਕੱਢਣ ਅਤੇ ਉਨ੍ਹਾਂ ਨੂੰ ਮੁਸੀਬਤ ਤੋਂ ਬਚਾਉਣ ਲਈ ਇਕ ਸਮਰਪਿਤ ਨੀਤੀ ਬਣਾਏ ਜਾਣ ਦੀ ਲੋੜ ਹੈ। ਗੁੰਝਲਦਾਰ 'ਗਾਰ' ਢੰਗ ਕਈ ਚਾਹਵਾਨ ਲੋਕਾਂ ਨੂੰ ਭਾਰਤ ਵਿੱਚ ਸਟਾਰਟਅੱਪਸ ਵਿੱਚ ਨਿਵੇਸ਼ ਕਰਨ ਤੋਂ ਰੋਕਦੇ ਹਨ ਇਸ ਲਈ ਇਨ੍ਹਾਂ ਨਿਯਮਾਂ ਨੂੰ ਸਰਲ ਬਣਾਇਆ ਜਾਣਾ ਚਾਹੀਦਾ ਹੈ। ਨੌਜਵਾਨ ਆਬਾਦੀ ਦੇਸ਼ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਇਕ ਖ਼ਜ਼ਾਨਾ ਹੁੰਦੀ ਹੈ ਇਸ ਲਈ ਉਨ੍ਹਾਂ ਨੂੰ ਉਨ੍ਹਾਂ ਦੇਸ਼ਾਂ ਦੀਆਂ ਲੋੜਾਂ ਅਨੁਸਾਰ ਸਿੱਖਿਅਤ ਕੀਤੇ ਜਾਣ ਦੀ ਲੋੜ ਹੈ। ਇਸ ਲਈ ਵਧੇਰੇ ਸਮਰਪਿਤ ਸਕੀਮਾਂ, ਜਿਵੇਂ ਕਿ ਪ੍ਰਵਾਸੀ ਕੌਸ਼ਲ ਵਿਕਾਸ ਯੋਜਨਾ ਸ਼ੁਰੂ ਕੀਤੇ ਜਾਣ ਦੀ ਲੋੜ ਹੈ।


*(ਲੇਖਕ ਡਾ. ਸ਼ੀਤਲ ਸ਼ਰਮਾ ਜੇ ਐੱਨ ਯੂ ਦੇ ਸੈਂਟਰ ਫਾਰ ਯੂਰਪੀਅਨ ਸਟਡੀਜ਼ ਵਿੱਚ ਅਸਿਸਟੈਂਟ ਪ੍ਰੋਫੈਸਰ ਹਨ, ਭਾਸਕਰ ਜਯੋਤੀ ਜੇ ਐੱਨ ਯੂ ਵਿੱਚ ਸੈਂਟਰ ਫਾਰ ਯੂਰਪੀਅਨ ਸਟਡੀਜ਼ ਵਿੱਚ ਡਾਕਟੋਰਲ ਰੀਸਰਚ ਫੈਲੋ ਹਨ ਅਤੇ ਉਨ੍ਹਾਂ ਨੇ 'ਇੰਗਲੈਂਡ ਵਿੱਚ ਵਸੇ ਭਾਰਤੀਆਂ ਦੀ ਸਿਆਸੀ ਸ਼ਮੂਲੀਅਤ' ਵਿਸ਼ੇ ਉਤੇ ਐੱਮ ਫਿਲ ਕੀਤੀ ਹੋਈ ਹੈ)*

*e-mail :sheetal88@gmail.com*

*:bhaskar_jyoti@yahoo.com*

# ਮਨ ਅਤੇ ਸਰੀਰ ਵਿਚਾਲੇ ਇਕਸੁਰਤਾ ਲਿਆਉਣੀ

ਈਸ਼ਵਰ ਐੱਨ ਅਚਾਰਿਆ, ਰਾਜੀਵ ਰਸਤੋਗੀ

ਯੋਗਾ ਹੁਣ ਸਮੁੱਚੇ ਵਿਸ਼ਵ ਵਿੱਚ ਪ੍ਰਸਿੱਧ ਹੋ ਚੁੱਕਿਆ ਹੈ। ਇਹ ਹੁਣ ਖੇਤਰ, ਧਰਮ, ਜਾਤ-ਪਾਤ ਅਤੇ ਰਾਸ਼ਟਰੀਅਤਾ ਦੀਆਂ ਹੱਦਬੰਦੀਆਂ ਤੋਂ ਪਾਰ ਹੋ ਚੁੱਕਾ ਹੈ। ਤੰਦਰੁਸਤੀ ਵਿੱਚ ਵਾਧੇ, ਬਿਮਾਰੀਆਂ ਦੀ ਰੋਕਥਾਮ ਵਿੱਚ ਆਪਣੀ ਵਿਲੱਖਣ ਅਤੇ ਵਿਸ਼ਿਸ਼ਟ ਭੂਮਿਕਾ ਅਤੇ ਜੀਵਨ ਸ਼ੈਲੀ ਨਾਲ ਜੁੜੇ ਵੱਖ-ਵੱਖ ਗੜਬੜੀਆਂ ਦੇ ਅਸਰਦਾਰ ਢੰਗ ਨਾਲ ਪ੍ਰਬੰਧਨ ਵਿੱਚ ਚਕਿਤਸਕ ਦੀ ਭੂਮਿਕਾ ਲਈ ਇਸ ਨੂੰ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ। ਯੋਗ ਇਕ ਅਧਿਆਤਮਕ ਵਿਵਸਥਾ ਵੀ ਹੈ ਜੋ ਕਿ ਸਰੀਰ ਅਤੇ ਮਨ ਵਿਚਾਲੇ ਸਹੀ ਤਾਲਮੇਲ/ਇਕਸੁਰਤਾ ਪੈਦਾ ਕਰਨ ਵਿੱਚ ਕੇਂਦਰਿਤ ਹੈ।

ਮੌਜੂਦਾ ਸਮਾਂ ਤਕਨੀਕੀ ਪੱਖੋਂ ਤਰੱਕੀ ਦੇ ਸਮੇਂ ਵਜੋਂ ਜਾਣਿਆ ਜਾਂਦਾ ਹੈ ਜਿਸ ਨੇ ਸਾਡੀ ਜ਼ਿੰਦਗੀ ਨੂੰ ਅਰਾਮਦੇਹ ਬਣਾ ਦਿੱਤਾ ਹੈ। ਫਿਰ ਵੀ ਗਲਤ ਜੀਵਨਸ਼ੈਲੀ, ਵਾਤਾਵਰਨ ਪ੍ਰਸਥਿਤੀਆਂ, ਪ੍ਰਦੂਸ਼ਨ ਅਤੇ ਆਧੁਨਿਕ ਕਾਰਜ ਸਭਿਆਚਾਰ ਆਦਿ ਨੇ ਜ਼ਿੰਦਗੀ ਮੁਸ਼ਕਲ ਕਰ ਦਿੱਤੀ ਹੈ। ਇਸ ਨੇ ਜ਼ਿੰਦਗੀ ਦੇ ਹਰ ਪਹਿਲੂ ਉਤੇ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਹਨ ਜਿਵੇਂ ਕਿ ਸ਼ਰੀਰਕ, ਮਾਨਸਿਕ, ਬੌਧਿਕ, ਭਾਵਾਤਮਕ, ਸਮਾਜਕ ਅਤੇ ਅਧਿਆਤਮਕ ਜਿਸ ਨੇ ਮਨੁੱਖ ਨੂੰ ਉਲਝਣਾਂ ਵਿੱਚ ਪਾ ਦਿੱਤਾ ਹੈ। ਯੋਗ ਜੀਵਨ ਦੇ ਹਰ ਪੱਖ ਤੇ ਸਹੀ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ। ਯੋਗਾ ਦੀ ਵਿਲੱਖਣਤਾ ਇਹ ਹੈ ਕਿ ਇਹ ਹਰ ਤਰ੍ਹਾਂ ਦੀ ਸਿਹਤ ਸੰਭਾਲ ਪ੍ਰਣਾਲੀ ਨਾਲ ਚਲ ਸਕਦਾ ਹੈ। ਇਸ ਕਾਰਨ ਰਵਾਇਤੀ ਦਵਾਈਆਂ ਸਮੇਤ ਹਰ ਤ੍ਰਰਾਂ ਦੀ ਦਵਾਈ ਪ੍ਰਣਾਲੀ ਨਾਲ ਜੁੜੇ ਡਾਕਟਰ ਮਰੀਜਾਂ ਨੂੰ ਦਵਾਈ ਦੇ ਨਾਲ-ਨਾਲ ਯੋਗਾ ਕਰਨ ਦੀ ਸਲਾਹ ਵੀ ਦੇ ਸਕਦੇ ਹਨ।

ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ 27 ਸਤੰਬਰ 2014 ਨੂੰ 69ਵਾਂ ਸੰਯੁਕਤ ਰਾਸ਼ਟਰ ਜਨਰਲ ਇਜਲਾਸ ਦੌਰਾਨ ਆਪਣੇ ਭਾਸ਼ਨ ਵਿੱਚ ਕਿਹਾ ਸੀ, "ਯੋਗ ਸਾਡੀ ਪੁਰਾਤਨ ਰਵਾਇਤ ਦਾ ਇਕ ਵੱਡਮੁੱਲਾ ਤੋਹਫ਼ਾ ਹੈ। ਇਹ ਸਰੀਰ ਅਤੇ ਮਨ, ਵਿਚਾਰ ਅਤੇ ਕਰਮ, ਸੰਜਮ/ਠਹਿਰਾਵ ਅਤੇ ਸੰਤੁਸ਼ਟੀ ਵਿੱਚ ਇਕਸੁਰਤਾ ਪੈਦਾ ਕਰਦਾ ਹੈ। ਮਨੁੱਖ ਅਤੇ ਕੁਦਰਤ ਵਿੱਚ ਤਾਲਮੇਲ ਲਿਆਉਂਦਾ ਹੈ ਅਤੇ ਸਿਹਤ ਅਤੇ ਤੰਦਰੁਸਤੀ ਪ੍ਰਤਿ ਸਮੁੱਚਿਤ ਪਹੁੰਚ ਪੈਦਾ ਕਰਦਾ ਹੈ। ਯੋਗਾ ਇਕ ਵਰਜਿਸ਼ ਹੀ ਨਹੀਂ ਸਗੋਂ ਆਪਣੇ ਖੁਦ ਨਾਲ ਸਮੁੱਚੇ ਆਲਮ ਅਤੇ ਕੁਦਰਤ ਨਾਲ ਇਕਰੂਪਤਾ ਦੀ ਖੋਜ ਹੈ। ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਅਤੇ ਚੇਤਨਤਾ ਜਗਾ ਕੇ ਇਹ ਸਾਨੂੰ ਵਾਤਾਵਰਨ/ਮੌਸਮੀ ਬਦਲਾਅ ਨਾਲ ਨਜਿਠਣ ਵਿੱਚ ਵੀ ਮਦਦ ਕਰਦਾ ਹੈ। ਚਲੋ ਅਸੀਂ ਇਕ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਣ ਵੱਲ ਕੰਮ ਕਰੀਏ।"

ਪ੍ਰਧਾਨ ਮੰਤਰੀ ਨੇ ਇਸ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਕਿ ਯੋਗਾ ਪੂਰੀ ਤਰ੍ਹਾਂ ਸਵੀਕਾਰ ਯੋਗ ਹੈ ਅਤੇ ਯੋਗਾ ਦੀ ਉਪਯੋਗਤਾ ਨੂੰ ਸਹੀ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਯੋਗਾ ਨੂੰ ਵਿਸ਼ਵ ਪੱਧਰ ਉਤੇ ਪ੍ਰਚਾਰਨ ਉਤੇ ਵੀ ਜ਼ੋਰ ਦਿੱਤਾ।

ਮਗਰੋਂ ਸੰਯੁਕਤ ਰਾਸ਼ਟਰ ਨੇ 177 ਦੇਸ਼ਾਂ ਦੀ ਸਹਾਇਤਾ ਨਾਲ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਵਜੋਂ ਐਲਾਨ ਦਿੱਤਾ। ਹੁਣ ਸਮੁੱਚਾ ਵਿਸ਼ਵ ਅੰਤਰਰਾਸ਼ਟਰੀ ਯੋਗਾ ਦਿਵਸ ਨੂੰ ਪੂਰੇ ਉਤਸ਼ਾਹ ਅਤੇ ਉਮੰਗ ਨਾਲ ਮਨਾਉਂਦਾ ਹੈ। ਭਾਰਤ ਵਿੱਚ ਅਯੂਸ਼ ਮੰਤਰਾਲੇ ਨੂੰ ਹੋਰਨਾ ਮੰਤਰਾਲਿਆਂ ਦੀ ਮਦਦ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਸਹੀ ਢੰਗ ਨਾਲ ਮਨਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਸਾਲ ਅਸੀਂ ਤੀਜਾ ਅੰਤਰਰਾਸ਼ਟਰੀ ਯੋਗਾ ਦਿਵਸ ਮਨਾ ਰਹੇ ਹਾਂ।

### ਯੋਗ ਕੀ ਹੈ?

ਯੋਗ ਪੁਰਾਤਨ ਭਾਰਤੀ ਸੰਤਾਂ ਵਲੋਂ ਅਰੰਭਿਆ



ਗਿਆ ਅਧਿਆਤਮਕ ਵਿਗਿਆਨ ਹੈ। ਯੋਗਾ ਇਕ ਸੰਪੂਰਨ ਜੀਵਨ ਪ੍ਰਣਾਲੀ ਹੈ ਜਿਸ ਦੀਆਂ ਜੜ੍ਹਾਂ ਭਾਰਤੀ ਰਵਾਇਤਾਂ ਅਤੇ ਸਭਿਆਚਾਰ ਨਾਲ ਜੁੜੀਆਂ ਹੋਈਆਂ ਹਨ। ਇਸ ਨੂੰ ਕਈ ਹਜ਼ਾਰ ਸਾਲ ਪਹਿਲਾਂ ਰਿਸ਼ੀਆਂ ਅਤੇ ਮੁਨੀਆਂ ਵਲੋਂ ਵਿਕਸਤ ਕੀਤਾ ਗਿਆ ਸੀ। ਯੋਗਿਕ ਸਾਹਿਤ ਤਕਰੀਬਨ ਸਾਰੀਆਂ ਪੁਰਾਤਨ ਲਿਖਤਾਂ ਵਿੱਚ ਮੌਜੂਦ ਹੈ। ਯੋਗਾ ਦਾ ਅਮੀਰ ਸਰੋਤ ਮੱਧਕਾਲੀ, ਆਧੁਨਿਕ ਅਤੇ ਸਮਕਾਲੀ ਸਾਹਿਤ ਵਿੱਚ ਵੀ ਪਾਇਆ ਜਾਂਦਾ ਹੈ। ਕਈ ਟਿੱਪਣੀ ਲੇਖਕਾਂ ਦੇ ਦੱਸਣ ਅਨੁਸਾਰ ਪਤਾਂਜਲੀ ਦੇ ਯੋਗਾਸੂਤਰ (400 ਬੀ ਸੀ) ਸਭ ਤੋਂ ਪਹਿਲੀ ਯੋਜਨਾਬਧ ਲਿਖਤ ਵਜੋਂ ਮੰਨੇ ਜਾਂਦੇ ਹਨ। ਪਤਾਂਜਲੀ ਵਲੋਂ ਯੋਗਾ ਦੇ ਅੱਠ ਮਾਰਗ ਦੱਸੇ ਗਏ ਹਨ ਜਿਨ੍ਹਾਂ ਨੂੰ ਅਸਟਾਂਗ ਯੋਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਅਸਟਾਂਗ ਯੋਗਾ ਇਕ ਮਨੁੱਖ ਦੇ ਹਰ ਪੱਖ ਦਾ ਧਿਆਨ ਰਖਦਾ ਹੈ।

ਯੋਗਾ ਇਲਾਜ, ਸਿਹਤ ਸੰਭਾਲ ਅਤੇ ਤੰਦਰੁਸਤ ਜੀਵਨ ਲਈ ਇਕ ਦਵਾਈ ਰਹਿਤ ਪ੍ਰਣਾਲੀ ਹੈ। ਇਸ ਦਾ ਮੁੱਖ ਜ਼ੋਰ ਸਮੁੱਚੀ ਸਿਹਤ ਉਤੇ ਹੁੰਦਾ ਹੈ ਜਿਸ ਵਿੱਚ ਜੀਵਨ ਦੇ ਸਰੀਰਕ, ਮਾਨਸਿਕ, ਨੈਤਿਕ, ਸਮਾਜਕ, ਭਾਵਨਾਤਮਕ ਅਤੇ ਅਧਿਆਤਮਕ ਪੱਖ ਸਭ ਆ ਜਾਂਦੇ ਹਨ। ਚੰਗੀ ਸਿਹਤ ਲਈ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਜ਼ਿੰਦਗੀ ਦੇ ਕਈ ਸਹਿਜ ਅਤੇ ਆਸਾਨ ਤਰੀਕਿਆਂ ਦੇ ਸੁਝਾਅ ਦਿੱਤੇ ਗਏ ਹਨ, ਜਿਨ੍ਹਾਂ ਨੂੰ ਲੋੜ ਅਨੁਸਾਰ ਰੋਜ਼ਾਨਾ ਜੀਵਨ ਵਿੱਚ ਅਪਣਾਇਆ ਜਾ ਸਕਦਾ ਹੈ। ਇਸ ਦੇ ਨਾਲ ਇਨ੍ਹਾਂ ਨੂੰ ਹੋਰਨਾਂ ਪ੍ਰਣਾਲੀਆਂ ਨਾਲ ਜੋੜ ਕੇ ਵੀ ਅਪਣਾਇਆ ਜਾ ਸਕਦਾ ਹੈ।

ਯੋਗਾ ਨਾਲ ਚੰਗੀ ਸਿਹਤ, ਬਿਮਾਰੀਆਂ ਤੋਂ ਰੋਕਥਾਮ, ਮਾਨਸਿਕ ਅਵਿਵਸਥਾ ਦੇ ਅਸਰਦਾਰ ਪ੍ਰਬੰਧਨ ਅਤੇ ਉੱਚ ਪੱਧਰ ਦੀ ਜਾਗਰੂਕਤਾ ਬਾਰੇ ਵਧੀਆ ਸਮਝ ਨੂੰ ਹਾਸਲ ਕੀਤਾ ਜਾ ਸਕਦਾ ਹੈ। ਯੋਗ ਪ੍ਰਣਾਲੀ ਦੀ ਸੰਪੂਰਨ ਪਹੁੰਚ ਹੈ ਅਤੇ ਇਹ ਆਦਮੀ ਦੇ ਪੂਰਨ ਇਲਾਜ ਵਿੱਚ ਵਿਸ਼ਵਾਸ ਰਖਦੀ ਹੈ।


ਯੋਗ ਅਭਿਆਸ ਵਿੱਚ ਕਿਰਿਆਵਾਂ (ਸ਼ੁਧਤਾ ਦੀ ਕਾਰਜ ਪੱਧਤੀ), ਸੂਰਿਆ ਨਮਸਕਾਰ, ਆਸਨ (ਸਰੀਰਕ ਮੁਦਰਾਵਾਂ), ਪ੍ਰਾਣਾਯਾਮ (ਸਾਹ ਦੇ ਅਭਿਆਸ) ਅਰਾਮ ਦੀ ਕਲਾ, ਬੰਦ ਅਤੇ ਮੁਦਰਾ



ਅਤੇ ਧਿਆਨ ਆਦਿ ਪ੍ਰਸਿੱਧ ਹਨ।

## ਸੂਰਿਆ ਨਮਸਕਾਰ

ਸੂਰਿਆ ਨਮਸਕਾਰ (ਸੂਰਜ ਨੂੰ ਮੱਥਾ ਟੇਕਣਾ) ਯੋਗ ਅਭਿਆਸ ਦੀ ਇਕ ਬੜੀ ਫਇਦੇਮੰਦ ਅਤੇ ਪ੍ਰਸਿੱਧ ਕਿਰਿਆ ਹੈ। ਇਸ ਵਿੱਚ ਸਰੀਰ ਦੀਆਂ ਲੜੀਵਾਰ 12 ਮੁਦਰਾਵਾਂ ਸ਼ਾਮਲ ਹਨ ਜੋ ਕਿ ਸਵੇਰੇ ਤੜਕੇ ਸੂਰ ਵੱਲ ਮੁੱਖ ਕਰਕੇ ਕੀਤੀਆ ਜਾਂਦੀਆ ਹਨ। ਇਸ ਨਾਲ



ਸਮੁੱਚੇ ਸਰੀਰ ਦੇ ਗ੍ਰੰਥੀਆ ਅਤੇ ਪੱਠਿਆਂ ਨਾਲ ਜੁੜੇ ਨਾੜੀਤੰਤਰ ਨੂੰ ਮਜ਼ਬੂਤੀ ਮਿਲਦੀ ਹੈ। ਇਸ ਦੇ ਰੋਜ਼ਾਨਾ ਅਭਿਆਸ ਨਾਲ ਖ਼ੂਨ ਨੂੰ ਆਕਸੀਜ਼ਨ ਦੀ ਸੰਤੁਲਿਤ ਪੂਰਤੀ ਅਤੇ ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ ਵਿੱਚ ਇਕਸੁਰਤਾ ਯਕੀਨੀ ਬਣਦੀ ਹੈ ਜਿਸ ਨਾਲ ਮਨੁੱਖੀ ਸਰੀਰ ਦੀ ਸਮੁੱਚੀ ਮਨੋਸਰੀਰਕ ਪ੍ਰਣਾਲੀ ਨੂੰ ਬਲ ਮਿਲਦਾ ਹੈ।

## ਆਸਨ (ਸਰੀਰਕ ਮੁਦਰਾਵਾਂ)

ਇਹ ਵਿਸ਼ੇਸ਼ ਪ੍ਰਕਾਰ ਦੀਆਂ ਮੁਦਰਾਵਾਂ ਹਨ ਜੋ ਕਿ ਸਹੀ ਖਿਚਾਅ ਰਾਹੀਂ ਮਨ ਅਤੇ ਸਰੀਰ ਵਿੱਚ ਸਥਿਰਤਾ ਲਿਆਉਂਦੀਆਂ ਹਨ। ਆਸਨਾਂ ਦਾ ਮਕਸਦ ਆਮ ਪੱਠਿਆਂ ਨੂੰ ਬਣਾਉਣਾ ਅਤੇ ਮਜ਼ਬੂਤ ਕਰਨਾ ਹੈ। ਸਰੀਰਕ ਮੁਦਰਾਵਾਂ ਦੇ ਅਭਿਆਸ ਨੂੰ ਚਲਾਉਣ ਵਾਲਾ ਸਿਧਾਂਤ ਮਨੋਸਰੀਰਕ ਹੈ ਨਾ ਕਿ ਸਿਰਫ ਸਰੀਰਕ। ਆਸਨਾਂ ਨੂੰ ਬਿਨਾਂ ਜ਼ੋਰ ਲਗਾਇਆਂ ਕਰਨਾ ਚਾਹੀਦਾ ਹੈ ਅਤੇ ਜਿੰਨਾ ਸਮਾਂ ਅਸਾਨੀ ਨਾਲ ਕੀਤਾ ਜਾ ਸਕੇ ਉਨਾ ਸਮਾਂ ਜਾਰੀ ਰੱਖਣਾ ਚਾਹੀਦਾ ਹੈ।

## ਪ੍ਰਾਣਾਯਾਮ

ਪ੍ਰਾਣਾਯਾਮ ਦਾ ਅਭਿਆਸ ਸਾਹ ਤੰਤਰ ਉਤੇ ਕਾਬੂ ਪਾਉਣਾ ਹੈ ਜਿਸ ਨਾਲ ਨਾੜੀਆਂ ਵਿੱਚ ਆਪਣੇ ਆਪ ਆਵੇਗ ਲਈ ਮਾਰਗ ਬਣ ਜਾਂਦਾ ਹੈ। ਲੰਬੇ ਸਮੇਂ ਤੱਕ ਅਸਾਨੀ ਨਾਲ ਸਾਹ ਨੂੰ ਰੋਕ ਕੇ ਰੱਖਣਾ ਯੋਗਿਕ ਸਵਾਸ ਕਿਰਿਆ ਦੀ ਇਕ ਲੋੜੀਂਦੀ ਕਲਾ ਹੈ। ਇਸ ਤਰ੍ਹਾਂ ਦੀ ਸਵਾਸ ਕਿਰਿਆ ਦਾ ਮੁੱਖ ਮਕਸਦ ਸਵੈ ਨਾੜੀ ਤੰਤਰ ਉਤੇ ਨਿਯੰਤ੍ਰਣ ਪਾਉਣਾ ਅਤੇ ਇਸ ਦੇ ਅਸਰ ਨਾਲ ਮਾਨਸਿਕ ਕਿਰਿਆਵਾਂ ਨੂੰ ਵੀ ਨਿਯੰਤਰਤ ਅਤੇ ਚਲਾਇਆ ਜਾ ਸਕਦਾ ਹੈ। ਇਹ ਉੱਚ ਯੋਗਿਕ ਅਭਿਆਸ ਜਿਵੇਂ ਕਿ ਧਿਆਨ ਵਿੱਚ ਬਹੁਤ ਲਾਭਦਾਇਕ ਹੈ।

## ਧਿਆਨ (ਮੈਡੀਟੇਸ਼ਨ)

ਮਨ ਦੇ ਇਕ ਪੱਕੀ ਦਿਸ਼ਾ ਵਿੱਚ ਲਗਾਤਾਰ ਅਤੇ ਬੇਰੋਕ ਪ੍ਰਵਾਹ ਨੂੰ ਧਿਆਨ ਕਹਿੰਦੇ ਹਨ। ਧਿਆਨ ਦਾ ਮੂਲ ਸਿਧਾਂਤ ਅੰਦਰੂਨੀ ਜਾਗਰੂਕਤਾ ਨੂੰ ਵਿਕਸਤ ਕਰਨਾ ਹੈ। ਇਸ ਦੇ ਅਭਿਆਸ ਵਿੱਚ ਮਾਨਸਿਕ ਕਿਰਿਆਵਾਂ ਉਤੇ ਨਿਯੰਤ੍ਰਨ ਕਰਨਾ ਸ਼ਾਮਲ ਹੈ ਜੋ ਕਿ ਮੁੱਢਲੇ ਤੌਰ ਤੇ ਬਾਹਰੀ ਵਸਤਾਂ ਤੋਂ ਬਾਹਰੀ ਵਾਤਾਵਰਨ ਨਾਲੋਂ ਆਪਣੀ ਬਿਰਤੀ ਨੂੰ ਪੂਰੀ ਤਰ੍ਹਾਂ ਤੋੜਨ ਨਾਲ ਸ਼ੁਰੂ ਹੁੰਦੀ ਹੈ। ਇਹ

ਜਜ਼ਬ ਕਰਨ ਦੀ ਕਿਰਿਆ ਹੈ ਜਿਸ ਵਿੱਚ ਆਦਮੀ ਧਿਆਨ ਨੂੰ ਤਜਰਬੇ ਵਿੱਚ ਬਦਲਦਾ ਹੈ। ਧਿਆਨ ਦੇ ਲਾਗਾਤਾਰ ਅਭਿਆਸ ਨਾਲ ਆਦਮੀ ਨੂੰ ਡੂੰਘਾਈ ਨਾਲ ਇਕਾਗਰਤਾ ਦੀ ਸ਼ਕਤੀ ਮਿਲਦੀ ਹੈ ਜਿਸ ਦੇ ਨਤੀਜੇ ਵਜੋਂ ਕਈ ਫ਼ਾਇਦੇ ਹੁੰਦੇ ਹਨ ਜਿਵੇਂ ਕਿ ਸਰੀਰਕ ਸ਼ਕਤੀ, ਮਾਨਸਿਕ ਸਮਰੱਥਾ, ਸ਼ਾਂਤੀ, ਯਾਦਾਸ਼ਤ, ਕਲਾਤਮਕਤਾ, ਸੂਝਬੂਝ, ਸੋਚ ਸ਼ਕਤੀ ਅਤੇ ਸਹਿਜ ਗਿਆਨ ਵਿੱਚ ਵਾਧਾ ਹੁੰਦਾ ਹੈ।

## ਸਿਹਤ ਕੀ ਹੈ?

ਸਿਹਤ ਦੀਆਂ ਕਈ ਪਰਿਭਾਸ਼ਾਵਾਂ ਹਨ, ਪਰ ਇਸ ਦੀ ਆਧੁਨਿਕ ਪਰਿਭਾਸ਼ਾ ਵਿਸ਼ਵ ਸਿਹਤ ਸੰਸਥਾ (ਡਬਲਯੂ ਐੱਚ ਓ) ਦੀ ਸਥਾਪਤਾ ਦੇ ਮੁੱਖਬੰਦ ਦੌਰਾਨ ਤਿਆਰ ਕੀਤੀ ਗਈ, ਜਿਸ ਨੂੰ ਅੰਤਰਰਾਸ਼ਟਰੀ ਸਿਹਤ ਕਾਨਫਰੰਸ ਨਿਊਯਾਰਕ ਵਲੋਂ 19-22 ਜੂਨ 1946 ਦੌਰਾਨ ਅਪਣਾਇਆ ਗਿਆ, 22 ਜੁਲਾਈ 1946 ਨੂੰ 61 ਦੇਸ਼ਾਂ ਦੇ ਨੁਮਾਇੰਦਿਆਂ ਵਲੋਂ ਦਸਤਖ਼ਤ ਕੀਤਾ ਗਿਆ ਅਤੇ 7 ਅਪ੍ਰੈਲ 1948 ਨੂੰ ਅਮਲ ਵਿੱਚ ਲਿਆਂਦਾ ਗਿਆ, ਉਹ ਹੈ, " ਸਿਹਤ ਪੂਰਨ ਸਰੀਰਕ, ਮਾਨਸਿਕ ਅਤੇ ਸਮਾਜਕ ਸਲਾਮਤੀ ਦੀ ਅਵਸਥਾ ਹੈ ਨਾ ਕਿ ਸਿਰਫ ਬਿਮਾਰੀਆਂ ਜਾਂ ਕਮਜ਼ੋਰੀ ਦੀ ਅਣਹੋਂਦ।"

## ਯੋਗਾ ਅਤੇ ਨੌਜਵਾਨ

ਯੋਗਾ ਤੰਦਰੁਸਤ ਜੀਵਨ ਦੇ ਵਿਗਿਆਨ ਅਤੇ ਕਲਾ ਵਜੋਂ ਜਾਣਿਆ ਜਾਂਦਾ ਹੈ। ਇਹ ਹਰੇਕ ਉਸ ਲਈ ਹੈ ਜੋ ਤੰਦਰੁਸਤ ਅਤੇ ਬਿਮਾਰੀਆਂ ਤੋਂ ਦੂਰ ਰਹਿਣਾ ਚਾਹੁੰਦਾ ਹੈ।

ਅਸਲ ਵਿੱਚ ਯੋਗਾ ਹੋਰਨਾ ਫਾਇਦਿਆਂ ਦੇ ਨਾਲ-ਨਾਲ ਅੰਦਰੂਨੀ ਮੁਹਾਰਤ ਅਤੇ ਆਤਮ ਵਿਸ਼ਵਾਸ ਦੇ ਪੱਧਰ ਨੂੰ ਵਿਕਸਤ ਕਰਨ ਦਾ ਇਕ ਰਾਹ ਹੈ। ਇਸ ਨੂੰ ਜੀਵਨ ਸ਼ੈਲੀ ਵਿੱਚ ਪੂਰਨ ਬਦਲਾਅ ਵੀ ਕਿਹਾ ਜਾ ਸਕਦਾ ਹੈ।


ਯੋਗ ਅੱਜ ਦੀ ਨੌਜਵਾਨ ਪੀੜ੍ਹੀ ਦੀ ਲੋੜ ਹੈ। ਨੌਜਵਾਨ ਅੱਜ ਜ਼ਿੰਦਗੀ ਦੀਆਂ ਕਈ ਵੰਗਾਰਾਂ ਦਾ ਸਾਹਮਣਾ ਕਰ ਰਹੇ ਹਨ ਭਾਵੇਂ ਉਹ ਪੜ੍ਹਾਈ ਨਾਲ ਸੰਬੰਧਤ ਹੋਵੇ ਜਾਂ ਫਿਰ ਰੋਜ਼ਗਾਰ ਸੰਬੰਧੀ। ਯੋਗਾ ਉਨ੍ਹਾਂ ਨੂੰ ਰੋਜ਼ਾਨਾਂ ਦੀਆਂ ਵੰਗਾਰਾਂ ਨਾਲ ਕਾਬਲੀਅਤ ਨਾਲ ਜੂਝਣ ਲਈ ਇਕ ਯੋਗੀ ਬਣਾ ਸਕਦਾ ਹੈ। ਯੋਗ ਨਾਲ ਸਮੁੱਚੇ ਤੌਰ ਤੇ



ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ ਜਿਵੇਂ ਕਿ ਸਰੀਰਕ, ਮਾਨਸਿਕ, ਸਮਾਜਕ, ਭਾਵਨਾਤਮਕ ਅਤੇ ਅਧਿਆਤਮਕ ਅਤੇ ਉਸ ਦੇ ਨਾਲ-ਨਾਲ ਵਿਅਕਤੀ ਨੂੰ ਇਕ ਵੱਖਰੀ ਸ਼ਖ਼ਸੀਅਤ ਵਿੱਚ ਬਦਲ ਦਿੰਦਾ ਹੈ। ਇਹ ਸੰਪੂਰਨ ਪ੍ਰਣਾਲੀ ਉਤੇ ਅਸਰ ਕਰਦਾ ਹੈ। ਇਕਾਗਰਤਾ ਅਤੇ ਸਹਿਣਸ਼ਕਤੀ ਵਿੱਚ ਸੁਧਾਰ, ਅਭਿਆਸ ਕਰਨ ਵਾਲੇ ਨੂੰ ਸ਼ਾਂਤ ਕਰਦਾ ਹੈ ਜੋ ਕਿ ਅੱਜ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਬਹੁਤ ਜ਼ਰੂਰੀ ਹੈ।

ਭਾਰਤ 125 ਕਰੋੜ ਤੋਂ ਵੱਧ ਦੀ ਆਬਾਦੀ ਵਾਲਾ ਇਕ ਵਿਸ਼ਾਲ ਦੇਸ਼ ਹੈ ਅਤੇ ਦੇਸ਼ ਦਾ ਵਿਕਾਸ ਜ਼ਿਆਦਾਤਰ ਇਸ ਦੀ ਸਿਹਤ ਉਤੇ





ਨਿਰਭਰ ਕਰਦਾ ਹੈ। ਜੇਕਰ ਦੇਸ਼ ਦੀ ਸਿਹਤ ਮਾੜੀ ਹੋਵੇਗੀ ਤਾਂ ਇਸ ਦਾ ਵਿਕਾਸ ਵੀ ਧੀਮਾ ਹੋ ਜਾਵੇਗਾ ਕਿਉਂਕਿ ਉਥੇ ਦੀ ਬਹੁਤ ਸਾਰੀ ਸ਼ਕਤੀ ਅਤੇ ਵਸੀਲੇ ਇਸ ਦੀ ਸਿਹਤ ਨੂੰ ਠੀਕ ਰੱਖਣ ਵਿਚ ਖਰਚ ਹੋ ਜਾਂਦੇ ਹਨ। ਪਰ ਜੇਕਰ ਦੇਸ਼ ਦੀ ਸਿਹਤ ਜਿਵੇਂ ਕਿ ਨੌਜਵਾਨ ਚੰਗੇ ਅਤੇ ਸ਼ਕਤੀ ਨਾਲ ਭਰਪੂਰ ਹੋਣਗੇ ਤਾਂ ਦੇਸ਼ ਬਿਨਾਂ ਥਕੇ ਲੰਬੇ ਰਾਹ ਉਤੇ ਚਲ ਸਕੇਗਾ। ਇਸ ਲਈ ਨੌਜਵਾਨਾਂ ਦੀ ਸਿਹਤ ਸਰਵੋਤਮ ਮਹੱਤਤਾ ਵਾਲੀ ਹੈ।

ਯੋਗ ਜ਼ਰੂਰ ਇਕ ਅਧਿਆਤਮਕ ਗਿਆਨ ਹੈ, ਨਾ ਕਿ ਸਿਰਫ ਤੰਦਰੁਸਤ ਜੀਵਨ ਦਾ ਵਿਗਿਆਨ। ਇਸ ਵਿੱਚ ਬਿਮਾਰੀਆਂ ਦੀ ਰੋਕਥਾਮ ਅਤੇ ਸਿਹਤ ਦੀ ਤਰੱਕੀ ਦੋਹਾਂ ਦੀ ਸਮਰੱਥਾ ਹੈ। ਯੋਗਾ ਦੀ ਸੰਪੂਰਨ ਪਹੁੰਚ ਜੀਵਨ ਦੇ ਹਰ ਪੰਧ ਵਿੱਚ ਇਕਸੁਰਤਾ ਲਿਆਉਂਦੀ ਹੈ ਅਤੇ ਸਾਡੇ ਰੋਜ਼ਾਨਾ ਜੀਵਨ ਉਤੇ ਅਸਰ ਪਾਉਂਦੀ ਹੈ। ਇਸ ਦਾ ਰੋਜ਼ਾਨਾ ਲਗਾਤਾਰ ਅਭਿਆਸ ਵਿਹਾਰਕ ਨਮੂਨੇ ਤੇ ਰਵੱਈਏ ਵਿੱਚ ਹਾਂ-ਪੱਖੀ ਬਦਲਾਅ ਅਤੇ ਅਭਿਆਸਕਾਰੀ ਦੇ ਘਰ ਤੇ ਸਮਾਜ ਨਾਲ ਸੰਬੰਧਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ।

ਯੋਗਾ ਦੇ ਇਲਾਜ ਵਾਲੇ ਫਾਇਦਿਆਂ ਬਾਰੇ ਵਿਸ਼ਵ ਭਰ ਵਿੱਚ ਹੋਈਆਂ ਕਈ ਵਿਗਿਆਨਕ ਖੋਜਾਂ ਤੋਂ ਉਜਾਗਰ ਹੋਏ ਹਨ। ਅੱਜ ਯੋਗਾ ਜੀਵਨਸ਼ੈਲੀ ਨਾਲ ਜੁੜੀਆਂ ਕਈ ਗੜਬੜੀਆਂ ਜਿਵੇਂ ਮਾਨਸਿਕ ਅਤੇ ਮਨੋਸਰੀਰਕ ਅਵਿਵਸਥਾਵਾਂ ਦੇ ਪ੍ਰਬੰਧਨ ਅਤੇ ਰੋਕਥਾਮ ਦੀ ਸ਼ਕਤੀ ਲਈ ਪ੍ਰਸਿੱਧ ਹੈ।

## ਯੋਗਾ ਅਤੇ ਖੋਜ

ਡਾਕਟਰੀ ਖੋਜਾਂ ਨੇ ਵੱਖ-ਵੱਖ ਮਨੋਸਰੀਰਕ ਅਤੇ ਜੀਵਨਸ਼ੈਲੀ ਨਾਲ ਸੰਬੰਧਤ ਅਵਿਵਸਥਾਵਾਂ ਦੇ ਅਸਰਦਾਰ ਢੰਗ ਨਾਲ ਪ੍ਰਬੰਧਨ ਵਿੱਚ ਯੋਗਾ ਦੀ ਇਲਾਜ ਸਮਰੱਥਾ ਦਾ ਪਤਾ ਲਗਾਇਆ ਹੈ। ਯੋਗਾ ਨੂੰ ਹੁਣ ਗ਼ੈਰ ਸੰਕਰਾਮਕ ਬਿਮਾਰੀਆਂ ਦੀ ਰੋਕਥਾਮ ਲਈ ਗ਼ੈਰ ਆਕਰਮਕ ਇਲਾਜ ਪ੍ਰਣਾਲੀ ਵਜੋਂ ਅਪਣਾਇਆ ਜਾ ਰਿਹਾ ਹੈ। ਰੋਜ਼ਾਨਾ ਜੀਵਨ ਵਿੱਚ ਯੋਗਾ ਰਾਹੀਂ ਹਾਂ-ਪੱਖੀ ਜੀਵਨਸ਼ੈਲੀ ਅਪਣਾ ਕੇ ਇਨ੍ਹਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਯੋਗਿਕ ਅਭਿਆਸ ਜਿਵੇਂ ਕਿ ਸ਼ਾਤਕਰਮਾ, ਆਸਨ, ਸੂਰਆ ਨਮਸਕਾਰ, ਪ੍ਰਾਣਾਯਾਮ, ਧਿਆਨ ਅਤੇ ਨਾਲ ਹੀ ਪ੍ਰਾਕਿਰਤਿਕ ਇਲਾਜ ਪ੍ਰਣਾਲੀਆਂ

ਜਿਵੇਂ ਕਿ ਵਰਤ, ਮਿੱਟੀ ਥਰੇਪੀ, ਖੁਰਾਕ ਥਰੇਪੀ, ਜਲ ਥਰੇਪੀ, ਮਾਲਸ਼ ਧਰੇਪੀ, ਹਵਾ ਧਰੇਪੀ ਆਦਿ ਨਾਲ ਬਿਮਾਰੀਆਂ ਤੋਂ ਮੁਕਤ, ਤੰਦਰੁਸਤ ਅਤੇ ਖ਼ੁਸ਼ ਜੀਵਨ ਯਕੀਨੀ ਬਣਾਇਆ ਜਾ ਸਕਦਾ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਉੱਚ ਰਕਤਚਾਪ, ਦਿਲ ਦੀ ਬਿਮਾਰੀ, ਸ਼ੂਗਰ, ਤਣਾਅ, ਘਬਰਾਹਟ ਅਤੇ ਖ਼ੂਨ ਦੀ ਕਮੀ ਵਰਗੀਆਂ ਬਿਮਾਰੀਆਂ ਆਮ ਹੀ ਹਨ। ਇਸ ਬਾਰੇ ਹੋਈਆਂ ਖੋਜਾਂ ਤੋਂ ਪਤਾ ਲਗਾ ਕਿ ਦਿਲ ਦੀਆਂ ਬਿਮਾਰੀਆਂ ਨਾਲ ਸੰਬੰਧਤ ਕਾਰਕਾਂ ਦੀ ਰੋਕਥਾਮ ਉਤੇ ਯੋਗਾ ਦਾ ਬਹੁਤ ਵਧੀਆ ਅਸਰ ਪੈਂਦਾ ਹੈ। ਇਸ ਦੇ ਦਿਲ ਦੀਆਂ ਬਿਮਾਰੀਆਂ, ਸਰੀਰਕ ਭਾਰ, ਲਿਪਿਡ ਦੇ ਪਧਰਾਂ, ਧਮਣੀਆਂ ਵਿੱਚ ਖ਼ੂਨ ਦੇ ਦੌਰੇ ਵਿੱਚ ਰੁਕਾਵਟ ਨੂੰ ਜਾਚਣ ਲਈ ਦਬਾਅ ਟੈਸਟ ਵਜੋਂ ਵੀ ਬਹੁਤੇ ਫਾਇਦੇ ਹਨ। ਯੋਗ ਜੀਵਨ ਸ਼ੈਲੀ ਨਾਲ ਦਿਲ ਦੀਆਂ ਨਾੜੀਆਂ ਵਿੱਚ ਖ਼ੂਨ ਦੇ ਥੰਦੇ ਜੰਮਣ ਵਿੱਚ ਵੀ ਕਮੀ ਆਉਂਦੀ ਹੈ ਜਿਸ ਨਾਲ ਬਾਈਪਾਸ ਸਰਜਰੀ ਅਤੇ ਐਂਜੀਓਪਲਾਸਟੀ ਆਦਿ ਦੀ ਲੋੜ ਵੀ ਘੱਟ ਪੈਂਦੀ ਹੈ। ਦਿਲ ਦੀ ਬਿਮਾਰੀ ਨਾਲ ਜੂਝ ਰਹੇ ਰੋਗੀ ਲਈ ਇਹ ਬਹੁਤ ਹੀ ਫਾਇਦੇਮੰਦ ਹੈ ਅਤੇ ਸਸਤੀ ਇਲਾਜ ਪ੍ਰਣਾਲੀ ਹੈ। ਇਸ ਲਈ ਦਿਲ ਦੀਆਂ ਬਿਮਾਰੀਆਂ ਤੇ ਹੋਰ ਗੈਰ ਸੰਕਰਾਮਕ ਰੋਗਾਂ ਤੋਂ ਬਚਾਅ ਅਤੇ ਅਸਰਦਾਰ ਪ੍ਰਬੰਧਨ ਨੂੰ ਯੋਗਾ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾ ਕੇ ਹਾਸਲ ਕੀਤਾ ਜਾ ਸਕਦਾ ਹੈ।


ਖ਼ੁਰਾਕ ਦੀ ਵੀ ਨੌਜਵਾਨਾਂ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਹੈ। ਅਚਾਰਿਆ ਅਤੇ ਰਸਤੋਗੀ (2016) ਦੇ "ਯੋਗ ਰਾਹੀਂ ਤੰਦਰੁਸਤ ਅਤੇ ਤਣਾਅ ਮੁਕਤ ਜੀਵਨ ਵਿੱਚ ਤਾਲਮੇਲ" ਅਧਾਰਤ ਪਰਚੇ ਵਿੱਚ ਕਿਹਾ ਗਿਆ ਹੈ ਕਿ ਅੱਜ ਦੇ ਨੌਜਵਾਨਾਂ ਦੀਆਂ ਖ਼ੁਰਾਕ ਸੰਬੰਧੀ ਆਦਤਾਂ ਵਧੀਆ ਨਹੀਂ। ਡੱਬਾਬੰਦ ਖ਼ੁਰਾਕ, ਫਾਸਟ ਫੂਡ, ਉੱਚ ਕੈਲਰੀ ਵਾਲੀ ਖ਼ੁਰਾਕ ਅਤੇ ਸਿਗਰਟਨੋਸ਼ੀ, ਸ਼ਰਾਬ, ਨਸ਼ੇ ਅਤੇ ਲੋੜੀਂਦੇ ਆਰਾਮ ਦੀ ਅਤੇ ਕਸਰਤ ਦੀ ਕਮੀ ਨੇ ਸਾਨੂੰ ਬੇਸਬਰੇ ਬਣਾ ਦਿੱਤਾ ਹੈ ਜਿਸ ਨਾਲ ਸ਼ੂਗਰ, ਹਾਈਪਰਟੇਸ਼ਨ, ਗਠੀਆ, ਪਿੱਠ ਦੇ ਦਰਦ ਆਦਿ ਵਰਗੀਆਂ ਕਈ ਮਨੋਸਰੀਰਕ ਰੋਗਾਂ ਦਾ ਵਾਧਾ ਹੋ ਰਿਹਾ ਹੈ। ਇਸ ਕਾਰਨ ਕਈ ਮਾਨਸਿਕ ਬਿਮਾਰੀਆਂ ਵੀ ਰੋਜ਼ਾਨਾ ਵਧ ਰਹੀਆਂ ਹਨ। ਕਈ ਲੋਕ ਦਬਾਅ, ਭੈਅ ਅਤੇ ਸ਼ਰਾਬ ਤੇ ਨਸ਼ਿਆਂ ਕਾਰਨ ਕਈ ਮਾਨਸਿਕ ਬਿਮਾਰੀਆਂ ਦੀ ਪਕੜ ਵਿੱਚ ਆ ਗਏ ਹਨ। ਯੋਗਾ ਵੱਖ-ਵੱਖ ਆਸਨਾਂ ਅਤੇ ਧਿਆਨ ਰਾਹੀਂ ਇਨ੍ਹਾਂ ਦੇ ਇਲਾਜ ਵਿੱਚ ਬਹੁਤ ਸਹਾਈ ਹੈ।

ਇਸ ਲਈ ਅੰਤ ਵਿੱਚ ਇਹ ਕਹਿਣਾ ਚਾਹੀਦਾ ਹੈ ਕਿ ਨੌਜਵਾਨ ਸਾਰੀਆਂ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਯੋਗਾ ਰਾਹੀਂ ਦੂਰ ਰੱਖ ਸਕਦੇ ਹਨ ਅਤੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾ ਸਕਦੇ ਹਨ। ਯੋਗ ਸਕਾਰਾਤਮਕ ਸੋਚ ਅਤੇ ਤੰਦਰੁਸਤ ਜੀਵਨ ਨੂੰ ਵਿਕਸਤ ਕਰਦਾ ਹੈ। ਯੋਗਾ ਅਭਿਆਸ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਦਾ ਇਕ ਸਹੀ ਰਾਹ ਹੈ।

*(ਲੇਖਕ, ਈਸ਼ਵਰ ਐੱਨ ਅਚਾਰਿਆ ਨਵੀਂ ਦਿੱਲੀ ਸਥਿਤ ਯੋਗਾ ਅਤੇ ਨੈਚੁਰੋਪੈਥੀ ਦੇ ਸਹਾਇਕ ਨਿਦੇਸ਼ਕ ਹਨ।*

*ਰਾਜੀਵ ਰਸਤੋਗੀ ਸੀ ਸੀ ਆਰ ਵਾਈ ਐੱਨ ਵਿੱਚ ਨੈਚੁਰੋਪੈਥੀ ਦੇ ਸਹਾਇਕ ਨਿਦੇਸ਼ਕ ਹਨ)*

*e-mail :ccryn.goi@gmail.com*
*:rrastogi.2009@gmail.com*



# ਭਾਰਤ ਵਿੱਚ ਦੂਰਵਰਤੀ ਅਤੇ ਆਨਲਾਈਨ ਉੱਦਮਤਾ ਸਿੱਖਿਆ

ਅਮਿਤ ਕੁਮਾਰ ਦਿਵੇਦੀ

ਜਾਣ ਪਛਾਣ

ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਦੇ ਮੁਤਾਬਕ, "ਦੂਰੀ ਤੋਂ ਸਿੱਖਿਆ ਪ੍ਰਾਪਤ ਕਰਨਾ ਸਿੱਖਿਆ ਦਾ ਇਕ ਅਜਿਹਾ ਖੇਤਰ ਹੈ ਜੋ ਸਿੱਖਿਆ ਸ਼ਾਸਤਰ, ਤਕਨਾਲੋਜੀ ਅਤੇ ਨਿਰਦੇਸ਼ਾਤਮਕ ਪ੍ਰਣਾਲੀ ਰੂਪ ਰੇਖਾ ਉਤੇ ਧਿਆਨ ਕੇਂਦਰਿਤ ਕਰਦਾ ਹੈ ਜਿਸ ਦਾ ਉਦੇਸ਼ ਉਨ੍ਹਾਂ ਵਿਦਿਆਰਥੀਆਂ ਤੱਕ ਸਿੱਖਿਆ ਪੁੱਜਦੀ ਕਰਨਾ ਹੈ ਜੋ ਸਰੀਰਕ ਤੌਰ ਤੇ ਉਸ ਜਗ੍ਹਾ ਮੌਜੂਦ ਨਹੀਂ ਹੁੰਦੇ।" ਦੂਰੀ ਤੋਂ ਸਿੱਖਿਆ ਪ੍ਰਦਾਨ ਕਰਨਾ, "ਸਿੱਖਣ ਤੱਕ ਪਹੁੰਚ ਪ੍ਰਦਾਨ ਕਰਨ ਅਤੇ ਨਿਰਮਾਣ ਕਰਨ ਦੀ ਇਕ ਪ੍ਰਕਿਰਿਆ ਹੈ ਜਦੋਂ ਜਾਣਕਾਰੀ ਦੇ ਸਰੋਤ ਅਤੇ ਸਿੱਖਣ ਵਾਲੇ ਸਮੇਂ ਅਤੇ ਦੂਰੀ ਦੇ ਹਿਸਾਬ ਨਾਲ ਜਾਂ ਦੋਵੇਂ ਤਰ੍ਹਾਂ ਇਕ ਦੂਜੇ ਤੋਂ ਫਾਸਲੇ ਉਤੇ ਹੋਣ।" ਇਹ ਪ੍ਰਕਿਰਿਆ 'ਬਰਾਬਰ ਗੁਣਵੱਤਾ ਮੁੱਲ' ਦਾ ਇਕ ਸਿੱਖਿਆਤਮਕ ਅਨੁਭਵ ਨਿਰਮਾਣ ਕਰਨ ਦੀ ਹੈ ਜੋ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ ਲਾਗੂ ਕੀਤੀ ਜਾਂਦੀ ਹੈ (ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, 2014)। ਭਾਵੇਂ ਕਿ ਇਸ ਨੂੰ ਰਵਾਇਤੀ ਸਿੱਖਿਆ ਦੇ ਬਰਾਬਰ ਇਕ ਖੁੱਲ੍ਹੀ ਅਤੇ ਦੂਰ ਤੋਂ ਸਿੱਖਣ ਵਾਲੀ ਪ੍ਰਣਾਲੀ ਆਖਿਆ ਜਾਂਦਾ ਹੈ, ਪਰ ਸਚਾਈ ਇਹ ਹੈ ਕਿ ਇਸ ਨੂੰ ਹਮੇਸ਼ਾ ਦੂਜੇ ਪੱਧਰ ਉਤੇ ਬੇਹਤਰ ਸਮਝਿਆ ਜਾਂਦਾ ਹੈ। ਦੂਰੀ ਤੋਂ ਸਿੱਖਿਆ ਪ੍ਰਦਾਨ ਕਰਨ ਵਿੱਚ ਇਕ ਰਲੀ-ਮਿਲੀ ਪਹੁੰਚ ਇਸ ਇੱਛਾ ਅਤੇ ਸਚਾਈ ਦੇ ਪਾੜੇ ਨੂੰ ਭਰਨ ਲਈ ਹੋਂਦ ਵਿੱਚ ਆਈ। ਰਲੀ-ਮਿਲੀ ਪਹੁੰਚ ਵਿੱਚ ਸੰਚਾਰ ਸਾਧਨਾਂ ਅਤੇ ਖੁੱਲ੍ਹੇ ਸਿੱਖਿਆਤਮਕ ਸਰੋਤਾਂ ਦੀ ਵਿਅਕਤੀਗਤ ਸੰਪਰਕ ਸੈਸ਼ਨਾਂ ਅਤੇ ਸਿੱਖਿਆ ਵਾਲਿਆਂ ਨੂੰ ਸਲਾਹ ਦੇਣ ਲਈ ਬੇਹਤਰ ਵਰਤੋਂ ਕੀਤੀ ਜਾਂਦੀ ਹੈ। ਕੰਮ ਕਰਨ ਦਾ ਅਜਿਹਾ ਢੰਗ, ਸਵੈ-ਨਿਰਦੇਸ਼ਾਤਮਕ ਸਮੱਗਰੀ ਰਾਹੀ ਆਪਣੇ ਆਪ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ ਪਰ ਮਾਰਗ ਦਰਸ਼ਨ ਅਤੇ ਪ੍ਰੇਰਨਾ ਲਈ ਅਧਿਆਪਕ ਵਿਅਕਤੀ ਦੇ ਸਰਗਰਮ ਸੰਵਾਦ ਦੀ ਵਿਸ਼ੇਸ਼ਤਾ ਨੂੰ ਬਣਾ ਕੇ ਰੱਖਿਆ ਜਾਂਦਾ ਹੈ।

ਜਨਸੰਖਿਆ ਦੇ ਵੱਖ-ਵੱਖ ਵਰਗਾਂ ਦੀ ਸੇਵਾ ਕਰਦਿਆਂ ਜਿਨ੍ਹਾਂ ਵਿੱਚੋਂ ਬਹੁਤਿਆਂ ਦੀ ਰਸਮੀ ਸਿੱਖਿਆ ਤੱਕ ਰਸਾਈ ਨਹੀਂ ਹੁੰਦੀ, ਭਾਰਤ ਵਿੱਚ ਖੁੱਲ੍ਹੀ ਅਤੇ ਦੂਰ ਤੋਂ ਸਿੱਖਣ ਦੀ ਪ੍ਰਣਾਲੀ (ਜਿਸ ਨੂੰ ਹੁਣ ਤੋਂ ਬਾਅਦ ਓ ਡੀ ਐੱਲ ਆਖਿਆ ਜਾਵੇਗਾ) ਸਰਲ, ਲਚਕਦਾਰ ਅਤੇ ਵਿਹਾਰਕ ਬਦਲ ਦੇ ਤੌਰ ਤੇ ਉੱਭਰੀ ਹੈ। ਦੂਰ ਤੋਂ ਸਿੱਖਿਆ ਦੇ ਅਨੁਭਵ ਅਤੇ ਵਿਕਾਸ ਦੇ ਪਿਛਲੇ ਛੇ ਦਹਾਕੇ ਆਮ ਲੋਕਾਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਆਂ ਆਸਾਂ ਪ੍ਰਦਾਨ ਕਰਦੇ ਹਨ। ਜਾਣਕਾਰੀ ਅਤੇ ਸੰਚਾਰ ਤਕਨਾਲੋਜੀ ਨੇ ਜਮਾਤ ਦੇ ਕਮਰੇ ਦੀਆਂ ਹੱਦਾਂ ਨੂੰ ਸਥਾਨਕ ਅਤੇ ਆਰਜ਼ੀ ਤੌਰ ਤੇ ਧੁੰਦਲਾ ਕਰ ਦਿੱਤਾ ਹੈ (ਕੁਲਾਨਦਾਈ ਸਾਮੀ, 2011)। ਦੇਸ਼ ਵਿੱਚ ਤਕਨਾਲੋਜੀ ਅਧਾਰਤ ਨਿਰਦੇਸ਼ਾਤਮਕ ਮੰਚ ਰਾਹੀਂ ਸਿੱਖਿਆ ਪ੍ਰਦਾਨ ਕਰਨ ਵਾਲੇ ਓ ਡੀ ਐੱਲ ਸੰਸਥਾਨਾਂ ਦੀ ਗਿਣਤੀ ਵਧ ਰਹੀ ਹੈ।

## ਭਾਰਤ ਵਿੱਚ ਡਿਸਟੈਂਸ ਤੇ ਆਨਲਾਈਨ ਸਿੱਖਿਆ ਦਾ ਵਿਕਾਸ

ਓਪਨ ਅਤੇ ਡਿਸਟੈਂਸ ਸਿੱਖਿਆ ਦਾ ਟੀਚਾ ਉਪਲਬਧ ਸਿੱਖਿਆ ਤਕਨਾਲੋਜੀ ਦੀਆਂ ਸੰਭਾਵਨਾਵਾਂ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਨਾਲ ਸਿੱਖਿਆ ਦਾ ਇਕਸਮਾਨੀਕਰਨ ਕਰਨਾ ਹੈ। ਆਭਾਸੀ ਅਤੇ ਆਨਲਾਈਨ ਸਿੱਖਿਆ ਦਾ ਮਤਲਬ ਇੰਟਰਨੈੱਟ ਮੰਚਾਂ ਅਤੇ ਸਾਧਨਾਂ ਰਾਹੀਂ ਕਰਵਾਏ ਜਾਣ ਵਾਲੇ ਕੋਰਸ ਸਨ। ਸਿੱਖਣ ਦੇ ਇਨ੍ਹਾਂ ਆਭਾਸੀ ਵਾਤਾਵਰਨਾਂ ਵਿੱਚ ਆਮ ਲੋਕਾਂ ਤੱਕ ਪੁੱਜਣ ਅਤੇ ਉਨ੍ਹਾਂ ਨੂੰ ਗੁਣਵੱਤਾ ਵਾਲੀ ਸਮੱਗਰੀ, ਸਿੱਖਿਆ ਸ਼ਾਸਤਰ ਅਤੇ ਜਨਤਾ ਦੇ ਵੱਡੇ ਵਰਗ ਨੂੰ ਸਿੱਖਿਆ ਸਹਾਇਤਾ ਦੇਣ ਦੀ ਸਮਰੱਥਾ ਹੁੰਦੀ ਹੈ ਜਿਸ ਨੂੰ ਓਪਨ ਅਤੇ ਡਿਸਟੈਂਸ ਸਿੱਖਿਆ ਦਾ ਇਕ ਮਹੱਤਵਪੂਰਨ ਭਾਗ ਸਮਝਿਆ ਜਾਂਦਾ ਹੈ।

## ਭਾਰਤ ਵਿੱਚ ਉੱਦਮਤਾ ਸਿੱਖਿਆ

ਬਾਲਗ ਜਨਸੰਖਿਆ ਸਰਵੇਖਣ (ਏ ਪੀ ਐੱਸ) ਦੇ ਮੁਤਾਬਕ 58 ਪ੍ਰਤਿਸ਼ਤ ਬਾਲਗ ਭਾਰਤੀ ਉੱਦਮਤਾ ਨੂੰ ਇਕ ਇੱਛਤ ਪੇਸ਼ਾ ਹੋਣਾ ਸਮਝਦੇ ਹਨ। ਸਿਰਫ 6. 6 ਪ੍ਰਤਿਸ਼ਤ ਹੀ ਕਿਸੇ ਪ੍ਰਕਾਰ ਦੀਆਂ ਉੱਦਮਤਾ ਸਰਗਰਮੀਆਂ ਵਿੱਚ ਸ਼ਾਮਲ ਹਨ। ਭਾਰਤ ਦੀ ਕਾਰਕ ਮੁਖੀ ਅਰਥਵਿਵਸਥਾ ਨੂੰ ਵਪਾਰ ਵਿੱਚ ਨਿਰੰਤਰਤਾ ਟੁੱਟਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਅਸਫਲ ਹੋਣ ਦਾ ਖ਼ਤਰਾ, ਵਿੱਤੀ ਪਹੁੰਚ ਦੀ ਕਮੀ ਆਦਿ (ਸ਼ੁਕਲਾ, ਤਾਨੁਕਾ, ਭਾਰਤੀ ਅਤੇ ਦਿਵੇਦੀ, 2016)। ਨੌਜਵਾਨ ਜਨਸੰਖਿਆ, ਖ਼ਾਸ ਕਰਕੇ ਔਰਤਾਂ ਵਿੱਚ ਮੰਨੀਆਂ ਜਾਂਦੀਆਂ ਸਮਰੱਥਾਵਾਂ ਅਤੇ ਮੌਕਿਆਂ ਦੀ ਕਮੀ ਘੱਟ ਸਮਝੀ ਜਾਂਦੀ ਹੈ (40 ਪ੍ਰਤਿਸ਼ਤ ਤੋਂ ਥੋੜ੍ਹਾ

ਤਾਲਿਕਾ-1 :ਡਿਸਟੈਂਸ/ਓਪਨ ਸਿੱਖਿਆਤਮਕ ਪ੍ਰੋਗਰਾਮਾਂ ਵਿੱਚ ਦਾਖ਼ਲੇ

| ਰਾਜ | ਸਾਲ | ਕੁੱਲ ਮਰਦ | ਕੁੱਲ ਔਰਤਾਂ | ਕੁੱਲ |
|---|---|---|---|---|
| ਸਾਰਾ ਭਾਰਤ | 2012-2013 | 14178978 | 11582708 | 25761686 |
| ਸਾਰਾ ਭਾਰਤ | 2011-2012 | 12179248 | 9681868 | 21861116 |

ਸਰੋਤ : ਓਪਨ ਗਵਰਨਮੈਂਟ ਡਾਟਾ (ਓ ਜੀ ਡੀ) ਮੰਚ, ਭਾਰਤ (www.data.gov.in)

ਜ਼ਿਆਦਾ)। ਰਾਸ਼ਟਰੀ ਮਾਹਰਾਂ ਦੇ ਸਰਵੇਖਣਾਂ ਵਿੱਚ ਉੱਦਮਤਾ ਸਿਖਲਾਈ ਅਤੇ ਸਿੱਖਿਆ ਦੀ ਕਮੀ ਨੂੰ ਦੇਸ਼ ਵਿੱਚ ਸੀਮਤ ਉੱਦਮਤਾ ਵਿਕਾਸ ਵਿੱਚ ਖੜੋਤ ਦਾ ਇਕ ਕਾਰਨ ਮੰਨਿਆ ਜਾਂਦਾ ਹੈ (ਸ਼ੁਕਲਾ, 2016। ਇਨ੍ਹਾਂ ਅਧਿਐਨਾਂ ਵਿੱਚ ਪ੍ਰਭਾਵੀ ਉੱਦਮਤਾ ਸਿੱਖਿਆ ਨੂੰ ਵਧਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ ਹੈ ਜੋ ਭਵਿੱਖੀ ਵਿਦਿਆਰਥੀ ਉੱਦਮੀਆਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ ਅਤੇ ਵਪਾਰਕ ਆਗੂਆਂ ਵਜੋਂ ਉੱਭਰਨ ਲਈ ਉਨ੍ਹਾਂ ਨੂੰ ਜ਼ਰੂਰੀ ਹੁਨਰ ਨਾਲ ਤਿਆਰ ਕਰਦੀ ਹੈ। ਜਦੋਂ ਕੁੱਲ ਜਨਸੰਖਿਆ ਵਿੱਚ ਕਾਰਜਸ਼ੀਲ ਲੋਕਾਂ, ਮਤਲਬ ਨੌਜਵਾਨਾਂ ਦੀ ਜਨਸੰਖਿਆ ਦਾ ਅਨੁਪਾਤ ਵੱਧ ਹੋਵੇ ਤਾਂ ਉਪਲਬਧ ਮਨੁੱਖੀ ਸਰੋਤਾਂ ਦੀ ਢੁੱਕਵੀ ਵਰਤੋਂ ਨਾਲ ਜਨਸੰਖਿਆ ਲਾਭਅੰਸ਼ ਪੈਦਾ ਹੁੰਦਾ ਹੈ ਜਿਸ ਦੇ ਸਿੱਟੇ ਦੇਸ਼ ਦੇ ਸਮੂਹਿਕ ਵਿਕਾਸ ਦੇ ਰੂਪ ਵਿੱਚ ਨਿਕਲਦੇ ਹਨ। ਉੱਦਮਤਾ ਸਿੱਖਿਆ ਵੱਲ ਕੇਂਦਰ ਸਰਕਾਰ ਅਤੇ ਕੁੱਝ ਨਾਮੀ ਗਰਾਮੀ ਸਿੱਖਿਆ ਸੰਸਥਾਵਾਂ ਵਲੋਂ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਸਾਡੇ ਵਰਗੀ ਵਿਸ਼ਵ ਅਰਥਵਿਵਸਥਾ ਵਿੱਚ ਨੌਜਵਾਨ ਉੱਦਮੀਆਂ ਦੀ ਭੂਮਿਕਾ ਨੂੰ ਸਾਕਾਰ ਕੀਤਾ ਹੈ।

## ਡਿਸਟੈਂਸ ਤੇ ਆਨਲਾਈਨ ਉੱਦਮਤਾ ਕੋਰਸ

ਡਿਸਟੈਂਸ ਅਤੇ ਆਨਲਾਈਨ ਸਿੱਖਿਆ ਜਨਤਕ ਅਤੇ ਨਿੱਜੀ ਇਕਾਈਆਂ ਦੀ ਸਹਾਇਤਾ ਨਾਲ ਵਿਕਸਤ ਹੋ ਰਹੀ ਹੈ। ਇਕ ਇੰਟਰਨੈੱਟ ਸਰਵੇਖਣ ਵਿੱਚ ਪਾਇਆ ਗਿਆ ਕਿ ਡਿਸਟੈਂਸ ਅਤੇ ਆਨਲਾਈਨ ਕੋਰਸਾਂ ਵਿੱਚ ਦਾਖ਼ਲਿਆਂ ਦੇ ਮਾਮਲੇ ਵਿੱਚ ਮੈਨੇਜਮੈਂਟ ਕੋਰਸਾਂ ਦਾ ਹੱਥ ਸਭ ਤੋਂ ਉੱਪਰ ਹੈ। ਜੇ ਅਸੀਂ ਉੱਦਮਤਾ ਬਾਰੇ ਡਿਸਟੈਂਸ ਅਤੇ ਆਨਲਾਈਨ ਪ੍ਰੋਗਰਾਮਾਂ ਦੀ ਭਾਲ ਕਰੀਏ ਤਾਂ ਸਥਿਤੀ ਬਹੁਤ ਹੌਸਲਾ ਵਧਾਊ ਨਹੀਂ। ਬਹੁਤ ਥੋੜ੍ਹੇ ਸੰਸਥਾਨ ਹਨ ਜੋ ਡਿਸਟੈਂਸ ਅਤੇ ਆਨਲਾਈਨ ਤਰੀਕੇ ਨਾਲ ਕਿਸੇ ਪ੍ਰਕਾਰ ਦੇ ਉੱਦਮਤਾ ਪ੍ਰੋਗਰਾਮ ਚਲਾ ਰਹੇ ਹਨ। ਕਈ ਘੰਟਿਆਂ ਦੀ ਖੋਜ ਤੋਂ ਬਾਅਦ ਅਸੀਂ ਹੇਠਾਂ ਦਿੱਤੇ ਸਿਰਫ 5 ਪ੍ਰੋਗਰਾਮ ਹੀ ਲੱਭ ਸਕੇ। ਈ ਡੀ ਆਈ ਆਈਜ਼ ਵੈੱਬਸਾਈਟ ਤੋਂ ਬਿਨਾਂ ਇਨ੍ਹਾਂ ਕੋਰਸਾਂ ਵਿੱਚ ਦਾਖ਼ਲਾ ਲੈਣ ਜਾਂ ਕੋਰਸ ਕਰਨ ਵਾਲਿਆਂ ਦੀ ਸੰਖਿਆ ਬਾਰੇ ਕੋਈ ਅੰਕੜੇ ਮੌਜੂਦ ਨਹੀਂ ਹਨ।

***ਈ ਡੀ ਆਈ ਆਈ (ਭਾਰਤ ਦਾ ਉੱਦਮਤਾ ਵਿਕਾਸ ਸੰਸਥਾਨ, ਅਹਿਮਦਾਬਾਦ) :*** ਉੱਦਮਤਾ ਵਿੱਚ ਓਪਨ ਅਤੇ ਡਿਸਟੈਂਸ ਸਿੱਖਿਆ ਪ੍ਰੋਗਰਾਮ (ਓ ਐੱਲ ਪੀ ਈ)।

***ਸਿੰਬਾਇਸਿਸ ਯੂਨੀਵਰਸਿਟੀ, ਪੂਨੇ :*** ਉੱਦਮਤਾ ਵਿਕਾਸ ਵਿੱਚ ਸਰਟੀਫਿਕੇਟ ਪ੍ਰੋਗਰਾਮ (ਸੀ ਪੀ ਈ ਡੀ)।

***ਇਗਨੂ (ਆਈ ਜੀ ਐੱਨ ਓ ਯੂ) :*** ਉੱਦਮਤਾ ਵਿੱਚ ਸਰਟੀਫਿਕੇਟ (ਸੀ ਆਈ ਈ)।

***ਵੇਲਿੰਗਕਰ ਇਸੰਟੀਚਿਊਟ, ਮੁੰਬਈ :*** ਉੱਦਮਤਾ ਪ੍ਰਬੰਧਨ ਵਿੱਚ ਡਿਪਲੋਮਾ (ਡੀ ਈ ਐੱਮ)।

***ਵੈੱਸਟ ਬੰਗਾਲ ਨੈਸ਼ਨਲ ਯੂਨੀਵਰਸਿਟੀ ਆਫ ਜਿਊਰੀਡੀਸ਼ੀਅਨ ਸਾਇੰਸਜ਼(ਕੋਲਕਾਤਾ):*** ਉੱਦਮਤਾ ਪ੍ਰਬੰਧਨ ਅਤੇ ਵਪਾਰਕ ਕਾਨੂੰਨਾਂ ਵਿੱਚ ਡਿਪਲੋਮਾ।

## ਪ੍ਰਚਲਨ ਵਿੱਚ ਹਾਲਾਤ

ਦੇਸ਼ ਵਿੱਚ ਉੱਦਮਤਾ ਸਿੱਖਿਆ ਦੀਆਂ ਸੰਭਾਵਨਾਵਾਂ ਨੂੰ ਵੇਖਦਿਆਂ, ਸਿੱਖਿਆ ਦੀ ਡਿਸਟੈਂਸ ਪੱਧਤੀ ਵਲੋਂ ਹਾਲੇ ਇਸ ਨੂੰ ਹਾਸਲ ਕੀਤਾ ਜਾਣਾ ਬਾਕੀ ਹੈ। ਡਿਸਟੈਂਸ ਸਿੱਖਿਆ ਉੱਦਮਤਾ ਪ੍ਰੋਗਰਾਮ ਕਰਵਾਉਣ ਵਾਲੇ ਸੰਸਥਾਨਾਂ ਨੂੰ ਪਾਠਕ੍ਰਮ ਅਤੇ ਢਾਂਚੇ ਦੇ ਮਾਮਲੇ ਵਿੱਚ ਸਖਤੀ। ਕਠੋਰਤਾ ਦਾ ਨਿਰਮਾਣ ਕਰਨਾ ਹੋਵੇਗਾ। ਭਾਵੇਂ ਕਿ ਡਿਲੀਵਰੀ ਅਤੇ ਡਿਜਾਈਨ ਵਿੱਚ ਸੁਧਾਰ ਦੀ ਗੁੰਜਾਇਸ਼ ਹੈ, ਇਥੇ ਕੁੱਝ ਮੁੱਖ ਮੁੱਦੇ ਦਿੱਤੇ ਜਾ ਰਹੇ ਹਨ ਜਿਨ੍ਹਾਂ ਦਾ ਮੁਲਾਂਕਣ ਕਰਕੇ ਉਨ੍ਹਾਂ ਦਾ ਹੱਲ ਕਰਨ ਦੀ ਲੋੜ ਹੈ ਤਾਂ ਕਿ ਉੱਦਮਤਾ ਸਿੱਖਿਆ ਦੇ ਡਿਸਟੈਂਸ ਤਰੀਕੇ ਨੂੰ ਮਜਬੂਤ ਕੀਤਾ ਜਾ ਸਕੇ।

***ਉੱਦਮਤਾ ਵਿੱਚ ਗੁਣਵੱਤਾ ਵਾਲੀ ਸਿੱਖਿਆ ਦੀ ਕੀਮਤ ਤੇ ਵਪਾਰੀਕਰਨ :*** ਇਹ ਵੇਖਿਆ ਗਿਆ ਹੈ ਕਿ ਕੁੱਝ ਜਨਤਕ ਅਤੇ ਨਿੱਜੀ ਵਿਸ਼ਵਵਿਦਿਆਲਿਆਂ ਵਲੋਂ ਡਿਸਟੈਂਸ ਸਿੱਖਿਆ ਨੂੰ ਕਮਾਈ ਕਰਨ ਦਾ ਸਾਧਨ ਬਣਾ ਲਿਆ ਗਿਆ ਹੈ ਜੋ ਬਹੁਤ ਮਾੜੀ ਗੱਲ ਹੈ। ਵੇਖਿਆ ਜਾ ਸਕਦਾ ਹੈ ਕਿ ਡਿਸਟੈਂਸ ਸਿੱਖਿਆ ਦੇ ਪ੍ਰੋਗਰਾਮਾਂ ਨੂੰ ਬਿਨਾਂ ਮਿਆਰਾਂ ਦਾ ਧਿਆਨ ਰੱਖਿਆ ਸਿਰਫ ਵਪਾਰਕ ਕਾਰਨਾਂ ਕਰਕੇ ਸ਼ੁਰੂ ਕਰ ਲਿਆ ਜਾਂਦਾ ਹੈ। ਛਪੀ ਹੋਈ ਮਸੱਗਰੀ ਅਤੇ ਟੀ.ਵੀ, ਰੇਡੀਓ ਵਰਗੀਆਂ ਦੂਜੀਆਂ ਸਹੂਲਤਾਂ ਦੇਣ ਵੱਲ ਕੋਈ ਧਿਆਨ ਨਹੀ ਦਿੱਤਾ ਜਾਂਦਾ। ਇਸ ਨਾਲ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਬਿਨਾਂ ਢੁੱਕਵੀਆਂ ਸਹੂਲਤਾਂ ਅਤੇ ਸਿੱਖਿਅਤ ਅਧਿਆਪਕਾਂ ਤੋਂ ਬਿਨਾਂ ਸਾਰੀਆਂ ਯੂਨੀਵਰਸਿਟੀਆਂ ਨੂੰ ਉਦਮਤਾ ਵਰਗੇ ਵਿਸ਼ੇਸ਼ ਕੋਰਸ ਸ਼ੁਰੂ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਅਜਿਹੇ ਵਿਸ਼ਵਵਿਦਿਆਲੇ ਵੀ ਹਨ ਜੋ ਉੱਦਮਤਾ ਵਰਗੇ ਵਿਸ਼ਿਆਂ ਦੀ ਪੜ੍ਹਾਈ ਲਈ ਨਹੀਂ ਬਣੇ। ਇਹ ਵਿਸ਼ਵਵਿਦਿਆਲੇ ਇਕ ਖ਼ਾਸ ਉਦੇਸ਼ ਅਤੇ ਟੀਚੇ ਲਈ ਸਥਾਪਤ ਕੀਤੇ ਗਏ ਸਨ ਪਰ ਉਹ ਰਾਹ ਬਦਲ ਕੇ ਪੈਸਾ ਬਣਾਉਣ ਲਈ ਡਿਸਟੈਂਸ ਸਿੱਖਿਆ ਦੇ ਕੋਰਸ ਕਰਵਾਉਣ ਲੱਗ ਪਏ। ਇਨ੍ਹਾਂ ਵਿੱਚੋਂ ਕੁੱਝ ਸੰਸਥਾਨਾਂ ਕੋਲ ਆਨਲਾਈਨ ਪ੍ਰੋਗਰਾਮਾਂ, ਪਾਠਕ੍ਰਮ ਅਤੇ ਕੋਰਸ ਦੀ ਸਮੱਗਰੀ ਲਈ ਸਿੱਖਿਅਤ ਅਧਿਆਪਕ/ਅਮਲਾ ਵੀ ਨਹੀਂ ਹੈ। ਡਿਸਟੈਂਸ ਅਤੇ ਆਨਲਾਈਨ ਪ੍ਰੋਗਰਾਮਾਂ ਦੇ ਕੇਂਦਰ ਆਮ ਤੌਰ ਤੇ ਪਹਿਲਾਂ ਸਥਾਪਤ ਕਾਲਜਾਂ ਵਿੱਚ ਹੀ ਚਲ ਰਹੇ ਹਨ। ਪਰ ਲਾਈਵ ਟੈਲੀ–ਕਾਨਫਰੰਸ/ਵੀਡੀਓ ਕਾਨਫਰੰਸ/ਆਨਲਾਈਨ ਚੈਟਿੰਗ/ਮੌਡਲ ਅਧਾਰਤ ਵਿਚਾਰ ਚਰਚਾਵਾਂ ਹਾਲੇ ਨਦਾਰਦ ਹਨ।

***ਸਰਕਾਰ ਦੀ ਬੇਰੁਖੀ :*** ਡਿਸਟੈਂਸ ਸਿੱਖਿਆ ਦੀ ਗੁੰਜਾਇਸ਼ ਅਣਵਰਤੀ ਪਈ ਹੈ। ਜ਼ਿਆਦਾਤਰ ਅਵਿਕਸਤ ਦੇਸ਼ਾਂ ਵਿੱਚ ਉੱਚ ਸਿੱਖਿਆ ਸੁਧਾਰਾਂ ਪ੍ਰਤਿ ਸਰਕਾਰ ਦੀ ਬੇਰੁਖੀ ਨੂੰ ਵੇਖਦਿਆਂ ਮਨੁੱਖੀ ਸਰੋਤ ਦਾ ਵਿਕਾਸ ਦੂਰ ਦਾ ਸੁਪਨਾ ਬਣਿਆ ਹੋਇਆ ਹੈ। ਭਾਰਤ ਵਿੱਚ ਮੁਫਤ ਕੋਰਸ ਪ੍ਰਦਾਨ ਕਰਨ ਲਈ ਨਿੱਜੀ ਸੰਸਥਾਨਾਂ ਨਾਲ ਸਾਂਝ ਪਾਈ ਜਾਂਦੀ ਹੈ (ਮਿਸਾਲ ਦੇ ਲਈ ਸਵੈਮ)। ਉੱਚ ਸਿੱਖਿਆ ਵਿੱਚ ਨਿਵੇਸ਼ ਕਰਨ ਲਈ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਭੱਜਦੀਆਂ ਨਜ਼ਰ ਆਉਂਦੀਆਂ ਹਨ ਅਤੇ ਇਸ ਦੀ ਥਾਂ ਉਤੇ ਆਪਣੀ ਉਰਜਾ ਨਿੱਜੀਕਰਨ ਵੱਲ ਲਾ ਰਹੀਆਂ ਹਨ। ਉੱਚ ਸਿੱਖਿਆ ਨਿੱਜੀ ਹੱਥਾਂ ਵਿੱਚ ਜਾਣ ਨਾਲ ਪੂਰੇ ਸਮੇਂ ਦੇ ਅਕਾਦਮਿਕ ਪ੍ਰੋਗਰਾਮ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹਿੰਗੇ ਹੁਦੇ ਜਾ ਰਹੇ ਹਨ। ਇਸ ਕਰਕੇ ਵਿਦਿਆਰਥੀ ਪੂਰੇ ਸਮੇਂ ਦੇ ਵਿਦਿਅਕ ਪ੍ਰੋਗਰਾਮ ਵਿੱਚ ਦਾਖਲਾ ਲੈਣ ਨਾਲੋਂ ਕਿਸੇ ਵਿਸ਼ਵਵਿਦਿਆਲੇ ਵਿੱਚ ਡਿਸਟੈਂਸ ਅਤੇ ਆਨਲਾਈਨ ਪ੍ਰੋਗਰਾਮ ਵਿੱਚ ਦਾਖਲਾ ਲੈਣ ਨੂੰ ਤਰਜੀਹ ਦਿੰਦੇ ਹਨ ਜੋ ਬਹੁਤ ਸਸਤੀ ਦਰ ਉਤੇ ਹੋ ਜਾਂਦਾ ਹੈ। ਤਕਨਾਲੋਜੀ ਦੇ ਵਿਕਾਸ ਕਾਰਨ ਗੁਣਵੱਤਾ ਵਾਲੀ ਸਿੱਖਿਆ

ਵਿਦਿਆਰਥੀਆਂ ਲਈ ਹੁਣ ਨਾ ਸਿਰਫ ਘਰਾਂ ਵਿੱਚ ਪਹੁੰਚ ਚੁੱਕੀ ਹੈ ਪਰ ਇਸ ਦਾ ਖੁੱਲ੍ਹੀਆਂ ਬਾਹਵਾਂ ਨਾਲ ਸਵਾਗਤ ਵੀ ਕੀਤਾ ਜਾ ਰਿਹਾ ਹੈ। ਮਧੂਕਰ ਨੇ ਅਧਿਐਨ ਕੀਤਾ ਕਿ ਕੋਈ ਵੀ ਸਫਲ ਡਿਸਟੈਂਸ ਸਿੱਖਿਆ ਪ੍ਰੋਗਰਾਮ ਸਾਰੀਆਂ ਧਿਰਾਂ, ਜਿਵੇਂ ਵਿਦਿਆਰਥੀਆਂ, ਅਧਿਆਪਕਾਂ, ਸਹੂਲਤਾਂ ਦੇਣ ਵਾਲਿਆਂ, ਸਹਾਇਕ ਅਮਲੇ ਅਤੇ ਸੰਸਥਾਨ ਦੀਆਂ ਨਿਰੰਤਰ ਅਤੇ ਏਕੀਕ੍ਰਿਤ ਕੋਸ਼ਿਸ਼ਾਂ ਉਤੇ ਨਿਰਭਰ ਕਰਦਾ ਹੈ (ਮਧੂਕਰ, 2002)।

***ਡਿਸਟੈਂਸ ਸਿੱਖਿਆ ਪ੍ਰੋਗਰਾਮ ਨੂੰ ਚਲਾਉਣ ਲਈ ਲੋੜੀਂਦੀਆਂ ਯੋਗਤਾਵਾਂ : "ਇਸ ਦੇ ਲਈ ਵਿਆਪਕ ਪ੍ਰਕਾਰ ਦੇ ਹੁਨਰਾਂ ਦੀ ਲੋੜ ਪੈਂਦੀ ਹੈ ਜਿਨ੍ਹਾਂ ਵਿੱਚ ਸਿੱਖਣ ਵਾਲੇ ਦੀ ਸਮਝ, ਸਾਫਟਵੇਅਰ ਦੀ ਗਹਿਰੀ ਸਮਝ, ਸਮਕਾਲੀ ਨਿਰਦੇਸ਼ਾਤਮਕ ਡਿਜ਼ਾਈਨ ਅਸੂਲਾਂ ਦੀ ਗਹਿਰੀ ਜਾਣਕਾਰੀ ਅਤੇ ਮਲਟੀਮੀਡੀਆ ਇੰਟਰਫੇਸ ਦਾ ਸੁਹਜਵਾਦੀ ਡਿਜ਼ਾਈਨ ਸ਼ਾਮਲ ਹਨ (ਰਾਮਈਆ, 2001, ਪੰਨਾ 162)।"***

ਥੈਚ ਅਤੇ ਮਰਫੀ ਵਲੋਂ ਅਮਰੀਕਾ ਅਤੇ ਕੈਨੇਡਾ ਦੇ ਲਗਭਗ 103 ਡਿਸਟੈਂਸ ਸਿੱਖਿਆ ਪੇਸ਼ੇਵਰਾਂ ਦੀ ਜਾਂਚ ਕੀਤੀ ਗਈ ਤਾਂ ਕਿ ਓ ਡੀ ਐੱਸ ਕੋਰਸ ਕਰਵਾਉਣ ਲਈ ਪ੍ਰਮੁੱਖ ਹੁਨਰਾਂ ਅਤੇ ਯੋਗਤਾਵਾਂ ਦੀ ਪਛਾਣ ਕੀਤੀ ਜਾ ਸਕੇ। ਨਤੀਜੇ ਵਿੱਚ ਹੇਠ ਦਿੱਤੇ ਜ਼ਰੂਰੀ ਹੁਨਰ ਸਾਹਮਣੇ ਆਏ : 1) ਅੰਤਰ-ਵਿਅਕਤੀ ਸੰਚਾਰ, 2) ਯੋਜਨਾਬੰਦੀ, ਸਾਂਝ ਅਤੇ ਟੀਮ ਵਰਕ, 3) ਅੰਗਰੇਜ਼ੀ ਵਿੱਚ ਨਿਪੁੰਨਤਾ ਅਤੇ ਲਿਖਣ ਕਲਾ, 4) ਪ੍ਰਬੰਧਕੀ ਸਹਾਇਤਾ ਸੇਵਾਵਾਂ, 5) ਹੁੰਗਾਰੇ ਦੀ ਕਲਾ, 6) ਡਿਸਟੈਂਸ ਸਿੱਖਿਆ ਅਤੇ ਤਕਨਾਲੋਜੀ ਦੀ ਬੁਨਿਆਦੀ ਜਾਣਕਾਰੀ ਅਤੇ ਸਮਝ (ਥੈਚ ਅਤੇ ਮਰਫੀ, 1995)। ਉੱਦਮਤਾ ਇਕ ਵਿਸ਼ੇਸ਼ ਕੋਰਸ ਹੈ ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਸਰੋਤਾਂ, ਵਿੱਤ ਅਤੇ ਉੱਦਮ ਪ੍ਰਬੰਧਨ, ਬਾਜ਼ਾਰੀਕਰਨ, ਪ੍ਰਸ਼ਾਸਨ ਅਤੇ ਪ੍ਰਬੰਧਨ ਆਦਿ ਦੇ ਵੱਧ ਤੋਂ ਵੱਧ ਵਰਤੋਂ ਲਈ ਤਿਆਰ ਕਰਨਾ ਹੈ। ਓਪਨ ਅਤੇ ਡਿਸਟੈਂਸ ਸਿੱਖਿਆ ਰਾਹੀਂ ਵਿਦਿਆਰਥੀਆਂ ਨੂੰ ਇਹ ਹੁਨਰ ਸਿਖਾਉਣਾ ਇਕ ਚੁਨੌਤੀ ਹੈ। ਇਸ ਦੇ ਲਈ ਡਿਸਟੈਂਸ ਸਿੱਖਿਆ ਪੇਸ਼ੇਵਰ ਵਾਲੀ ਸੂਝਬੂਝ ਅਤੇ ਉੱਦਮਤਾ ਅਤੇ ਪ੍ਰਬੰਧਨ ਵਿੱਚ ਵਿਸ਼ੇ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।

## ਉੱਦਮਤਾ ਵਿੱਚ ਡਿਸਟੈਂਸ ਸਿੱਖਿਆ ਲਈ ਲੋੜਾਂ ਅਤੇ ਮੌਕੇ

ਭਾਰਤ ਵਿੱਚ ਉੱਦਮਤਾ ਲਈ ਡਿਸਟੈਂਸ ਸਿੱਖਿਆ ਨੂੰ ਬਹੁਤ ਘੱਟ ਹੁੰਗਾਰਾ ਮਿਲਦਾ ਹੈ। ਉੱਦਮਤਾ ਵਿੱਚ ਡਿਸਟੈਂਸ ਸਿੱਖਿਆ ਦੇਣ ਵਾਲੇ ਵਿਸ਼ਵ ਵਿਦਿਆਲਿਆਂ/ਸੰਸਥਾਨਾਂ ਨੂੰ ਉੱਚ ਡਿਸਟੈਂਸ ਸਿੱਖਿਆ ਵਿੱਚ ਗੁਣਵੱਤਾ ਯਕੀਨੀ ਬਣਾਉਣ ਦੀ ਲੋੜ ਹੈ। ਭਾਰਤ ਅੰਦਰ ਗੁਣਵੱਤਾ ਵਾਲੀ ਸਿਡਟੈਂਸ ਉੱਦਮਤਾ ਸਿੱਖਿਆ ਲਈ ਹੇਠਾਂ ਕੁਝ ਲੋੜਾਂ ਅਤੇ ਮੌਕਿਆਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ (ਨੈਸ਼ਨਲ ਇਸੰਟੀਚਿਊਟ ਆਫ ਬਿਜ਼ਨਸ ਸਟੱਡੀਜ਼, 2014)।

***ਜਨਸੰਖਿਆ :*** ਸਿੱਖਿਆ ਦੇ ਰਸਮੀ ਮਾਡਲ ਵਧਦੇ ਹੋਏ ਦਰਮਿਆਨੇ ਤਬਕੇ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕਦੇ। ਜਨਸੰਖਿਆ ਨੂੰ ਸਿੱਖਿਅਤ ਕਰਨ ਲਈ ਐੱਮ ਓ ਓ ਸੀਜ਼ ਵਰਗੇ ਨਵੀਨਤਮ ਅਤੇ ਵਿਸ਼ਾਲ ਪਹੁੰਚ ਵਾਲੇ ਸਿੱਖਿਆ ਖੇਤਰ ਦੀ ਜ਼ਰੂਰਤ ਹੈ। (ਗੈਰ ਹੁਨਰਮੰਦ ਅਤੇ ਅਰਧ ਹੁਨਰਮੰਦ ਕਿਰਤੀਆਂ ਹੁਨਰਮੰਦ ਕਿਰਤੀਆਂ ਵੱਲ ਤਬਦੀਲ) ਅਤੇ ਗ਼ੈਰ ਰਸਮੀ ਖੇਤਰ ਤੋਂ ਸਨਮਾਨਜਨਕ ਰੋਜ਼ਗਾਰ ਦੇ ਸੰਗਠਿਤ ਖੇਤਰਾਂ ਵੱਲ ਬਦਲਾਅ ਸਿਰਫ ਲਾਗਤ ਪ੍ਰਭਾਵੀ ਉੱਦਮਤਾ ਸਿੱਖਿਆ ਰਾਹੀਂ ਹੀ ਸੰਭਵ ਹਨ।

***ਲਚਕੀਲਾਪਨ :*** ਭਾਵੇਂ ਇਸ ਦੇ ਨਿਯਮ ਕਾਇਦੇ ਹਨ, ਓ ਡੀ ਐੱਲ ਸਿੱਖਣ ਵਾਲਿਆਂ ਦੇ ਭਾਈਚਾਰੇ ਵਿੱਚ ਵਿਕਸਤ ਹੋਣ ਦਾ ਮੌਕਾ ਪੂਰਨ ਕਰਦੀ ਹੈ। ਰਾਮਈਆ ਦਾ ਕਾਰਨ ਹੈ, "ਜਨਤਕ ਸਿੱਖਿਆ ਸੂਚਨਾ ਅਤੇ ਸੰਚਾਰ ਤਕਨਾਲੋਜੀ ਰਾਹੀਂ ਸੰਭਵ ਬਣਾਈ ਜਾਂਦੀ ਹੈ। ਇੰਟਰਨੈੱਟ ਰਾਹੀਂ ਡਿਸਟੈਂਸ ਸਿੱਖਿਆ ਵਪਾਰ ਕਰ ਰਹੇ ਲੋਕਾਂ ਨੂੰ ਆਪਣੇ ਹੁਨਰ ਵਿੱਚ ਸੁਧਾਰ ਕਰਨ ਅਤੇ ਵਿਸ਼ਵੀਕ੍ਰਿਤ ਦੁਨੀਆਂ ਵਿੱਚ ਵਪਾਰਕ ਉੱਦਮਾਂ ਦੇ ਬਦਲ ਰਹੇ ਆਯਾਮਾਂ ਨੂੰ ਅਪਨਾਉਣ ਦੀ ਆਗਿਆ ਦਿੰਦੀ ਹੈ (ਰਮਈਆ, 2001, ਪੰਨਾ 159)।

***ਨੌਜਵਾਨਾਂ ਨੂੰ ਸਿੱਖਿਅਤ ਕਰਨਾ :*** 28 ਪ੍ਰਤਿਸ਼ਤ ਜਨਸੰਖਿਆ ਨੌਜਵਾਨ ਹੋਣ ਕਰਕੇ ਭਾਰਤ ਆਪਣੇ ਬੇਰੋਜ਼ਗਾਰੀ ਦੇ ਮੁੱਦਿਆਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ। ਸਾਂਘੀ ਅਤੇ ਸ੍ਰੀਜਾ ਆਪਣੇ ਲੇਖ "ਭਾਰਤ ਵਿੱਚ ਨੌਜਵਾਨਾਂ ਦੀ ਬੇਰੋਜ਼ਗਾਰੀ" ਵਿੱਚ ਲਿਖਦੇ ਹਨ, " ਸਨਮਾਨਜਨਤਕ ਰੋਜ਼ਗਾਰ ਦੇ ਮੌਕਿਆਂ ਦੀ ਕਮੀ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਅਤੇ ਘੱਟ ਉਜਰਤ ਵਾਲੀਆਂ ਠੇਕਾ ਅਧਾਰਤ ਨੌਕਰੀਆਂ ਕਰਨ ਲਈ ਮਜਬੂਰ ਕਰਦੀ ਹੈ ਜਿਥੇ ਹਾਲਾਤ ਬਹੁਤ ਘਟੀਆ ਹੁਦੇ ਹਨ।" ਨੌਜਵਾਨਾਂ ਦੀ ਮੌਜੂਦਾ ਪੀੜ੍ਹੀ ਖ਼ਾਸ ਕਰਕੇ ਔਰਤਾਂ ਦਰਮਿਆਨ ਸਿੱਖਿਆ ਅਤੇ ਆਪਣੇ ਆਪ ਨੂੰ ਬੇਹਤਰ ਰੋਜ਼ਗਾਰ ਦੇ ਮੌਕਿਆਂ ਵਾਸਤੇ ਸਿਖਲਾਈ ਲੈਣ ਦੀ ਲੋੜ ਵੱਡੇ ਪੱਧਰ ਉਤੇ ਮਹਿਸੂਸ ਕੀਤੀ ਜਾ ਰਹੀ ਹੈ।

***ਸਿਖਲਾਈ ਯਾਫਤਾ ਅਮਲੇ ਦੀ ਵਧਦੀ ਜ਼ਰੂਰਤ :*** ਭਾਰਤੀ ਉਦਯੋਗ ਅਮਲੇ ਦੇ ਮੁੱਦਿਆਂ ਤੋਂ ਪੀੜਤ ਹਨ। ਬਦਕਿਸਮਤੀ ਨੂੰ, ਸਾਡੇ ਗ੍ਰੈਜੂਏਟਾਂ ਦਾ ਇਕ ਵੱਡਾ ਅਨੁਪਾਤ ਰੋਜ਼ਗਾਰ ਦੇ ਯੋਗ ਨਹੀਂ ਅਤੇ ਉਨ੍ਹਾਂ ਵਿੱਚ ਬੁਨਿਆਦੀ ਹੁਨਰਾਂ ਦੀ ਕਮੀ ਹੈ। ਉੱਦਮਤਾ ਵਿੱਚ ਓਪਨ ਅਤੇ ਡਿਸਟੈਂਸ ਸਿੱਖਿਆ ਇਨ੍ਹਾਂ ਵਿਅਕਤੀਆਂ ਨੂੰ ਖੋਜੀ ਤੇ ਸਫਲ ਉੱਦਮੀਆਂ ਵਿੱਚ ਬਦਲ ਸਕਦੀ ਹੈ।

***ਸਥਾਨਕ ਅਤੇ ਲੌਕਿਕ ਸੀਮਾਵਾਂ :*** ਹਰੇਕ ਵਿਦਿਆਰਥੀ ਕਿਸੇ ਰਸਮੀ ਵਿਸ਼ਵਵਿਦਿਆਲੇ ਦੇ ਨਿਯਮਤ ਕੋਰਸ ਵਿੱਚ ਦਾਖਲਾ ਨਹੀਂ ਲੈ ਸਕਦਾ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਹਰੇਕ ਬੰਦਾ ਕੋਰਸ ਦਾ ਖਰਚਾ ਬਰਦਾਸ਼ਤ ਨਹੀਂ ਕਰ ਸਕਦਾ, ਜਾਂ ਇਕ ਰਵਾਇਤੀ ਪ੍ਰੋਗਰਾਮ ਲਈ ਕੋਈ ਆਪਣਾ ਸਮਾਂ ਦੇਣ ਤੋਂ ਅਸਮਰੱਥ ਹੁੰਦਾ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਸਮੇਂ ਅਤੇ ਸਥਾਨ ਦੀ ਉਪਲਬਧਤਾ ਅਸਹਿਜ ਹੋ ਸਕਦੀ ਹੈ। ਉੱਦਮਤਾ ਸਿਖਲਾਈ ਵਿੱਚ ਓਪਨ ਅਤੇ ਡਿਸਟੈਂਸ ਸਿੱਖਿਆ ਦੇ ਮਾਡਲ ਇਨ੍ਹਾਂ ਰੁਕਾਵਟਾਂ ਨੂੰ ਤੋੜ ਸਕਦੇ ਹਨ। ਕੰਮਕਾਜੀ ਵਿਅਕਤੀ ਬਿਨਾਂ ਨੌਕਰੀ ਪ੍ਰਭਾਵਿਤ ਕੀਤਿਆਂ ਓ ਡੀ ਐੱਲ ਰਾਹੀਂ ਆਪਣੇ ਕੋਰਸ ਸਿੱਖ ਕੇ ਖਤਮ ਕਰ ਸਕਦੇ ਹਨ ਕਿਉਂਕਿ ਇਨ੍ਹਾਂ ਕੋਰਸਾਂ ਦੀ ਆਪਣੀ ਰਫ਼ਤਾਰ ਹੈ ਜੋ ਇਨ੍ਹਾਂ ਨਾਲ ਸਿੱਝਣ ਲਈ ਚੋਖੀ ਆਜ਼ਾਦੀ ਪ੍ਰਦਾਨ ਕਰਦੇ ਹਨ।

***ਸੁਧਰੀ ਹੋਈ ਯੋਗਤਾ ਅਤੇ ਤਰੱਕੀ ਦੀ ਗੁੰਜਾਇਸ਼ :*** ਡਿਸਟੈਂਸ ਸਿੱਖਿਆ ਦੇ ਪ੍ਰੋਗਰਾਮ ਖ਼ਾਸ ਕਰਕੇ ਉੱਦਮਤਾ ਅਤੇ ਪ੍ਰਬੰਧਨ ਵਰਗੇ ਕੋਰਸਾਂ ਲਈ ਮੌਜੂਦਾ ਕੰਮਕਾਜੀ ਜਨਸੰਖਿਆ ਨੂੰ ਵਾਧੂ ਹੁਨਰ ਅਤੇ ਗਿਆਨ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਨਾ ਸਿਰਫ ਇਹ ਉਨ੍ਹਾਂ ਦੇ ਪੇਸ਼ੇ ਨੂੰ ਵਧੀਕ ਯੋਗਤਾਵਾਂ ਦਿੰਦੇ ਹਨ ਸਗੋਂ ਉਨ੍ਹਾਂ ਦੀ ਉਤਪਾਦਕਤਾ ਵਿੱਚ ਵਾਧਾ ਕਰਕੇ ਮੌਜੂਦਾ ਕਿੱਤੇ ਵਿੱਚ ਉਨ੍ਹਾਂ ਲਈ ਤਰੱਕੀ ਦੇ ਮੌਕੇ ਵੀ

ਪ੍ਰਦਾਨ ਕਰਦੇ ਹਨ।

***ਸੇਵਾ ਮੁਕਤੀ ਉਪਰੰਤ ਸਿੱਖਿਆ :*** ਉੱਦਮਤਾ ਵਿੱਚ ਡਿਸਟੈਂਸ ਸਿੱਖਿਆ ਕੋਰਸਾਂ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਇਹ ਸੇਵਾ ਮੁਕਤ ਹੋ ਰਹੀ ਜਨਸੰਖਿਆ ਨੂੰ ਆਪਣੀਆਂ ਬੱਚਤਾਂ ਨਿਵੇਸ਼ ਕਰਨ ਜਾਂ ਉੱਦਮਤਾ ਵਾਲੇ ਉਪਕ੍ਰਮਾਂ ਵਿੱਚ ਲੱਗਣ ਦੀ ਤਾਕਤ ਦਿੰਦੇ ਹਨ।

***ਲਘੂ ਉੱਦਮਤਾ :*** ਬੀ ਆਰ ਅੰਬੇਡਕਰ ਓਪਨ ਯੂਨੀਵਰਸਿਟੀ ਗ੍ਰੈਜੂਏਟਾਂ ਵਲੋਂ ਕੀਤੇ ਇਕ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਸਵੈ-ਸਹਾਇਤਾ ਸਮੂਹਾਂ (ਐੱਸ ਐੱਚ ਜੀ) ਵਿੱਚ ਕੰਮ ਕਰ ਰਹੀਆਂ 90 ਪ੍ਰਤਿਸ਼ਤ ਤੋਂ ਵੱਧ ਔਰਤਾਂ ਨੂੰ ਦਿ ਸੋਸਾਇਟੀ ਫਾਰ ਐਲਿਮਿਨੇਟਿੰਗ ਰੂਰਲ ਪਾਵਰਟੀ (ਆਂਧਰਾ ਪ੍ਰਦੇਸ਼ ਸਰਕਾਰ ਵਲੋਂ ਸਥਾਪਤ) ਵਲੋਂ ਦਿੱਤੀਆਂ ਜਾ ਰਹੀਆਂ ਸਹਾਇਕ ਸੇਵਾਵਾਂ ਅਤੇ ਸਿਖਲਾਈ ਲਾਭਕਾਰੀ ਨਹੀਂ ਜਾਪਦੀਆਂ। ਇਸ ਕਰਕੇ ਛੋਟੇ ਸਮੂਹ ਦੀਆਂ ਇਨ੍ਹਾਂ ਪੜ੍ਹੀਆਂ-ਲਿਖੀਆਂ ਔਰਤਾਂ ਦੇ ਮਾਰਗ ਦਰਸ਼ਨ ਲਈ ਲਘੂ ਉੱਦਮਤਾ ਵਿੱਚ ਇਕ ਸਰਟੀਫਿਕੇਟ ਕੋਰਸ ਸ਼ੁਰੂ ਕੀਤਾ ਗਿਆ। ਇਹ ਔਰਤਾਂ ਆਪਣਾ ਵਪਾਰ ਚਲਾਉਣ ਲਈ ਬੈਂਕਾਂ ਵਲੋਂ ਦਿੱਤੀਆਂ ਜਾਂਦੀਆਂ ਮਾਈਕ੍ਰੋ ਵਿੱਤ ਸੇਵਾਵਾਂ ਦਾ ਇਸਤੇਮਾਲ ਕਰ ਰਹੀਆਂ ਹਨ।

***ਅਸੰਗਠਿਤ ਖੇਤਰ ਦਾ ਰਸਮੀਕਰਨ :*** ਸ੍ਰੀਜਾ ਅਤੇ ਸ਼ਿਰਕੇ, ਜਿਨ੍ਹਾਂ ਨੇ ਭਾਰਤ ਵਿੱਚ ਅਸੰਗਠਿਤ ਕਿਰਤ ਬਾਜ਼ਾਰ ਦਾ ਮੁਲਾਂਕਣ ਕੀਤਾ ਹੈ, ਸਿਫਾਰਸ਼ ਕਰਦੇ ਹਨ। ਅਜਿਹਾ ਵਾਤਾਵਰਨ ਬਣਾਉਣਾ ਜਿਸ ਨਾਲ ਰੋਜ਼ਗਾਰ ਦੇ ਅਸੰਗਠਿਤ ਖੇਤਰਾਂ ਵਿੱਚ ਰਸਮੀ ਸੱਭਿਆਚਾਰ ਵਿਕਸਤ ਹੋ ਜਾਏ, ਜਿਸ ਨਾਲ ਹੌਲੀ-ਹੌਲੀ ਬਦਲਾਅ ਆਉਂਦਾ ਹੈ। ਛੋਟੇ ਦਰਜੇ ਦੇ ਵਪਾਰੀਆਂ ਲਈ ਉੱਦਮਤਾ ਵਿੱਚ ਇਕ ਕੋਰਸ ਉੱਭਰ ਰਹੇ ਉੱਦਮੀਆਂ ਅਤੇ ਮੌਜੂਦਾ ਉੱਦਮੀਆਂ ਲਈ ਇਹ ਯਕੀਨੀ ਬਣਾਏਗਾ ਕਿ ਉਹ ਮਾੜੇ ਹਾਲਤਾਂ ਦੇ ਮੁਕਾਬਲੇ ਸਿਹਤਮੰਦ ਵਪਾਰਕ ਵਾਤਾਵਰਨ ਵਿੱਚ ਕੰਮ ਕਰਕੇ ਵਿਕਾਸ ਕਰਨ।

## ਰਲੀ-ਮਿਲੀ ਪਹੁੰਚ - ਉੱਦਮਤਾ ਵਿੱਚ ਆਨਲਾਈਨ ਸਿਖਲਾਈ ਦੇ ਪ੍ਰੋਗਰਾਮ

ਭਾਰਤ ਦੇ ਉੱਦਮਤਾ ਵਿਕਾਸ ਸੰਸਥਾਨ, ਅਹਿਮਦਾਬਾਦ ਨੇ ਫੈਡਰਿਕ ਨਾਉਮੈਨ ਫਾਉਂਡੇਸ਼ਨ, ਜਰਮਨੀ ਦੀ ਭਾਈਵਾਲੀ ਨਾਲ ਵੱਡੇ ਪੱਧਰ ਉਤੇ ਨਵੇਂ ਉੱਦਮੀਆਂ ਦੇ ਨਿਰਮਾਣ ਅਤੇ ਸਿਖਲਾਈ ਦਾ ਟੀਚਾ ਰੱਖਦਾ ਹੈ, ਤਾਂਕਿ ਦੇਸ਼ ਵਿੱਚ ਬੇਰੋਜ਼ਗਾਰੀ ਦੇ ਮੁੱਦਿਆਂ ਦਾ ਹੱਲ ਕੀਤਾ ਜਾ ਸਕੇ। ਵੱਖ-ਵੱਖ ਭੂਗੋਲਿਕ ਖੇਤਰਾਂ ਵਿੱਚ ਫੈਲੇ ਵਿਅਕਤੀਆਂ ਦੀਆਂ ਸਿੱਖਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਪ੍ਰੋਗਰਾਮ ਨੇ ਓ ਡੀ ਐੱਲ ਦਾ ਰਸਤਾ ਚੁਣਿਆ। ਰਲੀ-ਮਿਲੀ ਪਹੁੰਚ ਰਾਹੀਂ, ਆਨਲਾਈਨ ਪ੍ਰੋਗਰਾਮ ਮਾਹਰਾਂ ਅਤੇ ਈ ਡੀ ਆਈ ਆਈ ਅਧਿਆਪਕਾਂ ਦੁਆਰਾ ਹੁਨਰ ਵਿਕਾਸ ਅਤੇ ਗਿਆਨ ਦੇ ਨਿਰਮਾਣ ਅਤੇ ਸਲਾਹਕਾਰੀ ਲਈ ਦੋ ਸੰਪਰਕ ਸੈਸ਼ਨ ਚਲਾ ਰਿਹਾ ਹੈ। ਸਰੋਤਾਂ, ਸਮੀਖਿਆਵਾਂ ਅਤੇ ਵਿਦਿਆਰਥੀਆਂ ਦੀ ਪ੍ਰਗਤੀ ਉਤੇ ਨਜ਼ਰ ਰੱਖਣ ਅਤੇ ਵੰਡ ਲਈ ਵੈੱਬ ਆਧਾਰਤ ਸਾਫਟਵੇਅਰ ਸਥਾਪਤ ਕੀਤਾ ਜਾ ਰਿਹਾ ਹੈ। ਇਸ ਕੋਰਸ ਦਾ ਟੀਚਾ ਵਰਚੂਅਲ ਓਪਨ ਸਿੱਖਿਆ ਮੰਚਾਂ ਦੇ ਫਾਇਦਿਆਂ ਨੂੰ ਵਾਸਤਵਿਕ ਸੰਸਥਾਨ ਅਧਾਰਤ ਸਰੋਤਾਂ ਅਤੇ ਸਹੂਲਤਾਂ ਨੂੰ ਰਲੀ-ਮਿਲੀ ਪਹੁੰਚ ਰਾਹੀਂ ਇਕੱਤਰ ਕਰਨਾ ਹੈ (ਭਾਰਤ ਦਾ ਉੱਦਮਤਾ ਵਿਕਾਸ ਸੰਸਥਾਨ, ਅਹਿਮਦਾਬਾਦ, 2016)। ਈ ਡੀ ਆਈ ਆਈ ਵਰਗੇ ਦੋਹਰੇ ਤਰੀਕੇ ਨਾਲ ਚੱਲਣ ਵਾਲੇ ਸੰਸਥਾਨਾਂ ਲਈ ਐਜ਼ ਅਤੇ ਲੋਇਗਰਿੰਗ ਸੰਕੇਤ ਕਰਦੇ ਹਨ ਕਿ ਡਿਸਟੈਂਸ ਸਿੱਖਿਆ ਨਾਲ ਗਾਹਕਾਂ ਦਾ ਅਧਾਰ ਵਧੇਗਾ, ਵਿਦਿਆਰਥੀਆਂ ਲਈ ਸੇਵਾ ਵਿੱਚ ਸੁਧਾਰ ਹੋਵੇਗਾ ਅਤੇ ਮੌਜੂਦਾ ਸਹੂਲਤਾਂ ਦੀ ਵਧੇਰੇ ਯੋਗ ਵਰਤੋਂ ਹੋਵੇਗੀ (ਐਜ ਅਤੇ ਲੋਇਗਰਿੰਗ, 2000) ਅਤੇ ਯੂਨੀਵਰਸਿਟੀ ਵਿੱਚ ਅੰਤਰ-ਕਾਲਜ ਸਰੋਤ ਸਾਂਝ ਵਿੱਚ ਵਾਧਾ ਹੋਵੇਗਾ।

## ਅਗਾਂਹ ਦਾ ਰਸਤਾ

***(ੳ) ਰੋਜ਼ਗਾਰ ਮੁਖੀ –*** ਮਨੁੱਖੀ ਵਿਕਾਸ ਦੀਆਂ ਸਾਰੀਆਂ ਰਿਪੋਰਟਾਂ ਵਿੱਚ ਇਹ ਸਾਫ ਕਿਹਾ ਗਿਆ ਹੈ ਕਿ ਕਿਸੇ ਵੀ ਪ੍ਰਕਾਰ ਦੀ ਸਿੱਖਿਆ ਇਕ ਨਵੇਸ਼ ਹੈ। ਅਜਿਹਾ ਦੱਖਣੀ ਏਸ਼ਿਆਈ ਮੁਲਕਾਂ, ਜਿਸ ਵਿੱਚ ਭਾਰਤ ਸ਼ਾਮਲ ਹੈ, ਦੇ ਮਾਮਲੇ ਵਿੱਚ ਖ਼ਾਸ ਕਰਕੇ ਸੱਚ ਹੈ ਜਿਥੇ ਉੱਚ ਸਿੱਖਿਆ ਵਿਚ ਦਾਖ਼ਲੇ ਹਾਲੇ ਵੀ ਕਾਫੀ ਘੱਟ ਹਨ। ਸੰਬੰਧਿਤ ਉਮਰ ਵਰਗ ਦੇ 10 ਪ੍ਰਤਿਸ਼ਤ ਵਿਦਿਆਰਥੀ ਵੀ ਉੱਚ ਸਿੱਖਿਆ ਪ੍ਰਾਪਤ ਨਹੀਂ ਕਰਦੇ। ਨਿਰੀਖਣ ਰਾਹੀਂ ਅਸੀਂ ਆਖ ਸਕਦੇ ਹਾਂ ਕਿ ਇਨ੍ਹਾਂ ਸੰਸਥਾਵਾਂ ਵਿੱਚੋਂ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀ ਬੇਰੋਜ਼ਗਾਰ ਰਹਿੰਦੇ ਹਨ। ਸੋ ਸਮੱਸਿਆ ਸਿੱਖਿਆ ਪ੍ਰਾਪਤ ਕਰਨ ਦੇ ਢੰਗ ਤਰੀਕਿਆਂ ਅਤੇ ਪੇਸ਼ੇਵਰ ਕਰੀਅਰ ਇੱਛਾਵਾਂ (ਨੌਕਰੀ, ਉੱਦਮਤਾ, ਸਵੈ-ਰੋਜ਼ਗਾਰ) ਅਤੇ ਉਨ੍ਹਾਂ ਦੀ ਸਿੱਖਿਆ ਵਿਚਾਲੇ ਅਧਾਰਤਲ ਸੰਬੰਧ ਹੈ। ਇਸ ਕਰਕੇ ਉੱਦਮਤਾ/ਸਵੈ-ਰੋਜ਼ਗਾਰ/ਕਿੱਤਾ ਮੁਖੀ ਸਿੱਖਿਆ ਦੀ ਲੋੜ ਬਹੁਤ ਗੰਭੀਰਤਾ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਜੋ ਸਿੱਖਿਆ ਅਤੇ ਰੋਜ਼ਗਾਰ ਦਰਮਿਆਨ ਇੱਕ ਅਰਥਪੂਰਨ ਸੰਬੰਧ ਸਥਾਪਤ ਕਰਕੇ ਕਿਸੇ ਹੱਦ ਤੱਕ ਰੋਜ਼ਗਾਰ ਦੇ ਮੌਕੇ ਯਕੀਨੀ ਬਣਾਉਂਦੀ ਹੈ।

***(ਅ) ਆਭਾਸੀ ਬਨਾਮ ਯਥਾਰਥਕ :*** ਨਿਰਪੱਖ ਆਭਾਸੀ ਸਿੱਖਿਆ ਅਤੇ ਵਿਅਕਤੀਗਤ ਸੰਪਰਕ ਦਰਮਿਆਨ ਇਕ ਸੰਤੁਲਨ ਬਣਾਈ ਰੱਖਣਾ ਜ਼ਰੂਰੀ ਹੈ। ਡਿਸਟੈਂਸ ਸਿੱਖਿਆ ਰਾਹੀਂ ਆਨਲਾਈਨ ਮੈਨੇਜਮੈਂਟ ਸਿੱਖਿਆ ਬਾਰੇ ਅਧਿਐਨ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਵਿਦਿਆਰਥੀ ਵਿਸ਼ੇ ਵਸਤੂ ਦੇ ਸਵਾਲਾਂ ਦੇ ਨਾਲ-ਨਾਲ ਆਭਾਸੀ ਜਮਾਤ ਦੇ ਕਮਰੇ ਦੇ ਅਨੁਭਵ ਲਈ ਅਧਿਆਪਕਾਂ ਨਾਲ ਨਿੱਜੀ ਸੰਪਰਕ ਰੱਖਣ ਨੂੰ ਤਰਜੀਹ ਦਿੰਦੇ ਹਨ (ਗੋਇਲ, 2014)।

***(ੲ) ਭਰੋਸੇਯੋਗਤਾ ਤੇ ਪ੍ਰਮਾਣਿਕਤਾ :*** ਸੰਭਾਵੀ ਮਾਲਕਾਂ ਅਤੇ ਵਿਦਿਆਰਥੀਆਂ ਦਰਮਿਆਨ ਭਰੋਸੇਯੋਗਤਾ ਅਤੇ ਪ੍ਰਮਾਣਿਕਤਾ ਹਾਸਲ ਕਰਨਾ ਜ਼ਰੂਰੀ ਹੈ ਕਿਉਂਕਿ ਓਪਨ ਅਤੇ ਡਿਸਟੈਂਸ ਸਿੱਖਿਆ ਨੂੰ ਜਮਾਂਦਰੂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਓ ਡੀ ਐੱਲ ਰਾਹੀਂ ਉੱਦਮਤਾ ਸਿੱਖਿਆ ਨੂੰ ਨਿਯਮਤ ਉੱਦਮਤਾ ਕੋਰਸਾਂ ਦਾ ਇਕ ਸੌਖਾ ਬਦਲ ਸਮਝਿਆ ਜਾਂਦਾ ਹੈ, ਇਸ ਲਈ ਸੰਭਾਵੀ ਦੇਸ਼ਾਂ ਦੇ ਮਨ ਵਿੱਚ ਅਜਿਹੀ ਸਿਖਲਾਈ ਦੀ ਭਰੋਸੇਯੋਗਤਾ ਉਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਓ ਡੀ ਐੱਲ ਰਾਹੀਂ ਉੱਦਮਤਾ ਸਿਖਲਾਈ ਦੇਣ ਵਾਲੀਆਂ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਬੇਹਰਤ ਅਤੇ ਗੁਣਵੱਤਾ ਵਾਲੀ ਕੋਰਸ ਸਮੱਗਰੀ, ਠੀਕ ਮੁਲਾਂਕਣ, ਪ੍ਰਭਾਵੀ ਸੰਚਾਰ, ਕੋਰਸ ਦੇ ਉਦੇਸ਼ ਪੂਰੇ ਕਰਕੇ ਅਤੇ ਮਜਬੂਤ ਵਿਦਿਆਰਥੀ ਸਹਾਇਕ ਸੇਵਾਵਾਂ ਰਾਹੀਂ ਰਵਾਇਤੀ ਕੋਰਸਾਂ ਦੇ ਬਰਾਬਰ ਗੁਣਵੱਤਾ ਬਣਾਈ ਜਾਵੇ। ਡਿਸਟੈਂਸ ਸਿੱਖਿਆ ਦੇ ਤਰੀਕੇ ਰਾਹੀਂ ਸਥਿਰਤਾ ਅਤੇ ਉੱਦਮਤਾ ਸਿਖਲਾਈ ਵਿੱਚ ਗੁਣਵੱਤਾ

*ਬਾਕੀ ਸਫ਼ਾ 40 ਉੱਤੇ*

# ਭਾਰਤੀ ਨੌਜਵਾਨਾਂ ਦੇ ਸ਼ਕਤੀਕਰਨ ਲਈ ਮਿਆਰੀ ਸਿੱਖਿਆ

ਰਾਕੇਸ਼ ਵੱਤਸ, ਮੀਨੂੰ ਵੱਤਸ

ਦੂਸਰੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਭਾਰਤ ਵਿੱਚ 600 ਮਿਲੀਅਨ ਲੋਕ ਅਰਥਾਤ ਕੁੱਲ ਆਬਾਦੀ ਦੇ ਅੱਧੇ ਤੋਂ ਵੱਧ 25 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਕੁੱਝ ਹੀ ਸਾਲ ਬਾਅਦ ਸਾਡਾ ਦੇਸ਼ ਦੁਨੀਆਂ ਵਿੱਚ ਸਭ ਤੋਂ ਵੱਧ ਨੌਜਵਾਨ ਆਬਾਦੀ ਵਾਲਾ ਦੇਸ਼ ਬਣ ਜਾਵੇਗਾ ਜਦੋਂ ਕਿ ਇਸ ਦੀ ਤਿੰਨ ਚੌਥਾਈ ਆਬਾਦੀ 25 ਸਾਲ ਤੋਂ ਘੱਟ ਉਮਰ ਦੀ ਹੋਵੇਗੀ। ਸਾਡੀ ਆਬਾਦੀ ਦਾ ਏਨਾ ਵੱਡਾ ਹਿੱਸਾ ਭਾਰਤ ਦੀ ਕੁੱਲ ਰਾਸ਼ਟਰੀ ਆਮਦਨ ਵਿੱਚ 34 ਪ੍ਰਤਿਸ਼ਤ ਹਿੱਸਾ ਪਾਉਂਦਾ ਹੈ। ਇਹ ਲੋਕ ਲਾਜ਼ਮੀ ਤੌਰ ਤੇ ਸਹੀ ਵਿੱਦਿਅਕ ਢਾਂਚੇ, ਢੁਕਵੀਂ ਯੋਗਤਾ ਦੇ ਵਿਕਾਸ ਅਤੇ ਨੌਕਰੀਆਂ ਲੈਣ ਜਾਂ ਉੱਦਮੀ ਬਣਨ ਦੇ ਕਾਫੀ ਮੌਕਿਆਂ ਦੀ ਮੰਗ ਕਰਨਗੇ ਤਾਂ ਕਿ ਉਹ ਆਪਣੇ ਨਿੱਜੀ, ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾ ਸਕਣ।

ਦੇਸ਼ ਦੀ ਆਬਾਦੀ ਦਾ ਨੌਜਵਾਨ ਹਿੱਸਾ ਕਦੇ ਵੀ ਕਿਸੇ ਦੇਸ਼ ਉੱਤੇ ਬੋਝ ਨਹੀਂ ਰਿਹਾ ਸਗੋਂ ਉਹ ਮੌਕਿਆਂ ਦੀ ਇਕ ਖਿੜਕੀ ਬਣਿਆ ਹੈ। ਆਬਾਦੀ ਵਿੱਚ ਅਜਿਹਾ ਵੱਖੋ-ਵੱਖ ਤਰ੍ਹਾਂ ਦਾ ਵਾਧਾ ਆਬਾਦੀ ਸੰਬੰਧੀ ਲਾਭਅੰਸ਼ ਕਹਾਉਂਦਾ ਹੈ ਅਤੇ ਇਸ ਨੇ ਕਈ ਪੂਰਬੀ ਏਸ਼ੀਆਈ ਦੇਸ਼ਾਂ, ਜਿਵੇਂ ਕਿ ਕੋਰੀਆ ਗਣਰਾਜ ਵਿੱਚ ਬੀਤੇ ਸਮੇਂ ਵਿੱਚ ਆਰਥਿਕ ਵਿਕਾਸ ਵਿੱਚ ਕਾਫੀ ਤੇਜ਼ੀ ਲਿਆਂਦੀ ਹੈ। ਇਹ ਸਾਡੇ ਲਈ ਵੀ ਸਹੀ ਸਿੱਧ ਹੋ ਸਕਦਾ ਹੈ ਜੇ ਇਨ੍ਹਾਂ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾਵੇ ਅਤੇ ਸ਼ਕਤੀਆਂ ਦਿੱਤੀਆਂ ਜਾਣ। ਸ਼ਕਤੀਕਰਨ ਲਾਜ਼ਮੀ ਤੌਰ ਤੇ ਕਦਰਾਂ-ਕੀਮਤਾਂ ਨਾਲ ਤਿਆਰ ਕਰਨ ਦਾ ਇਕ ਢੰਗ ਹੈ ਤਾਂ ਕਿ ਸਿੱਖਣ ਵਾਲੇ ਇਕ ਅਜਿਹੀ ਜ਼ਿੰਦਗੀ ਜੀਅ ਸਕਣ ਜੋ ਕਿ ਨਿੱਜੀ ਵਿਅਕਤੀਆਂ ਲਈ ਤਸੱਲੀਬਖਸ਼ ਹੋਵੇ ਅਤੇ ਨਾਲ ਹੀ ਸਮਾਜ ਦੀਆਂ ਕਦਰਾਂ-ਕੀਮਤਾਂ ਅਤੇ ਆਦਰਸ਼ਾਂ ਅਨੁਸਾਰ ਹੋਵੇ। ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰਨਾ, ਖ਼ਾਸ ਤੌਰ ਤੇ ਭਾਰਤੀ ਸਥਿਤੀਆਂ ਵਿੱਚ ਜ਼ਰੂਰੀ ਹੈ। ਇਹ ਸਿਰਫ ਦੇਸ਼ ਦੇ ਹੀ ਨਹੀਂ ਸਗੋਂ ਨਿੱਜੀ ਵਿਕਾਸ ਲਈ ਵੀ ਜ਼ਰੂਰੀ ਹੈ। ਅਜਿਹਾ ਕੰਮ ਨੌਜਵਾਨਾਂ ਦੇ ਅਧਿਕਾਰਾਂ, ਉਨ੍ਹਾਂ ਦੀਆਂ ਸਰਗਰਮੀਆਂ ਅਤੇ ਭਾਈਚਾਰੇ ਸੰਬੰਧੀ ਫੈਸਲੇ ਲੈਣ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਲਈ ਵੀ ਜ਼ਰੂਰੀ ਹੈ।

ਨੌਜਵਾਨਾਂ ਦੇ ਸ਼ਕਤੀਕਰਨ ਦੀ ਕੁੰਜੀ ਉਨ੍ਹਾਂ ਨੂੰ ਪੜ੍ਹਾਉਣ-ਲਿਖਾਉਣ ਅਤੇ ਕੰਮ ਪ੍ਰਦਾਨ ਕਰਨ ਵਿੱਚ ਹੈ। ਅਸੀਂ ਕਿਸੇ ਦੇਸ਼ ਦੇ ਨਿਰੰਤਰ ਵਿਕਾਸ ਲਈ ਤਦ ਤੱਕ ਗੱਲ ਨਹੀਂ ਕਰ ਸਕਦੇ ਜਦ ਤੱਕ ਕਿ ਨੌਜਵਾਨ ਇਸ ਵਿੱਚ ਸਰਗਰਮ ਭੂਮਿਕਾ ਨਾ ਨਿਭਾਉਣ। ਮੌਕਿਆਂ ਦੀ ਕਮੀ ਇਸ ਤਰ੍ਹਾਂ ਹੈ ਜਿਵੇਂ ਕਿ ਉਨ੍ਹਾਂ ਨੂੰ ਸਮਾਜ ਵਿੱਚ ਨੁੱਕਰੇ ਲੱਗ ਕੇ ਬੈਠਣ ਲਈ ਕਹਿ ਦਿੱਤਾ ਜਾਵੇ, ਰੇਲ ਲਾਈਨ ਉਤੇ ਉਸ ਗੱਡੀ ਦੀ ਉਡੀਕ ਕਰਨ ਲਈ ਕਹਿ ਦਿੱਤਾ ਜਾਵੇ ਜੋ ਕਿ ਕਦੇ ਆਉਣ ਵਾਲੀ ਹੀ ਨਹੀਂ।

## ਨੌਜਵਾਨਾਂ ਦੇ ਸ਼ਕਤੀਕਰਨ ਦੇ ਥੰਮ੍ਹ

ਭਾਰਤ ਦੇ ਨੌਜਵਾਨਾਂ ਦਾ ਸ਼ਕਤੀਕਰਨ ਮੁੱਢਲੇ ਤੌਰ ਤੇ ਹੇਠ ਲਿਖੇ 4 ਥੰਮ੍ਹਾਂ ਉਤੇ ਸਥਿਰ ਹੋ ਸਕਦਾ ਹੈ:

- ਵਿੱਦਿਆ
- ਨਿਪੁੰਨਤਾ ਅਤੇ ਰੋਜ਼ਗਾਰ
- ਸਿਧਾਂਤਕ ਵਿਚਾਰਾਂ ਸੰਬੰਧੀ ਮੁੱਢਲੀ ਤਬਦੀਲੀ
- ਸਰਕਾਰ ਦੀਆਂ ਨੀਤੀਆਂ ਅਤੇ ਪਹਿਲਕਦਮੀਆਂ।

ਭਾਰਤ ਨੂੰ ਤਬਦੀਲ ਕਰਨ 'ਟ੍ਰਾਂਸਫਾਰਮਿੰਗ ਇੰਡੀਆ' ਦਾ ਸੁਪਨਾ ਮਨੁੱਖੀ ਸੋਮਾ ਅਤੇ ਵਿਕਾਸ ਮੰਤਰਾਲਾ (ਐੱਮ ਐੱਚ ਆਰ ਡੀ) – ਦੇ ਇਸ ਆਦਰਸ਼ ਵਾਕ ''ਸਭ ਲਈ ਸਿੱਖਿਆ, ਵਧੀਆ ਸਿੱਖਿਆ" ਨਾਲ ਪੂਰਾ ਹੋ ਸਕਦਾ ਹੈ ਅਤੇ ਇਹ ਚੀਜ਼ ਸਾਡੇ ਵਿਕਾਸਸ਼ੀਲ ਦੇਸ਼ ਨੂੰ ਤਾਂ ਹੀ ਨਵੀਂ ਦਿਸ਼ਾ ਦੇ ਸਕਦੀ ਹੈ ਜੇ ਸਾਡੀ ਵਿੱਦਿਅਕ ਪ੍ਰਣਾਲੀ ਵਿੱਚ ਕਿਸੇ ਵੀ ਵਿੱਦਿਅਕ ਢਾਂਚੇ ਦੇ ਇਹ ਮੁਢਲੇ ਸਿਧਾਂਤ ਸ਼ਾਮਲ ਹੋਣ ਜਿਵੇਂ ਕਿ ਪਹੁੰਚ, ਨਿਰਪੱਖਤਾ ਅਤੇ ਗੁਣਵੱਤਾ ਅਤੇ ਇਨ੍ਹਾਂ ਦਾ ਟੀਚਾ ਯੋਗਤਾ ਅਤੇ ਹੁਨਰ ਦੀ ਤਰੱਕੀ ਰਾਹੀਂ ਤੈਅ ਕੀਤਾ ਜਾਵੇ।

ਮੌਜੂਦਾ ਹਾਲਾਤ ਵਿੱਚ ਉੱਚ ਵਿੱਦਿਆ (ਐੱਚ ਈ) ਦੀ ਭਾਰਤ ਵਿੱਚ ਦਰ ਕਾਫੀ ਘੱਟ (22 ਪ੍ਰਤਿਸ਼ਤ) ਜਦ ਕਿ ਵਿਸ਼ਵ ਵਿੱਚ ਇਹ ਔਸਤ ਦਰ 28 ਪ੍ਰਤਿਸ਼ਤ ਹੈ। ਹੋਰ ਵਿਕਸਤ ਦੇਸ਼ਾਂ ਜਿਵੇਂ ਕਿ ਚੀਨ (28 ਪ੍ਰਤਿਸ਼ਤ), ਬ੍ਰਾਜ਼ੀਲ (36 ਪ੍ਰਤਿਸ਼ਤ), ਇੰਗਲੈਂਡ (59 ਪ੍ਰਤਿਸ਼ਤ) ਹੈ ਅਤੇ ਆਉਣ ਵਾਲੇ ਕੁਝ ਸਾਲਾਂ (2020) ਤੱਕ ਜਦੋਂ ਕਿ ਦੇਸ਼ ਦੀ ਨੌਜਵਾਨ ਆਬਾਦੀ (25 ਸਾਲ ਤੋਂ ਘੱਟ) ਦੁਨੀਆਂ ਵਿੱਚ ਸਭ ਤੋਂ ਘੱਟ ਹੋਵੇਗੀ, ਉਸ ਵੇਲੇ ਸਾਡਾ ਉਦੇਸ਼ ਆਪਣੀ ਜੀ ਈ ਆਰ ਨੂੰ ਸਿਰਫ 30 ਪ੍ਰਤਿਸ਼ਤ ਤੱਕ ਰੱਖਣਾ ਹੋਵੇਗਾ ਜੋ ਕਿ ਤਾਂ ਹੀ ਸੰਭਵ ਹੋਵੇਗਾ ਜੇ ਉੱਚ ਵਿੱਦਿਆ ਦੇਣ ਵਾਲੀਆਂ ਮੌਜੂਦਾ ਸੰਸਥਾਵਾਂ ਦੀ ਗਿਣਤੀ ਘੱਟੋ-ਘੱਟ ਦੁੱਗਣੀ ਕਰ ਦਿੱਤੀ ਜਾਵੇ। ਇਹ ਜੋ ਪਾੜਾ ਹੈ ਉਹ ਸਾਡੇ ਸੁਪਨੇ ਨੂੰ ਪੂਰਾ ਕਰਨ ਵਿੱਚ ਮੁਸ਼ਕਲ ਖੜ੍ਹੀ ਕਰ ਰਿਹਾ ਹੈ। ਇਥੋਂ ਤੱਕ ਕਿ ਭਾਵੇਂ ਨਿੱਜੀ ਇੰਜੀਨੀਅਰਿੰਗ ਅਦਾਰੇ ਅਤੇ ਯੂਨੀਵਰਸਿਟੀਆਂ ਬੜੀ ਤੇਜ਼ੀ ਨਾਲ ਖੁੰਭਾਂ ਵਾਂਗ ਪੈਦਾ ਹੋ ਰਹੀਆਂ ਹਨ, ਫਿਰ ਵੀ ਭਾਰਤ ਵਿੱਚ

ਇੰਜੀਨੀਅਰਾਂ ਅਤੇ ਵਿਗਿਆਨੀਆਂ ਦੀ ਘਣਤਾ ਦੁਨੀਆਂ ਭਰ ਵਿੱਚ ਸਭ ਤੋਂ ਘੱਟ ਹੈ। 'ਮਿਆਰੀ ਵਿੱਦਿਆ' ਦਾ ਟੀਚਾ "ਸਭ ਨੂੰ ਵਿੱਦਿਆ" ਦੇ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ।

ਭਾਰਤ ਕਿਉਂਕਿ ਧਰਮ ਨਿਰਪੱਖ ਅਤੇ ਲੋਕਰਾਜੀ ਦੇਸ਼ ਹੈ, ਇਹ ਜਾਤ, ਲਿੰਗ, ਉਮਰ ਆਦਿ ਦੇ ਮੁੱਦਿਆਂ ਉੱਤੇ ਵੰਡਿਆ ਹੋਇਆ ਹੈ। ਇਹ ਚੀਜ਼ ਸਾਡੇ ਮੌਜੂਦਾ ਵਿੱਦਿਅਕ ਸੋਮਿਆਂ ਦੀ ਬਰਾਬਰ ਪਹੁੰਚ ਵਿੱਚ ਰੁਕਾਵਟ ਬਣ ਰਹੀ ਹੈ ਅਤੇ ਇਸ ਸਿਸਟਮ ਦੇ ਲੋੜੀਂਦੇ ਨਤੀਜੇ ਹਾਸਲ ਨਹੀਂ ਹੋ ਰਹੇ। ਇਸ ਲਈ ਮਿਆਰੀ ਸਿੱਖਿਆ ਬਾਰੇ ਸੋਚਣ ਤੋਂ ਪਹਿਲਾਂ ਇਸ ਸਮੱਸਿਆ ਨੂੰ ਦੂਰ ਕਰਨਾ ਪਵੇਗਾ। ਇਹ ਪੱਖਪਾਤ ਦੂਜੀ ਧਿਰ ਵਲੋਂ ਕੀਤਾ ਜਾਂਦਾ ਹੈ ਜਦੋਂ ਕਿ ਵਿਦਿਆਰਥੀਆਂ ਵਲੋਂ ਉੱਚ ਵਿੱਦਿਆ ਦੇ ਅਧਿਅਨ ਸਮੇਂ ਵਿਸ਼ਿਆਂ ਦੀ ਚੋਣ ਕੀਤੀ ਜਾਂਦੀ ਹੈ। ਸਭ ਤੋਂ ਵੱਧ ਪਸੰਦੀਦਾ ਵਿਸ਼ੇ ਆਰਟਸ ਅਤੇ ਹਿਊਮੈਨਿਟੀਜ਼ ਹੁੰਦੇ ਹਨ (ਲਗਭਗ 35-40 ਪ੍ਰਤਿਸ਼ਤ), ਉਸ ਤੋਂ ਬਾਅਦ ਕਾਮਰਸ ਅਤੇ ਮੈਨੇਜਮੈਂਟ ਦਾ ਸਥਾਨ ਆਉਂਦਾ ਹੈ (ਲਗਭਗ 20-25 ਪ੍ਰਤਿਸ਼ਤ) ਅਤੇ ਸਭ ਤੋਂ ਆਖਰੀ ਪਹਿਲ ਮੁਢਲੇ ਅਤੇ ਵਿਹਾਰਕ ਵਿਗਿਆਨ (ਕ੍ਰਮਵਾਰ ਲਗਭਗ 19-21 ਪ੍ਰਤਿਸ਼ਤ ਅਤੇ 15-16 ਪ੍ਰਤਿਸ਼ਤ)। ਵਿਦਿਆਰਥੀਆਂ ਵਿੱਚ ਇਸ ਦੇ ਕਾਰਨਾਂ ਦੀ ਜਾਂਚ ਕੀਤੇ ਜਾਣ ਉੱਤੇ ਸਰਕਾਰ ਲਈ ਬੜੀ ਹੈਰਾਨੀਜਨਕ ਅਤੇ ਅੱਖਾਂ ਖੋਲ੍ਹਣ ਵਾਲੀ ਗੱਲ ਸਾਹਮਣੇ ਆਈ ਹੈ। ਵਿਸ਼ਿਆਂ ਨੂੰ ਪਹਿਲ ਦੇਣ ਦਾ ਕੰਮ ਸਿਲੇਬਸ ਦੀ ਲਚਕਤਾ, ਨਿਪੁੰਨਤਾ ਵਿੱਚ ਵਾਧੇ ਦੇ ਦਾਇਰੇ - ਭਾਵੇਂ ਉਹ ਸਖਤ ਹੋਵੇ ਜਾਂ ਨਰਮ, ਵਿਦਿਆਰਥੀਆਂ ਨੂੰ ਕੈਂਪਸ ਦੇ ਅੰਦਰ ਆਸਾਨੀ ਨਾਲ ਘੁੰਮਣ ਫਿਰਨ ਦੇ ਮੌਕੇ, ਕੰਮ ਦੇ ਖੇਤਰ ਵਿੱਚ ਇਸ ਦੇ ਲਾਗੂ ਹੋਣ ਅਤੇ ਸਭ ਤੋਂ ਵੱਧ ਇਸ ਵਿੱਚ ਰੋਜ਼ਗਾਰ ਪ੍ਰਦਾਨ ਕਰਨ ਦੀ ਸਮਰੱਥਾ ਉੱਤੇ ਨਿਰਭਰ ਕਰਦਾ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਪੇਸ਼ੇਵਰ ਡਿਗਰੀਆਂ ਹਾਸਲ ਕਰਨ ਦਾ ਇਕ ਜ਼ੋਰਦਾਰ ਰੁਝਾਨ ਨਜ਼ਰ ਆਇਆ ਜਿਸ ਨਾਲ ਇਕ ਜ਼ਹਿਰੀਲਾ ਚੱਕਰ ਜਿਹਾ ਚੱਲ ਪਿਆ। ਨਤੀਜੇ ਵਜੋਂ ਏ ਆਈ ਸੀ ਟੀ ਈ, ਯੂ ਜੀ ਸੀ ਅਤੇ ਹੋਰ ਰੈਗੂਲੇਟਰੀ ਸੰਸਥਾਵਾਂ ਨੂੰ ਹਲਕੀ ਕਿਸਮ ਦੀ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਇਨ੍ਹਾਂ ਵਿਵਸਾਇਕ ਸੰਸਥਾਵਾਂ ਦੀਆਂ ਵੱਡੀਆਂ ਇਮਾਰਤਾਂ ਨੂੰ ਜਬਰੀ ਬੰਦ ਕਰਨਾ ਪਿਆ। ਇਸ ਤੇਜ਼ੀ ਨੂੰ ਇਕ ਕਿਸਮ ਨਾਲ ਸਰਕਾਰ ਦੀ ਪਹਿਲਕਦਮੀ ਉੱਤੇ ਹਵਾ ਮਿਲੀ ਕਿਉਂਕਿ ਸਰਕਾਰ ਦਾ ਟੀਚਾ ਤਕਨੀਕੀ ਅਤੇ ਵਿਵਸਾਇਕ ਵਿੱਦਿਆ ਰਾਹੀਂ ਦੇਸ਼ ਦਾ ਵਿਕਾਸ ਕਰਨਾ ਸੀ ਪਰ ਮਿਆਰੀ ਸਿੱਖਿਆ ਦੀ ਅਣਹੋਂਦ ਕਾਰਨ ਇਸ ਦੇ ਲੋੜੀਂਦੇ ਨਤੀਜੇ ਹਾਸਲ ਨਾ ਹੋ ਸਕੇ। ਦੇਸ਼ ਦਾ ਆਰਥਿਕ ਵਿਕਾਸ ਅੱਜ ਮੁੱਖ ਤੌਰ ਤੇ ਇਸ ਦੇ ਸੇਵਾ ਖੇਤਰ ਉੱਤੇ (66.1 ਪ੍ਰਤਿਸ਼ਤ) ਨਿਰਭਰ ਕਰਦਾ ਹੈ ਇਸ ਦੇ ਲਈ ਵਧੀਆ ਕਿਸਮ ਦੀ ਮੁਹਾਰਤ ਅਤੇ ਤਕਨਾਲੋਜੀ ਖੇਤਰ (9.2 ਪ੍ਰਤਿਸ਼ਤ) ਦੀ ਭਾਈਵਾਲੀ ਦੀ ਲੋੜ ਹੈ। ਇਸ ਦੇ ਲਈ ਜਿਹੜੀ ਨਰਮ ਅਤੇ ਸਖਤ ਮੁਹਾਰਤ ਚਾਹੀਦੀ ਹੈ, ਉਹ ਨੌਜਵਾਨਾਂ ਵਿੱਚ ਨਹੀਂ ਹੈ ਅਤੇ ਉਹ ਆਪਣੇ ਮਾਲਕਾਂ ਦੀ ਤਸੱਲੀ ਨਹੀਂ ਕਰਵਾ ਸਕਦੇ। ਇਹ ਪਚਾਣਾ ਸੁਖਾਲਾ ਨਹੀਂ ਹੈ ਕਿ ਸਿਰਫ ਇਕ ਤਿਹਾਈ ਤੋਂ ਵੀ ਘੱਟ ਭਾਰਤੀ ਇੰਜੀਨੀਅਰਿੰਗ ਗ੍ਰੈਜੂਏਟ ਅਤੇ ਮੁਢਲੇ ਵਿਗਿਆਨਾਂ ਅਤੇ ਹੋਰ ਵਿਸ਼ਿਆਂ ਵਿੱਚੋਂ ਸਿਰਫ 5 ਪ੍ਰਤਿਸ਼ਤ ਵਿਦਿਆਰਥੀ ਹੀ ਰੋਜ਼ਗਾਰ ਹਾਸਲ ਕਰ ਸਕੇ ਹਨ। ਇਸ ਨਾਲ ਵਿੱਦਿਆ ਦੇ ਸਾਡੇ ਦੋ ਪ੍ਰਮੁੱਖ ਖੇਤਰਾਂ ਦੀ ਅਹਿਮੀਅਤ ਘਟੀ ਹੈ।

ਪਹੁੰਚ ਅਤੇ ਪ੍ਰਪੱਕਤਾ ਦੇ ਦੋ ਪ੍ਰਮੁੱਖ ਮੁੱਦਿਆਂ ਤੋਂ ਬਾਅਦ ਤੀਸਰਾ ਮੁੱਦਾ ਵਿੱਦਿਆ ਦਾ ਯੋਗਤਾ ਪਹਿਲੂ ਦਾ ਹੈ। ਸਾਡੇ ਦੇਸ਼ ਵਿੱਚ ਵਿੱਦਿਆ ਦੇ ਘਟੀਆ ਮਿਆਰ ਦਾ ਲਾਭ ਉਠਾਉਂਦੇ ਹੋਏ ਵਿਕਸਤ ਦੇਸ਼ ਮੌਕਾਪ੍ਰਸਤ ਸਿੱਧ ਹੋਏ ਹਨ। ਉਨ੍ਹਾਂ ਨੇ ਭਾਰਤ ਦੀ ਆਰਥਿਕਤਾ ਨੂੰ ਹੀ ਢਾਹ ਨਹੀਂ ਲਗਾਈ ਸਗੋਂ ਦਿਮਾਗਾਂ ਨੂੰ ਵੀ ਢਾਹ ਲਾਈ ਹੈ। ਸਾਲ ਦਰ ਸਾਲ ਵਧੀਆ ਕੁਆਲਿਟੀ ਦੀ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ। ਇਸ ਨੂੰ ਮੌਜੂਦਾ ਵਿੱਦਿਅਕ ਢਾਂਚੇ ਵਿੱਚ ਕੁਝ ਸੋਧਾਂ ਕਰਕੇ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ। ਸਾਡੇ ਪੁਰਾਣੇ ਅਤੇ ਸਭ ਤੋਂ ਵੱਡੇ ਵਿੱਦਿਅਕ ਢਾਂਚੇ ਦੇ ਪੁਨਰਗਠਨ ਲਈ ਥੋੜ੍ਹੀ ਹੋਰ ਖੋਜ ਅਤੇ ਸਿਰਜਣਾਤਮਕਤਾ ਦੀ ਲੋੜ ਹੈ।

ਭਾਰਤ ਦੀ ਮੌਜੂਦਾ ਵਿੱਦਿਅਕ ਪ੍ਰਣਾਲੀ ਅੜਿੱਕਾ ਦੌੜ ਲਗਾਉਣ ਵਿੱਚ ਲੱਗੀ ਹੋਈ ਹੈ ਅਤੇ ਇਸ ਦੇ ਰਾਹ ਵਿੱਚ ਅਣਗਿਣਤ ਰੁਕਾਵਟਾਂ ਹਨ।


## ਕਮੀਆਂ

- ਗੁਣਵੱਤਾ ਦੀ ਅਣਹੋਂਦ ਅਤੇ ਪ੍ਰੇਰਿਤ ਅਧਿਆਪਕਾਂ ਅਤੇ ਸਲਾਹਕਾਰਾਂ ਦੀ ਕਮੀ - ਇਹ ਗੈਰ ਸੰਭਾਵਨਾਪੂਰਨ, ਘੱਟ ਤਨਖ਼ਾਹਾਂ ਵਾਲਾ ਅਤੇ ਬਹੁਤ ਘੱਟ ਮਾਨਤਾ ਪ੍ਰਾਪਤ ਕਿੱਤਾ ਗਿਣਿਆ ਜਾਂਦਾ ਹੈ।

- ਅਮਲੇ ਦੀ ਕਮੀ ਜਾਂ ਐਡਹਾਕਵਾਦ - ਦੇਸ਼ ਵਿੱਚ ਬਹੁਤ ਸਾਰੀਆਂ ਉੱਚ ਸੰਸਥਾਵਾਂ ਵਿੱਚ ਮੁਖੀਆਂ, ਨਿਪੁੰਨ ਸਟਾਫ ਅਤੇ ਤਜਰਬੇਕਾਰ ਖੋਜੀਆਂ ਦੀਆਂ ਕੁਰਸੀਆਂ ਖਾਲੀ ਪਈਆਂ ਹਨ ਅਤੇ ਲਗਭਗ ਇਕ ਤਿਹਾਈ ਅਸਾਮੀਆਂ ਭਰੀਆਂ ਨਹੀਂ ਗਈਆਂ।

- ਫੰਡਾਂ ਦੀ ਕਮੀ, ਖ਼ਾਸ ਤੌਰ ਤੇ ਸੂਬਾਈ ਸੰਸਥਾਵਾਂ ਵਿੱਚ - ਸਭ ਤੋਂ ਵੱਡੀ ਰੁਕਾਵਟ ਇਹ ਹੈ ਕਿ ਸੂਬਾਈ ਸੰਸਥਾਵਾਂ ਵਿੱਚ ਵਿਦਿਆਰਥੀ ਸੰਘੀ ਸੰਸਥਾਵਾਂ ਨਾਲੋਂ ਜ਼ਿਆਦਾ ਗਿਣਤੀ ਵਿੱਚ ਭਰਤੀ ਕਰ ਲਏ ਜਾਂਦੇ ਹਨ।

- ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ ਬਜਟ ਨੂੰ ਬਹੁਤ ਘੱਟ ਪਹਿਲ (3.3 ਪ੍ਰਤਿਸ਼ਤ) ਦਿੱਤੀ ਗਈ ਹੈ ਜਿਸ ਨਾਲ ਦੁਨੀਆਂ ਦਾ ਇਹ ਸਭ ਤੋਂ ਵੱਡਾ ਵਿੱਦਿਅਕ ਢਾਂਚਾ ਇਕ ਖਾਲੀ



ਬਰਤਨ ਬਣ ਗਿਆ ਹੈ ਜੋ ਕਿ ਖੜਕਦਾ ਜ਼ਿਆਦਾ ਹੈ।

- ਦਖ਼ਲਅੰਦਾਜ਼ੀ ਕਰਨ ਵਾਲਾ ਅਤੇ ਦਬਾਅ ਪਾਉਣ ਵਾਲਾ ਨੌਕਰਸ਼ਾਹੀ ਢਾਂਚਾ।
- ਸੀਨੀਅਰ ਵਿੱਦਿਅਕ ਮਾਹਰਾਂ ਅਤੇ ਖੋਜੀਆਂ ਵਿੱਚ ਆਪਣੇ ਸੁਪਨਿਆਂ ਨੂੰ ਲਾਗੂ ਕਰਨ ਦੀ ਅਯੋਗਤਾ।

## ਅਪ੍ਰਚਲਿਤ ਢੰਗ

- ਸਮਾਂ ਵਿਹਾ ਚੁੱਕਾ ਅਤੇ ਸਖਤ ਸਿਲੇਬਸ, ਸਿਲੇਬਸ ਵਿੱਚ ਇਕਸਾਰਤਾ ਨਾ ਹੋਣਾ, ਪੜ੍ਹਾਈ ਦੇ ਰਵਾਇਤੀ ਪੁਰਾਣੇ ਢੰਗਾਂ ਨੇ ਅੱਜ ਦੇ ਨੌਜਵਾਨ ਨੂੰ ਪਿਛਾਂਹ ਖਿੱਚ ਕੇ ਰੱਖਿਆ ਹੈ। ਲੈਬਾਰਟਰੀ ਅਧਾਰਿਤ ਵਿੱਦਿਆ ਬਹੁਤ ਘੱਟ ਹੋਣ, ਖ਼ਾਸ ਤੌਰ ਤੇ ਮੁੱਢਲੇ ਵਿਗਿਆਨਾਂ ਦੇ ਖੇਤਰ ਵਿੱਚ, ਨੇ ਵਿੱਦਿਆ ਨੂੰ ਪੂਰੀ ਤਰ੍ਹਾਂ ਪਿਛਾਂਹ ਖਿੱਚੂ ਬਣਾ ਦਿੱਤਾ ਹੈ ਅਤੇ ਨੌਜਵਾਨ ਅਜਿਹੀ ਵਿੱਦਿਆ ਨੂੰ ਜਾਰੀ ਰੱਖਣ ਵਿੱਚ ਕੋਈ ਦਿਲਚਸਪੀ ਨਹੀਂ ਲੈ ਰਹੇ। ਇਸੇ ਮੁੱਖ ਕਾਰਨ ਕਰਕੇ ਉੱਚ ਵਿੱਦਿਆ ਵਿੱਚ ਜੀ ਈ ਆਰ ਦੀ ਭਾਰੀ ਕਮੀ ਆ ਰਹੀ ਹੈ।
- ਛੱਡੀ ਜਾ ਚੁੱਕੀ ਪਹੁੰਚ – ਵਧੀਆ ਡਿਜ਼ਾਈਨ ਦੇ ਸਿਲੇਬਸ ਨੇ ਅੱਜ ਦੇ ਨੌਜਵਾਨ ਨੂੰ ਸਾਖ਼ਰ ਤਾਂ ਬਣਾ ਦਿੱਤਾ ਹੈ ਪਰ ਪੜ੍ਹਿਆ-ਲਿਖਿਆ ਨਹੀਂ ਬਣਾਇਆ। ਵਿੱਦਿਆ ਪ੍ਰਦਾਨ ਕਰਨ ਦੀ ਅੰਤਰ ਵਿਭਾਗੀ ਪਹੁੰਚ ਦੀ ਕਮੀ ਕਾਰਨ ਉਹ ਪ੍ਰੈਕਟੀਕਲ ਖੇਤਰ ਵਿੱਚ ਆਪਣੇ ਗਿਆਨ ਦਾ ਪ੍ਰਗਟਾਵਾ ਨਹੀਂ ਕਰ ਸਕਦੇ।
- ਉੱਚ ਵਿੱਦਿਆ ਦੇ ਅਦਾਰਿਆਂ ਵਿੱਚ ਸਮਾਨ ਦੀ ਕਮੀ, ਉਨ੍ਹਾਂ ਅਦਾਰਿਆਂ ਨੂੰ ਛੱਡ ਕੇ ਜਿਨ੍ਹਾਂ ਨੂੰ ਕਿ ਸੰਘੀ ਮਦਦ ਮਿਲਦੀ ਹੈ।

## ਸ਼ਮੂਲੀਅਤ ਦੀ ਅਣਹੋਂਦ

- ਮੁਲਾਜ਼ਮ ਅਤੇ ਮਾਲਕ ਦੀ ਸ਼ਮੂਲੀਅਤ ਦੀ ਕਮੀ-ਸਿਲੇਬਸ ਨੂੰ ਡਿਜ਼ਾਈਨ ਕਰਨ ਦੀ ਰਵਾਇਤ ਸਦੀਆਂ ਪੁਰਾਣੀ ਹੈ ਜੋ ਕਿ ਜਾਂ ਤਾਂ ਸੀਨੀਅਰ ਅਕਾਦਮਿਕ ਮਾਹਿਰਾਂ ਵਲੋਂ ਨਿਭਾਈ ਜਾਂਦੀ ਹੈ ਜਾਂ ਫਿਰ ਕਈ ਵਾਰੀ ਉਸ ਅਫ਼ਸਰਸ਼ਾਹੀ ਵਲੋਂ ਵੀ ਨਿਭਾਈ ਜਾਂਦੀ ਹੈ, ਜਿਨ੍ਹਾਂ ਦਾ ਵਿੱਦਿਅਕ ਪ੍ਰਣਾਲੀ ਨਾਲ ਕੋਈ ਸੰਬੰਧ ਨਹੀਂ ਹੁੰਦਾ। ਨਾ ਤਾਂ ਸੱਨਅਤ, ਨਾ ਲੈਬਾਰਟਰੀਆਂ, ਨਾ ਵਪਾਰ, ਨਾ ਵਣਜ ਅਤੇ ਇਥੋਂ ਤੱਕ ਕਿ ਭਾਈਵਾਲਾਂ ਦੀ ਡਿਜ਼ਾਈਨ ਬਣਾਉਣ ਵੇਲੇ ਸਲਾਹ ਲਈ ਜਾਂਦੀ ਹੈ। ਇਸ ਕਾਰਨ ਵਧੇਰੇ ਪੜ੍ਹੇ-ਲਿਖੇ ਬੇਰੋਜ਼ਗਾਰ ਲੋਕ ਵਧ ਰਹੇ ਹਨ ਜੋ ਕਿ ਦੇਸ਼ ਉੱਤੇ ਬੋਝ ਬਣ ਰਹੇ ਹਨ।

ਇਨ੍ਹਾਂ ਸਭ ਉਤਰਾਅ-ਚੜ੍ਹਾਵਾਂ ਦੇ ਬਾਵਜੂਦ ਵਿਗਿਆਨ ਅਤੇ ਤਕਨਾਲੋਜੀ, ਆਰਟਸ ਅਤੇ ਹਿਊਮੈਨਿਟੀਜ਼ ਤਰੱਕੀ ਕਰ ਰਹੇ ਹਨ। ਪ੍ਰਮੁੱਖ ਸੰਸਥਾਵਾਂ ਜਿਵੇਂ ਕਿ ਆਈ ਆਈ ਟੀਜ਼, ਏ ਆਈ ਆਈ ਐੱਮ ਐੱਸ, ਆਈ ਆਈ ਐੱਸ ਈ ਆਰ, ਆਈ ਐੱਮ ਟੈੱਕ, ਆਈ ਆਈ ਐੱਸ ਸੀ, ਆਈ ਆਈ ਐੱਮਜ਼ ਆਦਿ ਆਪਣੇ ਅਮਲੇ ਅਤੇ ਵਿਦਿਆਰਥੀਆਂ ਕਾਰਨ ਵਿਸ਼ਵ ਦੀਆਂ ਉੱਘੀਆਂ ਸੰਸਥਾਵਾਂ ਦੀ ਲਿਸਟ ਵਿੱਚ ਜਗ੍ਹਾ ਨਹੀਂ ਰੱਖਦੀਆਂ। 2002-16 ਤੋਂ ਲੈ ਕੇ ਦੇਸ਼ ਵਿੱਚ ਵਿਗਿਆਨਕ ਪ੍ਰਕਾਸ਼ਨਾਂ ਦੀ ਗਿਣਤੀ ਪੰਜ ਗੁਣਾ ਵਧ ਗਈ ਹੈ। ਅਸੀਂ ਕਈ ਖੇਤਰਾਂ ਜਿਵੇਂ ਕਿ ਪੁਲਾੜ, ਸੰਚਾਰ, ਆਈ ਟੀ ਖੇਤਰ, ਖੋਜ, ਫਾਰਮਾਸਿਊਟੀਕਲਜ਼ ਅਤੇ ਡਾਇਆਗਨੋਸਟਿਕਸ ਆਦਿ ਵਿੱਚ ਦੇਸੀ ਤਕਨਾਲੋਜੀਆਂ ਮਜ਼ਬੂਤ ਪੈਰਾਂ ਨਾਲ ਵਿਕਸਤ ਕਰ ਰਹੇ ਹਾਂ। ਇਸ ਕੰਮ ਵਿੱਚ ਮੁਢਲੇ ਵਿਗਿਆਨ ਇਕ ਅਹਿਮ ਭੂਮਿਕਾ ਨਿਭਾ ਰਹੇ ਹਨ। ਸਰਕਾਰ ਇਸ ਪੁਰਾਣੀ ਪ੍ਰਣਾਲੀ ਨੂੰ ਨਵਿਆਉਣ ਲਈ ਸਰਗਰਮ ਭੂਮਿਕਾ ਨਿਭਾ ਰਹੀ ਹੈ ਤਾਂ ਕਿ ਦੇਸ਼ ਦੇ ਹਰ ਕੋਨੇ ਵਿੱਚ ਮੌਜੂਦ ਨੌਜਵਾਨਾਂ ਨੂੰ ਵਧੀਆ ਨੀਤੀਆਂ, ਸੁਧਾਰਾਂ, ਪਹਿਲਕਦਮੀਆਂ, ਮਿਸ਼ਨਾਂ, ਸਕੀਮਾਂ ਨਾਲ ਤਿਆਰ ਕਰਕੇ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਵੱਖ-ਵੱਖ ਪਹਿਲਕਦਮੀਆਂ ਤਿੰਨ ਪ੍ਰਮੁੱਖ ਕਦਮਾਂ– ਪਹੁੰਚ, ਨਿਆਂ ਅਤੇ ਗੁਣਵੱਤਾ ਉਤੇ ਅਧਾਰਤ ਹਨ। ਇਨ੍ਹਾਂ ਵਿੱਚੋਂ ਵਧੇਰੇ ਮੁਢਲੇ ਵਿਗਿਆਨਾਂ ਅਤੇ ਹਿਊਮੈਨਿਟੀਜ਼ ਦੇ ਵਿਦਿਆਰਥੀਆਂ ਲਈ ਵੀ ਬਰਾਬਰ ਦੇ ਲਾਹੇਵੰਦ ਹਨ। ਇਹ ਦੋਵੇਂ ਵਿਸ਼ੇ ਉੱਚ ਵਿੱਦਿਆ ਦੇ ਇੱਕੋ ਪ੍ਰਣਾਲੀ ਦੇ ਪ੍ਰਮੁੱਖ ਅੰਗ ਹਨ।

***ਵਿੱਦਿਆ ਦਾ ਪ੍ਰਸਾਰ*** – ਸਰਕਾਰ ਵਲੋਂ ਹਰ ਪੱਧਰ ਉੱਤੇ ਨਵੇਂ ਸੰਸਥਾਨ ਕਾਇਮ ਕਰ ਕੇ ਨੌਜਵਾਨਾਂ ਲਈ ਵਿੱਦਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਸੰਸਥਾਨਾਂ ਵਿੱਚ ਆਈ ਆਈ ਟੀਜ਼, ਆਈ ਆਈ ਐੱਮਜ਼, ਆਈ ਆਈ ਆਈ ਟੀਜ਼, ਆਈ ਆਈ ਐੱਸ ਈ ਆਰਜ਼, ਏਮਜ਼, ਕੇਂਦਰੀ ਯੂਨੀਵਰਸਿਟੀਆਂ, ਕਾਲਜ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸੰਸਥਾਵਾਂ ਦੀ ਸਮਰੱਥਾ ਵਧਾਉਣ ਲਈ ਵੀ ਪਹਿਲਕਦਮੀ ਕੀਤੀ ਜਾ ਰਹੀ ਹੈ।

***ਅਕਾਦਮਿਕ ਨੈੱਟਵਰਕਸ ਲਈ ਵਿਸ਼ਵ ਪਹਿਲਕਦਮੀ (ਗਿਆਨ)*** – ਇਸ ਦਾ ਉਦੇਸ਼ ਵਿਗਿਆਨੀਆਂ ਅਤੇ ਉੱਦਮੀਆਂ ਦੇ ਪੂਲ ਦਾ ਅੰਤਰਰਾਸ਼ਟਰੀ ਪੱਧਰ ਉੱਤੇ ਲਾਭ ਉਠਾਉਣਾ ਹੈ ਤਾਂ ਕਿ ਉੱਚ ਵਿੱਦਿਆ ਦੀਆਂ ਸੰਸਥਾਵਾਂ ਨਾਲ ਉਨ੍ਹਾਂ ਦੇ ਸੰਪਰਕ ਨੂੰ ਵਧਾਇਆ ਜਾ ਸਕੇ ਜਿਸ ਨਾਲ ਦੇਸ਼ ਦੇ ਮੌਜੂਦਾ ਅਕਾਦਮਿਕ ਸੋਮਿਆਂ ਦਾ ਪ੍ਰਸਾਰ ਹੋਵੇਗਾ ਅਤੇ ਭਾਰਤ ਦੀ ਵਿਗਿਆਨਕ ਅਤੇ ਤਕਨਾਲੋਜੀਕਲ ਮੁਹਾਰਤ ਵਿਸ਼ਵ ਪੱਧਰ ਦੀ ਬਣੇਗੀ।

***ਨਵੀਆਂ ਖੋਜਾਂ ਅਤੇ ਤਕਨਾਲੋਜੀ ਨੂੰ ਪ੍ਰਭਾਵਿਤ ਕਰਨਾ (ਇੰਪ੍ਰਿੰਟ) ਇੰਡੀਆ*** – ਇਸ ਦਾ ਉਦੇਸ਼ ਪ੍ਰਮੁੱਖ ਸੰਸਥਾਵਾਂ ਵਿੱਚ ਸਮਾਜਿਕ ਸੰਬੰਧਤਾ ਦੇ ਮੁੱਦਿਆਂ ਉੱਤੇ ਸਿੱਧੀ ਖੋਜ ਕਰਵਾਉਣਾ ਹੈ।

***ਉੱਚਤਰ ਆਵਿਸ਼ਕਾਰ ਅਭਿਆਨ (ਯੂ ਏ ਵਾਈ)*** – ਸੱਨਅਤ ਦੀ ਵਿਸ਼ੇਸ਼ ਲੋੜ ਅਧਾਰਤ ਖੋਜ ਨੂੰ ਉਤਸ਼ਾਹਿਤ ਕਰਨ ਲਈ ਇਸ ਨੂੰ ਸ਼ੁਰੂ ਕੀਤਾ ਗਿਆ ਤਾਂ ਕਿ ਭਾਰਤੀ ਸੱਨਅਤ ਦੀ ਵਿਸ਼ਵ ਮੰਡੀ ਵਿੱਚ ਮੁਕਾਬਲੇਬਾਜ਼ੀ ਬਣੀ ਰਹੇ।

***ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐਫ)*** – ਇਹ ਉੱਚ ਵਿੱਦਿਆ ਦੇ ਅਦਾਰਿਆਂ ਦੀ ਸਾਲਾਨਾ ਰੈਂਕਿੰਗ ਲਈ ਬਣਾਇਆ ਗਿਆ ਹੈ ਅਤੇ ਇਹ ਮਿਆਰ ਨੂੰ ਉਤਸ਼ਾਹਿਤ ਕਰਨ ਲਈ ਇਕ ਤਸਦੀਕਸ਼ੁਦਾ ਪੈਮਾਨੇ ਉੱਤੇ ਕੰਮ ਕਰਦਾ ਹੈ।

***ਉੱਚ ਵਿੱਦਿਆ ਫਾਈਨੈਂਸਿੰਗ ਏਜੰਸੀ (ਐੱਚ ਈ ਐਫ ਏ) ਦੀ ਸਥਾਪਨਾ*** – ਇਹ ਪੂੰਜੀਗਤ ਅਸਾਸੇ ਪੈਦਾ ਕਰਨ ਲਈ ਹੈ ਤਾਂ ਕਿ ਉੱਚ ਵਿੱਦਿਆ ਦੀਆਂ ਸੰਸਥਾਵਾਂ ਦੀ ਕਾਇਮੀ ਲਈ ਪ੍ਰਬੰਧ ਹੋ ਸਕਣ।

***ਨੈਸ਼ਨਲ ਅਕੈਡਮਿਕ ਡਿਪਾਜ਼ਿਟਰੀ (ਐੱਨ ਏ ਡੀ)*** – ਇਹ ਡਿਜੀਟਲ ਡਿਪਾਜ਼ਿਟਰੀ ਵਿੱਚ ਅਕਾਦਮਿਕ ਪੁਰਸਕਾਰਾਂ ਨੂੰ ਸੰਭਾਲਣ ਲਈ ਹੈ ਤਾਂ ਕਿ ਉਨ੍ਹਾਂ ਤੱਕ ਆਨਲਾਈਨ ਪਹੁੰਚ ਹੋ ਸਕੇ, ਧੋਖਾਦੇਹੀ ਵਾਲੇ ਢੰਗਾਂ, ਜਿਵੇਂ ਕਿ ਜਾਅਲੀ ਸਰਟੀਫਿਕੇਟ ਅਤੇ ਮਾਰਕ ਸ਼ੀਟਾਂ ਬਣਾਉਣ ਉੱਤੇ

ਰੋਕ ਲੱਗ ਸਕੇ ਅਤੇ ਜਾਇਜ਼ਤਾ ਨੂੰ ਸੁਖਾਲਾ ਬਣਾਇਆ ਜਾ ਸਕੇ।

***ਸਵਯਮ ਪ੍ਰਭਾ*** – ਇਕ ਪ੍ਰਾਜੈਕਟ ਜਿਸ ਰਾਹੀਂ ਉੱਚ ਪੱਧਰੀ ਵਿੱਦਿਅਕ ਪ੍ਰੋਗਰਾਮਾਂ ਨੂੰ 24 ਘੰਟੇ ਦੇ ਅਧਾਰ ਉੱਤੇ 32 ਡੀ ਟੀ ਐੱਚ ਚੈਨਲਾਂ ਰਾਹੀਂ ਟੈਲੀਕਾਸਟ ਕੀਤਾ ਜਾ ਸਕਦਾ ਹੈ।

***ਸਵਯਮ*** – ਵਿਸ਼ਾਲ ਓਪਨ ਆਨਲਾਈਨ ਕੋਰਸਾਂ (ਐੱਮ ਓ ਓ ਸੀ ਐੱਸ) ਦੇ ਆਯੋਜਨ ਦੀ ਮੇਜ਼ਬਾਨੀ ਲਈ ਇਕ ਦੇਸੀ ਪਲੇਟਫਾਰਮ। ਇਸ ਰਾਹੀਂ ਦੂਰ-ਦੁਰਾਡੇ ਬੈਠੇ ਹੋਏ ਵਿਦਿਆਰਥੀਆਂ ਨੂੰ ਵੀ ਸਭ ਵਿਸ਼ਿਆਂ ਅਤੇ ਕੋਰਸਾਂ ਦੀ ਵਧੀਆ ਕਿਸਮ ਦੀ ਵਿੱਦਿਆ ਪ੍ਰਦਾਨ ਕੀਤੀ ਜਾਂਦੀ ਹੈ।

***ਨੈਸ਼ਨਲ ਡਿਜੀਟਲ ਲਾਇਬ੍ਰੇਰੀ*** – ਇਕ ਰਾਸ਼ਟਰੀ ਪੱਧਰ ਦਾ ਖਜ਼ਾਨਾ ਕਾਇਮ ਕਰਨ ਲਈ ਹੈ ਤਾਂ ਕਿ ਗਿਆਨ ਤੱਕ ਪਹੁੰਚ ਆਸਾਨ ਬਣ ਸਕੇ। ਇਹ ਗਿਆਨ ਪੁਸਤਕਾਂ, ਈ-ਲਰਨਿੰਗ ਸਮਾਨ, ਐਨਸਾਈਕਲੋਪੀਡੀਆ, ਰਸਾਲਿਆਂ, ਮੋਨੋਗ੍ਰਾਫਸ, ਰੀਵਿਊਜ਼, ਖੋਜ ਕੰਮਾਂ, ਲੇਖਾਂ ਆਦਿ ਦੇ ਰੂਪ ਵਿੱਚ ਹੈ ਅਤੇ ਇਸ ਦਾ ਲਾਭ ਸਿਖਿਆਰਥੀ, ਪੇਸ਼ੇਵਰ, ਵਿਦਵਾਨ ਅਤੇ ਹੋਰ ਚਾਹਵਾਨ ਲੋਕ ਉਠਾ ਸਕਦੇ ਹਨ।

***ਕੈਂਪਸ ਕੁਨੈਕਟ*** – ਵਾਈ ਫਾਈ ਦੀ ਸਹੂਲਤ ਵਾਲਾ ਕੈਂਪਸ ਜਿਸ ਵਿੱਚ ਕਿ 1-ਜੀ ਬੀ ਪੀ ਐੱਸ ਕੁਨੈਕਟੀਵਿਟੀ ਦਾ ਪ੍ਰਬੰਧ ਯੂਨੀਵਰਸਿਟੀਆਂ ਲਈ ਅਤੇ 10 ਐੱਮ ਬੀ ਪੀ ਐੱਸ ਦੀ ਕੁਨੈਕਟੀਵਿਟੀ ਕਾਲਜਾਂ ਲਈ ਹੈ।

***ਉੱਚ ਵਿੱਦਿਆ ਬਾਰੇ ਸਰਬ ਭਾਰਤੀ ਸਰਵੇ (ਏ ਆਈ ਐੱਸ ਐੱਚ ਈ)*** – ਇਸ ਵਿੱਚ ਦੇਸ਼ ਭਰ ਦੀਆਂ ਉੱਚ ਵਿੱਦਿਅਕ ਸੰਸਥਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਕਿ ਨੀਤੀ ਸੰਬੰਧੀ ਫੈਸਲਿਆਂ ਅਤੇ ਖੋਜ ਬਾਰੇ ਪਤਾ ਲੱਗ ਸਕੇ।

***ਡਿਜ਼ਾਈਨ ਦੀ ਖੋਜ ਲਈ ਰਾਸ਼ਟਰੀ ਪਹਿਲਕਦਮੀ*** – ਇਸ ਦਾ ਉਦੇਸ਼ ਡਿਜ਼ਾਈਨ ਵਿੱਦਿਆ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਕੋਰਸਵੇਅਰ ਨੂੰ ਇੰਟਰਨੈੱਟ ਰਾਹੀਂ ਮੁਫਤ ਸ਼ੇਅਰ ਕੀਤਾ ਜਾ ਸਕਦਾ ਹੈ।


***ਡਾਕਟਰੇਟ ਤੋਂ ਬਾਅਦ ਦੇ ਫੈਲੋਸ਼ਿਪ*** – ਸਾਇੰਸਿਜ਼ ਅਤੇ ਹਿਊਮੈਨਟੀਜ਼ ਵਿੱਚ ਉੱਭਰ ਰਹੇ ਨੌਜਵਾਨ ਖੋਜੀਆਂ ਨੂੰ ਅਕਾਦਮਿਕ/ਰਿਸਰਚ ਕੰਮ ਸ਼ੁਰੂ ਕਰਨ ਲਈ ਪ੍ਰਦਾਨ ਕੀਤੇ ਜਾਂਦੇ ਹਨ। ਇਸ ਵਿੱਚ ਨਵੇਂ ਹੁਨਰ ਸਿੱਖਣ, ਖੋਜ ਦਾ ਦਾਇਰਾ ਵਧਾਉਣ ਆਦਿ ਦਾ ਪ੍ਰਬੰਧ ਹੈ।

***ਯੂ ਜੀ ਸੀ – ਬੀ ਐੱਸ ਆਰ ਫੈਕਲਟੀ ਫੈਲੋਸ਼ਿਪ ਪ੍ਰੋਗਰਾਮ*** – ਇਹ ਪ੍ਰੋਗਰਾਮ ਯੂਨੀਵਰਸਿਟੀਆਂ ਵਿੱਚ ਬੇਸਿਕ ਵਿਗਿਆਨ ਖੋਜ ਨੂੰ ਮਜ਼ਬੂਤ ਕਰਨ ਲਈ ਹੈ ਤਾਂ ਕਿ ਰਿਟਾਇਰਮੈਂਟ ਨੇੜੇ ਪਹੁੰਚਣ ਵਾਲੇ ਮਾਹਿਰ ਵਿਗਿਆਨ ਅਤੇ ਤਕਨਾਲੋਜੀ ਅਧਿਆਪਕ ਆਪਣੀ ਦੇਣ ਦੇਣਾ ਜਾਰੀ ਰੱਖ ਸਕਣ।

***ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਵਿਗਿਆਨ ਅਧਾਰਿਤ ਉੱਚ ਵਿੱਦਿਆ ਅਤੇ ਖੋਜ ਨੂੰ ਮਜ਼ਬੂਤ ਕਰਨ ਦੀ ਸਕੀਮ*** – ਇਸ ਦਾ ਉਦੇਸ਼ ਉੱਚ ਵਿੱਦਿਆ ਦੇ ਖੇਤਰ ਵਿੱਚ ਖੋਜ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰ ਕੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ।

***ਸਕਿੱਲ ਇੰਡੀਆ*** – ਸਾਡੇ ਪ੍ਰਧਾਨ ਮੰਤਰੀ ਵਲੋਂ ਮੁੱਖ ਤੌਰ ਤੇ ਬੇਰੋਜ਼ਗਾਰ ਨੌਜਵਾਨਾਂ, ਸੀਮਾਂਤੀ ਔਰਤਾਂ ਅਤੇ ਦਿਹਾਤੀ ਭਾਈਚਾਰੇ ਨੂੰ ਢੁਕਵੀਂ ਮੁਹਾਰਤ ਹਾਸਲ ਕਰਨ ਲਈ ਇਹ ਮੌਕਾ ਦਿੱਤਾ ਗਿਆ ਹੈ ਤਾਂ ਕਿ ਉਹ ਆਪਣੇ ਲਈ ਰੋਜ਼ਗਾਰ ਦੇ ਮੌਕਿਆਂ ਦੀ ਭਾਲ ਕਰ ਸਕਣ ਅਤੇ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਕੇ ਜੀਵਨ ਪੱਧਰ ਉੱਚਾ ਚੁੱਕ ਸਕਣ।

***ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ (ਰੂਸਾ)*** – ਭਾਵੇਂ ਕਿ ਵਿੱਦਿਆ ਸੂਬਿਆਂ ਦੀ ਜ਼ਿੰਮੇਵਾਰੀ ਹੈ ਪਰ ਸੂਬਿਆਂ ਦੇ ਵਿੱਦਿਅਕ ਢਾਂਚੇ ਦੇ ਮਿਆਰ ਵਿੱਚ ਸੁਧਾਰ ਲਈ ਰੂਸਾ ਅਧੀਨ ਕੇਂਦਰ ਵਲੋਂ ਸੰਥਿਆਂ ਨੂੰ ਪੈਸਾ ਦਿੱਤਾ ਜਾਂਦਾ ਹੈ ਤਾਂ ਕਿ ਕਾਰਗੁਜ਼ਾਰੀ ਅਧਾਰਿਤ ਵਿੱਦਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ।




***ਪੰਸਦ ਅਧਾਰਿਤ ਕ੍ਰੈਡਿਟ ਸਿਸਟਮ (ਸੀ ਬੀ ਸੀ ਐੱਸ)*** – ਕੋਰਸ, ਜੋ ਕਿ ਵਿਦਿਆਰਥੀ ਕੇਂਦ੍ਰਿਤ ਬਣਦੇ ਜਾ ਰਹੇ ਹਨ, ਨੂੰ ਮੁੜ ਡਿਜ਼ਾਈਨ ਕਰਨ ਲਈ ਇਕ ਸ਼ਾਨਦਾਰ ਪਹੁੰਚ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਰਾਹੀਂ ਅੰਤਰ-ਵਿਸ਼ਾ ਵਾਲੇ ਵਿਦਿਆਰਥੀਆਂ ਨੂੰ ਰਾਜ ਦੇ ਅੰਦਰ, ਦੇਸ਼ ਦੇ ਅੰਦਰ ਜਾਂ ਵਿਸ਼ਵ ਵਿੱਚ ਵਿੱਦਿਅਕ ਪ੍ਰਣਾਲੀ ਦੇ ਅਧਿਐਨ ਲਈ ਕਾਫੀ ਮੌਕੇ ਪ੍ਰਦਾਨ ਕੀਤੇ ਜਾਣਗੇ।

ਇਸ ਲਈ ਇਸ ਤਰ੍ਹਾਂ ਲੱਗਦਾ ਹੈ ਕਿ ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਵਿੱਦਿਅਕ ਪ੍ਰਣਾਲੀ, ਖ਼ਾਸ ਤੌਰ ਤੇ ਆਰਟਸ, ਹਿਊਮੈਨਟੀਜ਼ ਅਤੇ ਮੁਢਲੇ ਵਿਗਿਆਨਾਂ ਵਿੱਚ ਗਿਣੇ ਮਿੱਥੇ ਸੁਧਾਰਾਂ ਦੀ ਲੋੜ ਹੈ। ਇਕ ਵਿਕਾਸਸ਼ੀਲ ਦੇਸ਼ ਦੇ ਸੀਮਤ ਸੋਮਿਆਂ ਦੇ ਅੰਦਰ ਮੌਜੂਦਾ ਪ੍ਰਣਾਲੀਆਂ ਅਤੇ ਨਵੀਆਂ ਨੀਤੀਆਂ ਦਾ ਮਿਸ਼ਰਣ ਕਮਾਲ ਕਰ ਸਕਦਾ ਹੈ। ਚਾਰ ਦਿਸ਼ਾਵੀ ਹਾਂ-ਪੱਖੀ ਪਹੁੰਚ – ਵਿਦਿਆਰਥੀ ਕੇਂਦਰਿਤ ਵਿੱਦਿਅਕ ਪ੍ਰਣਾਲੀਆਂ (ਸੀ ਬੀ ਸੀ ਐੱਸ), ਮਾਲਕ ਦੀਆਂ ਲੋੜਾਂ ਅਨੁਸਾਰ ਕੋਰਸ (ਐੱਨ ਬੀ ਸੀ ਐੱਸ), ਸਰਕਾਰ ਵਲੋਂ ਆਪਣੀਆਂ ਨੀਤੀਆਂ ਅਤੇ ਮਿਸ਼ਨਾਂ ਰਾਹੀਂ ਸਹਾਇਤਾ ਲਈ ਹੱਥ ਅੱਗੇ ਵਧਾਉਣ ਅਤੇ ਅਜਿਹੇ ਸਿੱਖਿਅਤ ਅਤੇ ਯੋਗ ਨੌਜਵਾਨਾਂ ਨੂੰ ਸਮਾਜ ਵਲੋਂ ਪ੍ਰਵਾਨ ਕਰਨ ਅਤੇ ਮਾਨਤਾ ਦੇਣ ਨਾਲ ਨੌਜਵਾਨਾਂ ਅਤੇ ਦੇਸ਼ ਦੋਹਾਂ ਨੂੰ ਤਾਕਤ ਮਿਲ ਸਕਦੀ ਹੈ। ਆਪਣੀ ਪੂਰੀ ਸਿਆਣਪ ਨਾਲ, ਅਸੀਂ ਅੰਤ ਵਿੱਚ ਕਹਿੰਦੇ ਹਾਂ ਕਿ ਭਾਰਤੀ ਨੌਜਵਾਨਾਂ ਨੂੰ ਤਾਕਤ ਪ੍ਰਦਾਨ ਕਰਨ ਲਈ ਇਕ ਚਹੁੰ-ਪੱਖੀ ਨੀਤੀ ਵਾਲਾ ਮਾਡਲ ਅਪਣਾਉਣ ਦੀ ਲੋੜ ਹੈ।

*(ਰਾਕੇਸ਼ ਵੱਤਸ ਤਕਨੀਕੀ ਅਧਿਆਪਕ ਸਿਖਲਾਈ ਅਤੇ ਖੋਜ ਬਾਰੇ ਸੰਸਥਾ ਚੰਡੀਗੜ੍ਹ ਦੇ ਮੀਡੀਆ ਸੈਂਟਰ ਅਤੇ ਸਿੱਖਿਆ ਕੇਂਦਰ ਵਿੱਚ ਪ੍ਰੋਫੈਸਰ ਅਤੇ ਮੁਖੀ ਹਨ ਮੀਨੂ ਵਤਸ ਡੀ ਏ ਬੀ ਕਾਲਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਸਹਾਇਕ ਪ੍ਰੋਫੈਸਰ ਹਨ)*

*e-mail :rakeshkwats@gmail.com*

# ਬਗਾਵਤ ਝੱਲ ਰਹੇ ਇਲਾਕੇ : ਨੌਜਵਾਨਾਂ ਲਈ ਤਰਜੀਹਾਂ

ਰਵੀ ਪੋਖਰਨਾ

ਪੰਜਾਹ ਸਾਲ ਪਹਿਲਾਂ, 18 ਮਈ 1967 ਦੇ ਫੈਸਲਾਕੁਨ ਦਿਨ, ਪੱਛਮੀ ਬੰਗਾਲ ਵਿੱਚ ਸਿਲੀਗੁੜੀ ਦੀ ਕਿਸਾਨ ਸਭਾ ਨੇ ਪਿੰਡ ਦੇ ਕੁੱਝ ਨਕਸਲੀਵਾੜੀਆਂ ਨੂੰ ਮਦਦ ਦਾ ਐਲਾਨ ਕਰ ਦਿੱਤਾ ਜਿਨ੍ਹਾਂ ਨੇ ਭੂਮੀਹੀਣ ਕਿਸਾਨਾਂ ਨੂੰ ਭੂਮੀ ਦੀ ਵੰਡ ਲਈ ਹਥਿਆਰ ਚੁੱਕਣ ਦੀ ਸਲਾਹ ਦਿੱਤੀ ਸੀ। ਨਕਸਲਵਾੜੀ ਲਹਿਰ, ਜਿਸ ਨਾਮ ਨਾਲ ਇਹ ਅੱਜ ਜਾਣੀ ਜਾਂਦੀ ਹੈ, ਇਨ੍ਹਾਂ ਸਾਲਾਂ ਵਿੱਚ, ਭੂਗੋਲਿਕ ਤੌਰ ਤੇ ਵੱਡੇ ਖੇਤਰ ਵਿੱਚ, ਹੋਰ ਰਾਜਾਂ ਵਿੱਚ ਫੈਲ ਗਈ ਅਤੇ ਆਪਣੀ ਹਰ ਹਥਿਆਰਬੰਦ ਕਾਰਗੁਜ਼ਾਰੀ ਨਾਲ ਜ਼ੁਲਮ ਅਤੇ ਤਸ਼ੱਦਦ ਦੀਆਂ ਹੱਦਾਂ ਪਾਰ ਕਰਦੀ ਗਈ।

ਇਹ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਅਜਿਹੇ ਬਗਾਵਤਕੁਨ ਖੇਤਰਾਂ ਵਿੱਚ ਰਹਿ ਰਹੇ ਨੌਜਵਾਨ ਦੁਰਬਲਤਾ ਝੱਲਣ ਯੋਗ ਹਾਲਤਾਂ ਵਿੱਚੋਂ ਲੰਘ ਰਹੇ ਹਨ। ਇਸ ਨੂੰ ਮਹਿਸੂਸ ਕਰਦੇ ਹੋਏ, ਭਾਰਤ ਸਰਕਾਰ ਅਜਿਹੇ ਖੇਤਰਾਂ ਵਿੱਚ ਵਿਕਾਸ ਯੋਜਨਾਵਾਂ ਦੀ ਵਿਉਂਤਬੰਦੀ ਅਤੇ ਉਨ੍ਹਾਂ ਦੇ ਲਾਗੂ ਕਰਨ ਉਪਰ ਵਿਸ਼ੇਸ਼ ਜ਼ੋਰ ਦੇ ਰਹੀ ਹੈ। ਸੀ ਪੀ ਆਈ ਮਾਓਵਾਦੀ ਦੇ ਖੱਬੇ ਪੱਖੀ ਅੱਤਵਾਦ ਨੂੰ ਮੁੱਖ ਤੌਰ ਤੇ ਝੱਲ ਰਹੇ 34 ਜ਼ਿਲ੍ਹਿਆਂ ਤੋਂ ਇਲਾਵਾ, ਅੱਤਵਾਦ ਉੱਤਰ-ਪੂਰਬੀ ਭਾਰਤ ਦੇ ਕੁੱਝ ਖੇਤਰਾਂ ਅਤੇ ਜੰਮੂ-ਕਸ਼ਮੀਰ ਵਿੱਚ ਫੈਲ ਰਿਹਾ ਹੈ। ਇਨ੍ਹਾਂ ਤਿੰਨ ਅੱਤਵਾਦ ਪ੍ਰਭਾਵਤ ਖੇਤਰਾਂ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਬਾਰੇ ਇਸ ਲੇਖ ਵਿੱਚ ਜਾਣਕਾਰੀ ਦਿੱਤੀ ਗਈ ਹੈ।

## ਨੌਜਵਾਨਾਂ ਲਈ ਸੀ ਪੀ ਆਈ ਮਾਓਵਾਦੀ ਅੱਤਵਾਦ ਪ੍ਰਭਾਵਤ 'ਲਾਲ ਗਲਿਆਰੇ' ਵਿੱਚ ਸਰਕਾਰੀ ਸਕੀਮਾਂ।

ਭਾਵੇਂ ਸਰਕਾਰ ਨੇ ਨਕਸਲ ਸਮੱਸਿਆ ਦੀ ਗੰਭੀਰਤਾ ਬਾਰੇ ਬਹੁਤ ਪਹਿਲਾਂ ਪਛਾਣ ਕਰ ਲਈ ਸੀ, ਪਰ 2009 ਵਿੱਚ ਹੀ ਗ੍ਰਹਿ ਮੰਤਰਾਲੇ ਦੇ ਹਿੱਸੇ ਵਜੋਂ ਇਕ ਖੱਬੇ ਪੱਖੀ ਅੱਤਵਾਦ ਵਿਭਾਗ ਸਥਾਪਤ ਕੀਤਾ ਗਿਆ ਸੀ ਤਾਂ ਕਿ ਖੱਬੇ ਪੱਖੀ ਅੱਤਵਾਦ ਉਪਰ ਸਮੁੱਚੇ ਤੌਰ ਤੇ ਕਾਬੂ ਪਾਇਆ ਜਾ ਸਕੇ। ਇਸ ਵਿਭਾਗ ਦੀ ਜ਼ਿੰਮੇਵਾਰੀ, ਇਨ੍ਹਾਂ ਖੇਤਰਾਂ ਵਿੱਚ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਦੇ ਵਿਭਾਗਾਂ ਨਾਲ ਉਨ੍ਹਾਂ ਵਲੋਂ ਚਲਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਪਹਿਲਾਂ ਬਾਰੇ ਤਾਲਮੇਲ ਰੱਖਣ ਦੀ ਵੀ ਸੀ। ਉਸ ਤੋਂ ਬਾਅਦ, ਪਿਛਲੇ ਕੁੱਝ ਸਾਲਾਂ ਵਿੱਚ, ਵਧੇਰੇ ਏਕੀਕ੍ਰਿਤ, ਫੈਸਲਾਕੁਨ ਅਤੇ ਦ੍ਰਿੜ੍ਹ ਨਿਸ਼ਚੇ ਵਾਲੀ ਰਣਨੀਤੀ, ਇਸ ਸਮੱਸਿਆ ਨਾਲ ਨਜਿੱਠਣ ਲਈ ਉੱਭਰ ਕੇ ਆਈ ਹੈ। ਨਵੀਂ ਏਕੀਕ੍ਰਿਤ ਕਾਰਜ ਯੋਜਨਾ ਅਨੁਸਾਰ, ਸਰਕਾਰ ਦੀ ਆਦਿਵਾਸੀਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਯੋਜਨਾ ਹੈ ਅਤੇ ਇਸ ਦੇ ਨਾਲ-ਨਾਲ ਅੱਤਵਾਦ ਉਪਰ ਕਠੋਰਤਾ ਨਾਲ ਠੱਲ੍ਹ ਪਾਉਣ ਦੀ ਯੋਜਨਾ ਹੈ। ਸਰਕਾਰ ਨੇ ਖੱਬੇ ਪੱਖੀ ਅੱਤਵਾਦ ਖਿਲਾਫ ਲੜਾਈ ਵਿਚ 'ਛੋਟੇ-ਛੋਟੇ ਟੀਚੇ' ਹਾਸਲ ਕਰਨ ਦਾ ਫੈਸਲਾ ਕੀਤਾ ਹੈ। ਵਿਕਾਸ ਦੀ ਜ਼ਿਲ੍ਹਾ ਅਧਾਰਤ ਪਹੁੰਚ ਨੂੰ ਬਲਾਕ ਪੱਧਰ ਦੀ ਵਿਕਾਸ ਯੋਜਨਾਬੰਦੀ ਨਾਲ ਬਦਲ ਦਿੱਤਾ ਗਿਆ ਹੈ। ਨਕਸਲ ਪ੍ਰਭਾਵਤ ਖੇਤਰਾਂ ਵਿੱਚ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ, ਪ੍ਰਧਾਨ ਮੰਤਰੀ ਨੇ ਮਾਓਵਾਦੀ ਗੜ੍ਹ ਦੰਤੇਵਾੜਾ ਦਾ ਦੌਰਾ ਕੀਤਾ। ਇਥੇ 24000 ਕਰੋੜ ਰੁਪਏ ਦੇ ਵਿਕਾਸ ਪ੍ਰਜੈਕਟਾਂ ਨੂੰ ਆਰੰਭ ਕਰਦੇ ਹੋਏ, ਮੋਦੀ ਜੀ ਨੇ ਕਿਹਾ, "ਮੋਢੇ ਉਤੇ ਬੰਦੂਕਾਂ ਨਹੀਂ ਸਿਰਫ ਹਲ ਹੀ ਵਿਕਾਸ ਲਿਆ ਸਕਦਾ ਹੈ। ਇਸ ਨਾਲ ਦੇਸ਼ ਦਾ ਹਰ ਵਾਸੀ ਮੁੱਖ ਧਾਰਾ ਨਾਲ ਜੁੜ ਜਾਵੇਗਾ। ਹਿੰਸਾ ਦਾ ਕੋਈ ਭਵਿੱਖ ਨਹੀਂ ਹੈ। ਭਵਿੱਖ ਸਿਰਫ ਸ਼ਾਂਤੀਪੂਰਨ ਤਰੀਕਿਆਂ ਦਾ ਹੈ।"

ਇਸ ਬਿਆਨ ਉਪਰ ਕਾਇਮ ਰਹਿੰਦੇ ਹੋਏ, ਸਰਕਾਰ ਨੇ ਖੱਬੇ ਪੱਖੀ ਅੱਤਵਾਦੀ ਖੇਤਰਾਂ ਵਿੱਚ ਨੌਜਵਾਨਾਂ ਲਈ ਕਈ ਕਦਮ ਉਠਾਏ ਹਨ।

ਖੱਬੇ ਪੱਖੀ ਅੱਤਵਾਦੀ ਖੇਤਰਾਂ ਵਿੱਚ, ਸਰਕਾਰ ਨੇ ਸਿੱਖਿਆ ਅਤੇ ਹੁਨਰ ਵਿਕਾਸ ਖੇਤਰਾਂ ਵਿੱਚ ਨੌਜਵਾਨਾਂ ਲਈ ਬਹੁਤ ਸਾਰੇ ਪ੍ਰੋਗਰਾਮ ਚਲਾਏ ਹਨ। ਇਕ ਪਾਸੇ, ਸਰਕਾਰ ਨੇ ਪਹਿਲਾਂ ਤੋਂ ਚਲ ਰਹੀਆਂ ਸਕੀਮਾਂ ਨੂੰ ਇਨ੍ਹਾਂ ਖੇਤਰਾਂ ਵਿੱਚ ਪਹਿਲ ਉਤੇ ਲਾਗੂ ਕਰਨ ਦਾ ਬੀੜਾ ਚੁੱਕਿਆ ਹੈ ਅਤੇ ਦੂਜੇ ਪਾਸੇ, ਉਨ੍ਹਾਂ ਨੂੰ ਵਿਸ਼ੇਸ਼ ਲੋੜਾਂ ਦੀ ਪੂਰਤੀ ਲਈ ਕਈ ਨਵੇਂ-ਨਵੇਂ ਤਰੀਕੇ ਅਤੇ ਦਖ਼ਲਅੰਦਾਜ਼ੀਆਂ ਸ਼ੁਰੂ ਕੀਤੀਆਂ ਹਨ। ਕਿਉਂਕਿ ਅੱਤਵਾਦੀਆਂ ਵਲੋਂ ਬਿਨਾਂ ਪੜ੍ਹੇ-ਲਿਖੇ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਆਪਣੀਆਂ ਸਫ਼ਾਂ ਵਿੱਚ ਸ਼ਾਮਲ ਹੋਣ ਲਈ ਅਸਾਨੀ ਨਾਲ ਤਿਆਰ ਕਰ ਲਿਆ ਜਾਂਦਾ ਹੈ, ਇਸ ਲਈ ਸਰਕਾਰ ਨੇ ਇਸ ਖੇਤਰ ਦੇ ਨੌਜਵਾਨਾਂ ਦੀ ਸਿੱਖਿਆ ਲਈ ਇਕ ਸਮੁੱਚਿਤ ਯੋਜਨਾ ਤਿਆਰ ਕੀਤੀ ਹੈ। ਸਰਵ ਸਿੱਖਿਆ ਅਭਿਆਨ ਹੇਠ ਸਭ ਬੱਚਿਆਂ ਨੂੰ ਰਿਹਾਇਸ਼ੀ ਸਿੱਖਿਆ ਸਹੂਲਤ ਮੁਹੱਈਆ ਕੀਤੀ ਜਾਂਦੀ ਹੈ। ਲੜਕੀਆਂ ਲਈ, ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ, ਹਰ ਕਿਸੇ ਦੀ ਪਹੁੰਚ ਵਾਲੀ ਉੱਤਮ ਕਿਸਮ ਦੀ ਬੁਨਿਆਦੀ ਸਿੱਖਿਆ ਦਿੰਦੇ ਹਨ। ਸੈਕੰਡਰੀ ਸਿੱਖਿਆ ਰਾਸ਼ਟਰੀ ਮਾਧਿਅਮਕ ਸਿੱਖਿਆ ਅਭਿਆਨ ਰਾਹੀਂ ਯਕੀਨੀ ਬਣਾਈ ਜਾਂਦੀ ਹੈ। ਬਹੁਤ ਸਾਰੇ ਕੇਂਦਰੀ ਵਿਦਿਆਲੇ ਅਤੇ ਨਵੋਦਿਆ ਸਕੂਲ ਖੋਲ੍ਹੇ ਜਾ ਰਹੇ ਹਨ।

ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਅਧੀਨ, ਹੁਨਰ ਵਿਕਾਸ ਮੰਤਰਾਲਾ, 34 ਖੱਬੇ ਪੱਖੀ ਅੱਤਵਾਦ ਪ੍ਰਭਾਵਤ ਜ਼ਿਲ੍ਹਿਆਂ ਵਿੱਚ, ਹਰ ਇਕ ਵਿੱਚ 160 ਨੌਜਵਾਨਾਂ ਨੂੰ ਹੁਨਰ ਵਿਕਾਸ ਸਿਖਲਾਈ

ਦੇ ਰਿਹਾ ਹੈ। ਰਾਜ ਸਰਕਾਰਾਂ ਵੀ ਨੌਜਵਾਨਾਂ ਲਈ ਸਕਾਰਾਤਮਕ ਵਾਤਾਵਰਨ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕਾਰਗਰ ਭੂਮਿਕਾ ਨਿਭਾ ਰਹੀਆਂ ਹਨ। ਇਨ੍ਹਾਂ ਖੇਤਰਾਂ ਵਿੱਚ, ਛੱਤੀਸਗੜ੍ਹ ਸਰਕਾਰ ਨੇ ਰੋਜ਼ੀ ਕਾਲਜ ਖੋਲ੍ਹੇ ਹਨ। ਇਸ ਦੇ ਨਾਲ-ਨਾਲ ਸਰਕਾਰ, ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਲਈ ਆਪਣੇ ਸੰਸਥਾਨ 'ਪਰਿਆਸ' ਰਾਹੀਂ ਤਿਆਰ ਕਰ ਰਹੀ ਹੈ। ਬਸਤਰ ਖੇਤਰ ਵਿੱਚ, ਜਿਸ ਦੇ ਪੰਜ ਦੇ ਪੰਜੇ ਜ਼ਿਲ੍ਹੇ, ਖੱਬੇ ਪੱਖੀ ਅੱਤਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਸਾਲ 2016 ਵਿੱਚ 27 ਵਿਦਿਆਰਥੀ ਆਈ ਆਈ ਟੀ ਦੀ ਪੜ੍ਹਾਈ ਲਈ ਚੁਣੇ ਗਏ ਸਨ। ਨੌਂ ਰਾਜਾਂ ਦੇ ਸਾਰੇ 34 ਖੱਬੇ ਪੱਖੀ ਅੱਤਵਾਦ ਪ੍ਰਭਾਵਤ ਜ਼ਿਲ੍ਹਿਆਂ ਵਿੱਚ, ਹੁਨਰ ਵਿਕਾਸ ਅਤੇ ਉੱਦਮ ਮੰਤਰਾਲੇ ਵਿੱਚ ਹੁਨਰ ਵਿਕਾਸ ਸਕੀਮ ਅਧੀਨ, ਹਰ ਇਕ ਜ਼ਿਲ੍ਹੇ ਵਿੱਚ, ਇਕ ਆਈ ਟੀ ਆਈ ਅਤੇ ਦੋ ਹੁਨਰ ਵਿਕਾਸ ਕੇਂਦਰ ਖੋਲ੍ਹਣ ਉਪਰ ਕੰਮ ਜਾਰੀ ਹੈ।

ਝਾਰਖੰਡ ਪੁਲਿਸ ਨੇ, ਰਾਜ ਦੇ ਖੱਬੇ ਪੱਖੀ ਅੱਤਵਾਦ ਪ੍ਰਭਾਵਤ ਪਲਾਮੂ ਖੇਤਰ ਵਿੱਚ ਬੱਚਿਆਂ ਲਈ ਇਕ ਅਦੁੱਤੀ ਯੋਜਨਾ ਸ਼ੁਰੂ ਕੀਤੀ ਹੈ। ਇਸ ਪਹਿਲ ਅਧੀਨ, ਜਿਸ ਦਾ ਨਾਮ ਹੈ 'ਤਾਰੇ ਜ਼ਮੀਨ ਪਰ' ਪੁਲਿਸ ਮੁਲਾਜ਼ਮ ਪਲਾਮੂ ਜ਼ਿਲ੍ਹੇ ਦੇ ਹੈੱਡਕੁਆਟਰ ਦਲਤੌਨਗੰਜ ਤੋਂ ਲੋਕਾਂ ਕੋਲੋਂ ਬੱਚਿਆਂ ਲਈ ਕਿਤਾਬਾਂ, ਕਾਪੀਆਂ, ਕੱਪੜੇ, ਬੈਗ, ਜੁੱਤੇ ਆਦਿ ਜਿਹੀਆਂ ਵਸਤਾਂ ਇਕੱਠੀਆਂ ਕਰਦੇ ਹਨ। ਪੁਲਿਸ ਇਨ੍ਹਾਂ ਵਸਤੂਆਂ ਨੂੰ ਘੱਟ ਸਾਧਨ ਸਪੰਨ ਪਰਿਵਾਰਾਂ ਦੇ ਬੱਚਿਆਂ ਵਿੱਚ ਵੰਡ ਦਿੰਦੀ ਹੈ।

ਕੇਂਦਰ ਅਤੇ ਰਾਜ ਸਰਕਾਰਾਂ ਇਹ ਭਲੀਭਾਂਤੀ ਜਾਣਦੀਆਂ ਹਨ ਕਿ ਸਿੱਖਿਆ ਦੇ ਨਾਲ-ਨਾਲ ਹੁਨਰ ਦੀ ਸਿਖਲਾਈ ਲੈ ਕੇ ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੀ ਸਹੂਲਤ ਪ੍ਰਾਪਤ ਹੋਣ ਨਾਲ ਹੀ, ਇਨ੍ਹਾਂ ਖੇਤਰਾਂ ਦੇ ਬੱਚਿਆਂ ਨੂੰ ਹਿੰਸਕ ਕਾਰਵਾਈਆਂ ਵਿੱਚ ਹਿੱਸਾ ਲੈਣ ਤੋਂ ਰੋਕਿਆ ਜਾ ਸਕਦਾ ਹੈ। ਇਸ ਤਰ੍ਹਾਂ ਇਸ ਯੋਜਨਾ ਨੂੰ ਬਹੁਤ ਸੰਜੀਦਗੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

## ਉੱਤਰ ਪੂਰਬ ਵਿੱਚ ਅੱਤਵਾਦ ਪ੍ਰਭਾਵਤ ਨੌਜਵਾਨਾਂ ਲਈ ਸਰਕਾਰੀ ਸਕੀਮਾਂ

ਉੱਤਰ ਪੂਰਬੀ ਖੇਤਰ, ਭਾਰਤ ਵਿੱਚ ਭੂਗੋਲਿਕ ਤੌਰ ਤੇ ਬਹੁਤ ਅਹਿਮ ਭੂਮੀ ਹੈ। ਪਰ ਬਦਕਿਸਮਤੀ ਨਾਲ, ਇਹ ਖੇਤਰ ਬਗਾਵਤ, ਅਸਥਿਰਤਾ ਅਤੇ ਸਮਾਜਕ ਅਸ਼ਾਂਤੀ ਨਾਲ, ਭਾਰਤ ਦੀ ਆਜ਼ਾਦੀ ਵੇਲੇ ਤੋਂ ਹੀ ਗ੍ਰਸਤ ਹੈ। ਇਸ ਪਛੋਕੜ ਵਿੱਚ, ਸਰਕਾਰ ਨੇ ਕਈ ਪਹਿਲਾਂ ਕੀਤੀਆਂ ਹਨ, ਖ਼ਾਸ ਤੌਰ ਤੇ ਉੱਤਰ ਪੂਰਬ ਦੇ ਗੜਬੜ ਵਾਲੇ ਖੇਤਰਾਂ ਵਿੱਚ ਨੌਜਵਾਨਾਂ ਲਈ। ਉੱਤਰ ਪੂਰਬੀ ਖੇਤਰ ਵਿਕਾਸ ਮੰਤਰਾਲਾ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੀਆਂ ਉੱਤਰ ਪੂਰਬ ਲਈ ਪਹਿਲਾਂ ਵਿੱਚ ਤਾਲਮੇਲ ਨਾਲ ਕੰਮ ਕਰ ਰਿਹਾ ਹੈ।

ਹੁਨਰ ਵਿਕਾਸ ਮੰਤਰਾਲੇ ਨੇ, ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਕੁੱਝ ਉੱਤਰ ਪੂਰਬੀ ਰਾਜਾਂ ਵਿੱਚ ਉਦਯੋਗਿਕ ਨੁਮਾਇੰਦਿਆਂ ਦੀ ਸ਼ਮੂਲੀਅਤ ਵਾਲੀਆਂ ਸਟੀਅਰਿੰਗ ਕਮੇਟੀਆਂ ਰਾਜ ਹੁਨਰ ਵਿਕਾਸ ਮਿਸ਼ਨ ਲਈ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ। ਇਹ ਮਿਸ਼ਨ ਸਰਕਾਰੀ ਆਈ ਟੀ ਆਈ ਅਤੇ ਨਿੱਜੀ ਏਜੰਸੀਆਂ ਦੀ ਮਦਦ ਨਾਲ ਨੌਜਵਾਨਾਂ ਨੂੰ ਸਿਖਲਾਈ ਦੇਣ ਦਾ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ, ਰਾਜ ਰੋਜ਼ੀ ਮਿਸ਼ਨ ਅਤੇ ਰਾਸ਼ਟਰੀ ਸ਼ਹਿਰੀ ਰੋਜ਼ੀ ਮਿਸ਼ਨ ਸਕੀਮਾਂ ਵੀ ਨੌਜਵਾਨਾਂ ਵਲੋਂ ਹੁਨਰ ਪ੍ਰਾਪਤੀ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ।

ਸਿਖਲਾਈ ਲਈ ਚੋਣਵੇਂ ਖੇਤਰ ਇਸ ਪ੍ਰਕਾਰ ਹਨ :

- ਮੇਜ਼ਬਾਨੀ (ਰਸੋਈ ਪ੍ਰਬੰਧ ਅਤੇ ਪੇਯ ਪਦਾਰਥ, ਪੇਸਟਰੀ ਅਤੇ ਤੰਦੂਰੀ ਸਿੱਖਿਆ)
- ਸੈਰਸਪਾਟਾ (ਟੂਰ ਓਪਰੇਟਰ, ਹੋਟਲ, ਘਰਾਂ ਵਿੱਚ ਰਹਿਣ ਦੀ ਵਿਵਸਥਾ, ਟੈਕਸੀਆਂ ਅਤੇ ਦਰਸ਼ਨੀ ਸਥਾਨਾਂ ਦੀ ਸੈਰ ਆਦਿ)।
- ਨਰਸਿੰਗ, ਪੈਰਾ ਮੈਡੀਕਲ। • ਤੰਦਰੁਸਤੀ ਅਤੇ ਸੁੰਦਰਤਾ। • ਫੈਸ਼ਨ ਡਿਜ਼ਾਈਨਿੰਗ ਅਤੇ ਕੱਪੜੇ, ਖੱਡੀ ਅਤੇ ਬੁਣਾਈ।
- ਜ਼ਰੂਰੀ ਟੈਕਨੀਸ਼ੀਅਨ – ਬਿਜਲੀ ਕਾਰੀਗਰ, ਨਾਲੀਆਂ ਅਤੇ ਟੂਟੀਆਂ ਆਦਿ ਦੇ ਕਾਰੀਗਰ, ਏਅਰ ਕੰਡੀਸ਼ਨਰ, ਮੋਬਾਈਲ ਫ਼ੋਨ, ਫਰਿੱਜ ਠੀਕ ਕਰਨ ਵਾਲੇ ਕਾਰੀਗਰ।
- ਆਟੋਮੋਬਾਈਲ – ਫਿਟਰ, ਟਰਨਰ, ਮਕੈਨਿਕ, ਵੈਲਡਿੰਗ। • ਕਿਸੇ ਵੀ ਖੇਤਰ ਵਿੱਚ ਰੋਜ਼ਗਾਰ ਪ੍ਰਾਪਤੀ ਲਈ ਸੌਖਾ ਹੁਨਰ।
- ਖੁਦਰਾ ਵਪਾਰ। • ਹਵਾਬਾਜ਼ੀ – ਕੈਬਨ ਅਮਲਾ, ਏਅਰ ਹੋਸਟੈਸ, ਜ਼ਮੀਨੀ ਅਮਲਾ ਆਦਿ।

ਇਸ ਦੇ ਨਾਲ-ਨਾਲ, ਉੱਤਰ ਪੂਰਬ ਖੇਤਰ ਵਿਭਾਗ ਉੱਤਰ ਪੂਰਬੀ ਵਿਕਾਸ ਵਿੱਤ ਨਿਗਮ ਲਿਮਟਿਡ ਨਾਲ ਮਿਲ ਕੇ 100 ਕਰੋੜ ਰੁਪਏ ਦਾ ਉੱਦਮ ਪੂੰਜੀ ਫੰਡ (ਵੈਂਚਰ ਕੈਪੀਟਲ ਫੰਡ) ਸਥਾਪਤ ਕਰ ਰਿਹਾ ਹੈ ਜਿਸ ਨਾਲ ਉੱਤਰ-ਪੂਰਬੀ ਖੇਤਰ ਵਿੱਚ ਨਵੇਂ ਉੱਦਮਾਂ ਨੂੰ ਉਤਸ਼ਾਹਤ ਕੀਤਾ ਜਾ ਸਕੇ। ਸੂਚਨਾ ਤਕਨਾਲੋਜੀ, ਸੂਚਨਾ ਤਕਨਾਲੋਜੀ ਦੀਆਂ ਯੋਗ ਸੇਵਾਵਾਂ, ਖੁਰਾਕ ਪ੍ਰੋਸੈਸਿੰਗ, ਸਿਹਤ ਸੰਭਾਲ, ਸੈਰਸਪਾਟਾ, ਖੁਦਰਾ ਵਪਾਰ, ਸੇਵਾਵਾਂ ਦਾ ਸੁਮੇਲ ਆਦਿ। ਇਸ ਫੰਡ ਨਾਲ ਬਹੁਤ ਲਾਭ ਮਿਲੇਗਾ। ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਰਾਹੀਂ ਕਈ ਸਿੱਖਿਆ ਸੁਧਾਰ ਵੀ ਲਿਆਂਦੇ ਗਏ ਹਨ। ਉੱਤਰ ਪੂਰਬੀ ਖੇਤਰ ਵਿਕਾਸ ਮੰਤਰਾਲਾ, ਰੋਜ਼ਗਾਰ ਪੈਦਾ ਕਰਨ ਵਾਲੀਆਂ ਉਦਯੋਗਿਕ ਅਤੇ ਹੋਰ ਇਕਾਈਆਂ ਨੂੰ ਸਬਸਿਡੀ ਪ੍ਰੇਰਕ ਵੀ ਦੇ ਰਿਹਾ ਹੈ। ਇਸ ਨੂੰ ਲਾਗੂ ਕਰਨ ਲਈ, ਉੱਤਰ ਪੂਰਬੀ ਖੇਤਰ ਵਿਕਾਸ ਮੰਤਰਾਲੇ ਦੀ ਉੱਤਰ ਪੂਰਬੀ ਵਿਕਾਸ ਵਿੱਤ ਨਿਗਮ ਨੂੰ ਸਹਾਇਤਾ ਪੂੰਜੀ ਵਧੇਰੇ ਰੋਜ਼ਗਾਰ ਦੇਣ ਵਾਲੀਆਂ ਇਕਾਈਆਂ ਲਈ ਘੱਟ ਵਿਆਜ ਦਰ ਉਤੇ ਹੋਵੇਗੀ।

## ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਸੰਗਠਨਾਂ ਅਤੇ ਵਿਦਰੋਹੀ ਗਰੁੱਪਾਂ ਦੀ ਮਾਰ ਝੱਲ ਰਹੇ ਨੌਜਵਾਨਾਂ ਲਈ ਸਰਕਾਰੀ ਸਕੀਮਾਂ

ਜੰਮੂ ਅਤੇ ਕਸ਼ਮੀਰ ਵਿੱਚ ਤਿੰਨ ਦਹਾਕੇ ਪੁਰਾਣੀ ਦਹਿਸ਼ਤਗਰਦੀ ਗੜਬੜ ਦੀਆਂ ਜੜ੍ਹਾਂ ਭਾਰਤ ਦੀ ਆਜ਼ਾਦੀ ਵੇਲੇ ਤੋਂ ਲੱਭੀਆਂ ਜਾ ਸਕਦੀਆਂ ਹਨ। ਅੱਜਕੱਲ੍ਹ ਭਾਰਤ ਸਰਕਾਰ ਅਤੇ ਰਾਜ ਸਰਕਾਰ, ਦੋਵੇਂ ਮਿਲ ਕੇ ਨੌਜਵਾਨਾਂ ਦੀ ਹੁਨਰ ਪ੍ਰਾਪਤੀ ਅਤੇ ਉਨ੍ਹਾਂ ਲਈ ਰੋਜ਼ੀ-ਰੋਟੀ ਦੇ ਮੌਕੇ ਪੈਦਾ ਕਰਨ ਲਈ ਕੰਮ ਕਰ ਰਹੀਆਂ ਹਨ।

ਕੁੱਝ ਆਮ ਪ੍ਰਚਲਤ ਮਨਭਾਉਣੇ ਪ੍ਰੋਗਰਾਮਾਂ ਵਿੱਚੋਂ ਹਨ :

***ਉਡਾਨ*** : ਜੰਮੂ ਅਤੇ ਕਸ਼ਮੀਰ ਲਈ ਵਿਸ਼ੇਸ਼ ਉਦਯੋਗਿਕ ਪਹਿਲ ਜਿਸ ਲਈ ਗ੍ਰਹਿ ਮੰਤਰਾਲੇ ਵਲੋਂ ਪੂੰਜੀ ਦਿੱਤੀ ਜਾ ਰਹੀ ਹੈ ਅਤੇ ਰਾਸ਼ਟਰੀ ਹੁਨਰ ਵਿਕਾਸ ਨਿਗਮ ਵਲੋਂ ਚਲਾਈ ਜਾ ਰਹੀ ਹੈ। ਇਸ ਦਾ ਉਦੇਸ਼ ਕਸ਼ਮੀਰੀ

ਨੌਜਵਾਨਾਂ ਨੂੰ ਕਾਰਪੋਰੇਟ ਦਾ ਤਜਰਬਾ ਦੇਣਾ ਅਤੇ ਭਾਰਤੀ ਕਾਰਪੋਰੇਟ ਜਗਤ ਨੂੰ ਰਾਜ ਵਿੱਚ ਉਪਲਬਧ ਪ੍ਰਤਿਭਾ ਮੁਹੱਈਆ ਕਰਨਾ ਹੈ। ਇਸ ਸਕੀਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਇਹ ਜ਼ਮੀਨੀ ਪੱਧਰ ਉਤੇ ਬਹੁਤ ਅਸਰ ਕਰ ਰਹੀ ਹੈ।

***ਸਦਭਾਵਨਾ*** – ਇਕ ਦੂਸਰੀ ਬਹੁਤ ਕਾਮਯਾਬ ਪਹਿਲ ਹੈ ਸਦਭਾਵਨਾ ਜੋ ਫੌਜ ਵਲੋਂ ਚਲਾਈ ਜਾ ਰਹੀ ਹੈ। ਸਦਭਾਵਨਾ ਅਧੀਨ ਫੌਜ ਜੰਮੂ ਅਤੇ ਕਸ਼ਮੀਰ ਦੇ ਨੌਜਵਾਨਾਂ ਲਈ ਕਈ ਮਹੱਤਵਪੂਰਨ ਪ੍ਰੋਗਰਾਮ ਚਲਾ ਰਹੀ ਹੈ। ਫੌਜੀ ਸਦਭਾਵਨਾ ਸਕੂਲ, ਜੋ ਸਿੱਖਿਆ ਦੇ ਖੇਤਰ ਵਿੱਚ ਇਕ ਪਹਿਲ ਹੈ, ਰਾਹੀਂ ਇੱਕ ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਮਿਡਲ ਅਤੇ ਹਾਈ ਸਕੂਲ ਪੱਧਰ ਦੀ ਸਿੱਖਿਆ ਦਿੱਤੀ ਗਈ ਹੈ। ਇਸ ਵੇਲੇ, ਰਾਜ ਵਿੱਚ ਫੌਜ ਵਲੋਂ ਚਲਾਏ ਜਾ ਰਹੇ ਸਕੂਲਾਂ ਵਿੱਚ 14,000 ਤੋਂ ਵੱਧ ਵਿਦਿਆਰਥੀ ਸਿੱਖਿਆ ਲੈ ਰਹੇ ਹਨ ਅਤੇ ਰਾਜ ਦੇ 1,000 ਤੋਂ ਵੱਧ ਵਿਦਿਆਰਥੀ ਫੌਜ ਵਲੋਂ ਦਿੱਤੇ ਜਾ ਰਹੇ ਵਜ਼ੀਫਿਆਂ ਦੀ ਸਹਾਇਤਾ ਨਾਲ, ਰਾਜ ਤੋਂ ਬਾਹਰ ਦੇ ਸਿੱਖਿਆ ਸੰਸਥਾਨਾਂ ਵਿੱਚ ਪੜ੍ਹ ਰਹੇ ਹਨ।

ਫੌਜ ਸਦਭਾਵਨਾ ਅਧੀਨ ਰਾਸ਼ਟਰੀ ਏਕੀਕਰਨ ਟੂਰ ਵੀ ਚਲਾ ਰਹੀ ਹੈ ਜਿਨ੍ਹਾਂ ਰਾਹੀਂ ਰਾਜ ਦੇ ਵਿਦਿਆਰਥੀ ਦੂਸਰੇ ਰਾਜਾਂ ਵਿੱਚ ਜਾਂਦੇ ਹਨ ਅਤੇ ਆਪਣੇ ਦੂਸਰੇ ਭਾਈਬੰਧੂ ਨਾਗਰਿਕਾਂ ਦੇ ਸਭਿਆਚਾਰ ਬਾਰੇ ਖੁਦ ਜਾਣਕਾਰੀ ਹਾਸਲ ਕਰਦੇ ਹਨ। ਉਹ ਦੇਸ਼ ਦੇ ਰਚਨਾਤਮਕ ਨਾਗਰਿਕ ਬਣਨ ਲਈ ਪ੍ਰੇਰਿਤ ਹੋ ਕੇ ਵਾਪਸ ਆਉਂਦੇ ਹਨ ਅਤੇ ਵਿਕਾਸ ਪ੍ਰਕਿਰਿਆ ਤੋਂ ਲਾਭ ਉਠਾਉਣ ਲਈ ਕ੍ਰਿਆਸ਼ੀਲ ਹੋ ਜਾਂਦੇ ਹਨ। ਇਸ ਸਕੀਮ ਅਧੀਨ ਹੁਣ ਤੱਕ 200 ਟੂਰ ਪ੍ਰੋਗਰਾਮ ਚਲਾਏ ਗਏ ਹਨ ਜਿਨ੍ਹਾਂ ਤੋਂ 5,000 ਤੋਂ ਵੱਧ ਲੋਕਾਂ ਨੇ ਲਾਭ ਉਠਾਇਆ ਹੈ।

ਫੌਜ ਦਿਲਚਸਪੀ ਰੱਖਣ ਵਾਲੇ ਅਤੇ ਹਕਦਾਰ ਉਮੀਦਵਾਰਾਂ ਨੂੰ ਸਮੁੱਚੇ ਰਾਜ ਵਿਚ ਫੈਲੇ ਵਿਵਸਾਇਕ ਸਿਖਲਾਈ ਕੇਂਦਰਾਂ ਅਤੇ ਔਰਤਾਂ ਦੇ ਸ਼ਕਤੀਕਰਨ ਕੇਂਦਰਾਂ ਰਾਹੀਂ ਵਿਵਹਾਰਕ ਹੁਨਰ ਪ੍ਰਾਪਤੀ ਸਿੱਖਿਆ ਵੀ ਦੇ ਰਹੀ ਹੈ। ਫੌਜ ਦੇ ਆਪਣੇ ਬਜਟ ਵਿੱਚੋਂ, ਫੌਜ ਰਾਜ ਦੇ ਦੂਰ ਦਰਾਜ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਸਾਲਾਂ ਤੋਂ ਲੋਕ ਸੁਖਾਵੇਂ ਪ੍ਰਾਜੈਕਟ ਚਲਾ ਰਹੀ ਹੈ।

ਜੰਮੂ ਅਤੇ ਕਸ਼ਮੀਰ ਵਿੱਚ ਇਕ ਹੋਰ ਬਹੁਤ ਲਾਭਕਾਰੀ ਅਤੇ ਮਹੱਤਵਪੂਰਨ ਪਹਿਲ ਵੀ ਫੌਜ ਵਲੋਂ ਹੀ ਕੀਤੀ ਜਾ ਰਹੀ ਹੈ। ਫੌਜ ਆਪਣੇ ਸਿਖਲਾਈ ਸਾਥੀ ਸਮਾਜਕ ਜ਼ਿੰਮੇਵਾਰੀ ਅਤੇ ਸਿੱਖਿਆ ਕੇਂਦਰ ਅਤੇ ਪੈਟਰੋਨੈਟ ਐੱਲ ਐੱਨ ਜੀ ਨਾਲ ਮਿਲ ਕੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਲਈ ਇੰਜਨੀਅਰਿੰਗ ਵਿੱਚ ਦਾਖਲੇ ਦੇ ਇਮਤਿਹਾਨ ਦੀ ਤਿਆਰੀ ਕਸ਼ਮੀਰ ਸੁਪਰ 40 ਪਹਿਲ ਦੇ ਤਹਿਤ ਕਰਵਾ ਰਹੀ ਹੈ। ਇਸ ਨਾਲ ਸੁਪਰ 40 ਨੇ ਪਿਛਲੇ ਸਭ ਰਿਕਾਰਡ ਤੋੜ ਦਿੱਤੇ ਜਦੋਂ ਰਾਜ ਦੇ 26 ਲੜਕੇ ਤੇ 2 ਲੜਕੀਆਂ ਆਈ ਆਈ ਟੀ – ਜੇ ਈ ਈ ਮੇਨ ਇਮਤਿਹਾਨ 2017 ਪਾਸ ਕਰ ਗਏ।

***ਹਿਮਾਇਤ*** – ਭਾਰਤ ਸਰਕਾਰ ਦੀ ਦੀਨਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਧੀਨ ਪੇਂਡੂ ਵਿਕਾਸ ਮੰਤਰਾਲੇ ਵਲੋਂ ਜੰਮੂ ਅਤੇ ਕਸ਼ਮੀਰ ਦੇ 1.24 ਲੱਖ ਸਥਾਨਕ ਨੌਜਵਾਨਾਂ ਨੂੰ ਨੌਕਰੀ ਮੁਖੀ ਸਿਖਲਾਈ ਦੇਣ ਦੀ ਸਕੀਮ ਲਾਗੂ ਕੀਤੀ ਜਾ ਰਹੀ ਹੈ।

ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੋਵੇਂ ਇਸ ਤਰ੍ਹਾਂ ਮਿਲ ਕੇ ਗੜਬੜ ਵਾਲੇ ਖੇਤਰਾਂ ਦੇ ਨੌਜਵਾਨਾਂ ਦਾ ਸ਼ਕਤੀਕਰਨ ਕਰ ਰਹੀਆਂ ਹਨ ਤਾਂ ਕਿ ਉਨ੍ਹਾਂ ਨੂੰ ਆਪਣੇ ਖੇਤਰ ਅਤੇ ਇਸ ਤਰ੍ਹਾਂ ਸਮੁੱਚੇ ਦੇਸ਼ ਦੇ ਵਿਕਾਸ ਵਿੱਚ ਭਾਗੀਦਾਰ ਬਣਨ ਲਈ ਉਤਸ਼ਾਹਤ ਕੀਤਾ ਜਾ ਸਕੇ।

*(ਲੇਖਕ ਚੁਣੇ ਹੋਏ ਨੁਮਾਇੰਦਿਆਂ ਅਤੇ ਸਮਾਜਕ ਰਾਜਨੀਤਕ ਕਾਰਜਕਰਤਾਵਾਂ ਦੀ ਸਿਖਲਾਈ ਅਤੇ ਖੋਜ ਬਾਰੇ ਸੰਯੁਕਤ ਰਾਸ਼ਟਰ ਤੋਂ ਮਾਨਤਾ ਪ੍ਰਾਪਤ ਸੰਸਥਾ ਰਾਮਭਾਊ ਮਹਾਲਗੀ ਪ੍ਰਾਬੋਧਿਨੀ ਦੇ ਦਿੱਲੀ ਸਥਿਤ ਦਫ਼ਤਰ ਦੇ ਮੁਖੀ ਹਨ।)*

*e-mail :ravi.pokharna@gmail.com*

***ਸਫ਼ਾ 33 ਦਾ ਬਾਕੀ***

ਕੇਵਲ ਸਾਰੀਆਂ ਧਿਰਾਂ ਵਿਚਾਲੇ ਨਿਰੰਤਰ ਸੰਵਾਦ ਤੇ ਹੁੰਗਾਰੇ ਰਾਹੀਂ ਹੀ ਪੱਕੀ ਕੀਤੀ ਜਾ ਸਕਦੀ ਹੈ। ਇਨ੍ਹਾਂ ਧਿਰਾਂ ਵਿੱਚ ਵਿਦਿਆਰਥੀ ਅਤੇ ਕੋਰਸ ਵਿੱਚ ਅਕਾਦਮਿਕ ਸਹਾਇਕ ਅਮਲਾ ਵੀ ਸ਼ਾਮਲ ਹਨ।

## ਸਿੱਟਾ

ਤੇਜ਼ ਰਫ਼ਤਾਰ ਵਾਲੇ ਕਾਰਪੋਰੇਟ ਵਾਤਾਵਰਨ ਵਿੱਚ ਨੌਕਰੀ ਕਰ ਰਹੇ ਲੋਕ ਆਪਣੇ ਹੁਨਰ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਨਿਰੰਤਰ ਮਹਿਸੂਸ ਕਰ ਰਹੇ ਹਨ। ਇਸ ਲਈ ਓਪਨ ਅਤੇ ਡਿਸਟੈਂਸ ਸਿੱਖਿਆ ਮੰਚਾਂ ਦੀ ਵਰਤੋਂ ਕਰਕੇ ਉੱਦਮਤਾ ਸਿੱਖਿਆ ਅਤੇ ਸਿਖਲਾਈ ਵਿੱਚ ਨਿਵੇਸ਼ ਕ੍ਰਨ ਦੀ ਵੀ ਲੋੜ ਹੈ। ਜੇ ਭਾਰਤ ਨੇ ਆਉਣ ਵਾਲੇ ਦਹਾਕਿਆਂ ਵਿੱਚ ਜਨਸੰਖਿਅਕ ਲਾਭਅੰਸ਼ ਦੇ ਫਲ ਖਾਣ ਦਾ ਭਵਿੱਖੀ ਸੁਪਨਾ ਪੂਰਾ ਕਰਨਾ ਹੈ ਤਾਂ ਸਾਨੂੰ ਆਪਣੀਆਂ ਕੋਸ਼ਿਸ਼ਾਂ ਅਤੇ ਧਿਆਨ ਨੌਜਵਾਨਾਂ ਦੀ ਉੱਦਮਤਾ ਊਰਜਾ ਦਾ ਲਾਭ ਲੈਣ ਵੱਲ ਸੇਧਿਤ ਕਰਨੀਆਂ ਹੋਣਗੀਆਂ। ਸਿੱਖਿਆ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਉੱਦਮਤਾ ਵਿੱਚ ਡਿਸਟੈਂਸ ਸਿੱਖਿਆ ਦੀਆਂ ਸੰਭਾਵਨਾਵਾਂ ਅਧਾਰ ਹਨ, ਅਤੇ ਇਹ ਤਾਂ ਹੀ ਸਫਲ ਸਾਬਤ ਹੋ ਸਕਦੀਆਂ ਹਨ ਜੇ ਇਹ ਕੋਰਸ ਕਰਵਾਉਣ ਵਾਲੇ ਸੰਸਥਾਨ ਕੋਰਸ ਦੇ ਹਰੇਕ ਪੱਖ ਅਤੇ ਭਾਗ ਵਿੱਚ ਸਰਵੋਚ ਗੁਣਵੱਤਾ ਯਕੀਨੀ ਬਣਾਉਣ, ਜਿਵੇਂ ਕਿ ਪਾਠਕ੍ਰਮ ਰੂਪਰੇਖਾ, ਸਿੱਖਿਆ ਸ਼ਾਸਤਰ, ਸਿੱਖਣ ਦੀ ਸਮੱਗਰੀ ਅਤੇ ਦੂਜੀਆਂ ਸਹਾਇਕ ਸੇਵਾਵਾਂ।

*(ਲੇਖਕ ਭਾਰਤੀ ਉੱਦਮੀ ਵਿਕਾਸ ਸੰਸਥਾ ਨਾਲ ਜੁੜੇ ਹੋਏ ਹਨ।)*

*e-mail :akdwivedi@ediindia.org*

**ਯੋਜਨਾ (ਪੰਜਾਬੀ)**

***ਦਾ***

***ਅਗਲਾ***

***ਅੰਕ***

- **ਜੁਲਾਈ 2017 – ਇਹ ਅੰਕ *ਸਮਾਜਿਕ ਸੁਰੱਖਿਆ* ਉੱਤੇ ਕੇਂਦਰਿਤ ਹੋਵੇਗਾ।**

# ਜੀ ਐੱਸ ਟੀ : ਨਵੇਂ ਪੱਖ ਵਿੱਚ ਪ੍ਰਵੇਸ਼

ਡੀ ਐੱਸ ਮਲਿਕ

ਸਾਡੇ ਦੇਸ਼ ਵਿੱਚ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਦਾ ਮੁੱਢ 28 ਫ਼ਰਵਰੀ 2006 ਦੇ ਇਤਿਹਾਸਕ ਬਜਟ ਭਾਸ਼ਣ ਵਿੱਚ ਬੰਨ੍ਹਿਆ ਗਿਆ ਸੀ ਜਿਸ ਵਿੱਚ ਉਸ ਵੇਲੇ ਦੇ ਵਿੱਤ ਮੰਤਰੀ ਨੇ ਦੇਸ਼ ਵਿੱਚ ਜੀ ਐੱਸ ਟੀ ਦੀ ਲਾਗੂ ਹੋਣ ਦੀ ਤਰੀਕ 1 ਅਪ੍ਰੈਲ 2010 ਮਿਥੀ ਸੀ। ਉਸ ਤੋਂ ਬਾਅਦ, ਦੇਸ਼ ਵਿੱਚ ਜੀ ਐੱਸ ਟੀ ਲਾਗੂ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਦੇ ਸਿੱਟੇ ਵਜੋਂ ਦਸੰਬਰ 2014 ਵਿੱਚ ਸੰਸਦ ਵਿੱਚ ਸੰਵਿਧਾਨ ਦਾ 122ਵਾਂ ਤਰਮੀਮੀ ਬਿਲ ਪੇਸ਼ ਹੋਇਆ।

## ਜੀ ਐੱਸ ਟੀ ਕਿਉ?

ਜੀ ਐੱਸ ਟੀ ਲਾਗੂ ਕਰਨ ਦੀ ਲੋੜ ਕੀ ਹੈ, ਇਹ ਆਮ ਬਹਿਸ ਦਾ ਮੁੱਦਾ ਬਣਿਆ ਰਿਹਾ ਹੈ। ਇਸ ਸਵਾਲ ਦਾ ਜਵਾਬ ਖੋਜਣ ਲਈ ਦੇਸ਼ ਵਿੱਚ ਲਾਗੂ ਅਸਿੱਧੇ ਕਰ ਢਾਂਚੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਵੇਲੇ ਕੇਂਦਰ ਸਰਕਾਰ ਉਤਪਾਦਨ ਉਪਰ ਕਰ (ਕੇਂਦਰੀ ਉਤਪਾਦਨ ਕਰ), ਸੇਵਾਵਾਂ ਦੇਣ ਉਪਰ ਕਰ (ਸੇਵਾ ਕਰ), ਵਸਤੂਆਂ ਦੀ ਅੰਤਰਰਾਜੀ ਵਿਕਰੀ (ਕੇਂਦਰੀ ਵਿਕਰੀ ਕਰ ਜੋ ਕੇਂਦਰ ਵਲੋਂ ਲਗਾਇਆ ਜਾਂਦਾ ਹੈ ਪਰ ਰਾਜਾਂ ਵਲੋਂ ਵਸੂਲਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਨਮਿੱਤ ਹੁੰਦਾ ਹੈ) ਤੇ ਰਾਜ ਸਰਕਾਰਾਂ ਖੁਦਰਾ ਵਿੱਕਰੀ ਕਰ (ਵੈਟ), ਰਾਜ ਵਿੱਚ ਵਸਤਾਂ ਦੀ ਆਮਦ ਉੱਪਰ ਕਰ (ਦਾਖਲਾ ਕਰ), ਠਾਠ-ਬਾਠ ਦੀਆਂ ਵਸਤਾਂ ਉਪਰ ਕਰ, ਖਰੀਦ ਕਰ, ਆਦਿ ਲਗਾਉਂਦੀਆਂ ਹਨ। ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਇਕੋ ਹੀ ਸਪਲਾਈ ਕੜੀ ਵਿੱਚ ਕਰਾਂ ਦੀ ਬਹੁਤਾਤ ਹੈ।

ਕਰਾਂ ਦੀ ਪੂਰਨਤਾ ਉਛਾਲ ਹੈ ਕਿਉਂਕਿ ਕੇਂਦਰ ਸਰਕਾਰ ਵਲੋਂ ਲਗਾਏ ਜਾਣ ਵਾਲੇ ਕਰ ਰਾਜ ਸਰਕਾਰਾਂ ਵਲੋਂ ਲਗਾਏ ਜਾਣ ਵਾਲੇ ਕਰਾਂ ਦਾ ਬਦਲਾਉ ਨਹੀਂ ਹਨ। ਇਥੋਂ ਤੱਕ ਕਿ ਰਾਜ ਸਰਕਾਰਾਂ ਵਲੋਂ ਲਗਾਏ ਜਾਣ ਵਾਲੇ ਕਈ ਕਰ ਉਨ੍ਹਾਂ ਵਲੋਂ ਲਾਗੂ ਹੋਰ ਕਰਾਂ ਦਾ ਬਦਲਾਉ ਵੀ ਨਹੀਂ ਹਨ। ਦੇਸ਼ ਵਿੱਚ ਵੱਖ-ਵੱਖ ਵੈਟ ਕਾਨੂੰਨ, ਜਿਨ੍ਹਾਂ ਅਧੀਨ ਵੱਖਰੀਆਂ-ਵੱਖਰੀਆਂ ਕਰ ਦਰਾਂ ਅਤੇ ਅਲਗ-ਅਲਗ ਕਰ ਪ੍ਰਣਾਲੀਆਂ ਹਨ, ਦੇਸ਼ ਨੂੰ ਵੱਖਰੇ-ਵੱਖਰੇ ਆਰਥਿਕ ਖੇਤਰਾਂ ਵਿੱਚ ਵੰਡ ਰਹੇ ਹਨ। ਮਹਿਸੂਲ ਅਤੇ ਗ਼ੈਰ ਮਹਿਸੂਲ ਜਿਵੇਂ ਕਿ ਚੁੰਗੀ, ਆਮਦ ਕਰ, ਚੈੱਕ ਪੋਸਟਾਂ ਪੂਰੇ ਦੇਸ਼ ਵਿੱਚ ਵਪਾਰਕ ਖੁੱਲ੍ਹੇਪਣ ਲਈ ਕਈ ਤਰ੍ਹਾਂ ਦੀਆਂ ਰਿਟਰਨਾਂ, ਅਦਾਇਗੀਆਂ ਆਦਿ ਰਾਹੀਂ ਉਸ ਵਲੋਂ ਪਾਲਣਾ ਕਰਨ ਦੇ ਖਰਚੇ ਨੂੰ ਵਧਾ ਦਿੰਦੀਆਂ ਹਨ।

## ਜੀ ਐੱਸ ਟੀ ਕੀ ਹੈ?

ਉਪਰ ਦਿੱਤੇ ਸਭ ਕਿਸਮ ਦੇ ਅਸਿੱਧੇ ਕਰ, ਇਕ ਇਕੱਲੇ ਕਰ ਵਿੱਚ ਸਮਾ ਜਾਣਗੇ ਜਿਸ ਦਾ ਨਾਮ ਹੋਵੇਗਾ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਜੋ ਵਸਤਾਂ ਜਾਂ ਸੇਵਾਵਾਂ ਜਾਂ ਦੋਹਾਂ ਦੀ ਸਪਲਾਈ ਕੜੀ ਦੇ ਹਰ ਪੱਖ ਉਤੇ, ਉਤਪਾਦਨ ਜਾਂ ਆਯਾਤ ਤੋਂ ਸ਼ੁਰੂ ਹੋ ਕੇ ਅਖਰੀ ਖੁਦਰਾ ਪੱਧਰ ਤੱਕ ਲਗਾਇਆ ਜਾਵੇਗਾ। ਇਸ ਲਈ ਬੁਨਿਆਦੀ ਤੌਰ ਤੇ, ਕੋਈ ਵੀ ਕਰ ਜੋ ਇਸ ਵੇਲੇ ਕੇਂਦਰ ਜਾਂ ਰਾਜ ਸਰਕਾਰ ਵਲੋਂ ਵਸਤਾਂ ਜਾਂ ਸੇਵਾਵਾਂ ਦੀ ਸਪਲਾਈ ਉਪਰ ਲਗਾਇਆ ਜਾ ਰਿਹਾ ਹੈ, ਹਟ ਕੇ ਜੀ ਐੱਸ ਟੀ ਵਿੱਚ ਬਦਲ ਜਾਵੇਗਾ।

ਪ੍ਰਸਤਾਵ ਹੈ ਕਿ ਜੀ ਐੱਸ ਟੀ ਇਕ ਦੋਹਰਾ ਉਗਰਾਹੀ ਕਰ ਹੋਵੇਗਾ ਜਿਥੇ ਕੇਂਦਰ ਸਰਕਾਰ ਕੇਂਦਰੀ ਜੀ ਐੱਸ ਟੀ ਲਗਾਵੇਗੀ ਅਤੇ ਰਾਜ ਸਰਕਾਰਾਂ ਰਾਜ ਜੀ ਐੱਸ ਟੀ ਉਗਰਾਹੀ ਕਰਨਗੀਆਂ ਜੋ ਅੰਤਰਰਾਜੀ ਵਸਤਾਂ ਅਤੇ ਸੇਵਾਵਾਂ ਦੀ ਸਪਲਾਈ ਉਪਰ ਲਗਾਇਆ ਜਾਵੇਗਾ। ਕੇਂਦਰ ਵਸਤਾਂ ਅਤੇ ਸੇਵਾਵਾਂ ਦੀ ਅੰਤਰਰਾਜੀ ਸਪਲਾਈ ਉਪਰ ਏਕੀਕ੍ਰਿਤ ਜੀ ਐੱਸ ਟੀ ਵੀ ਲਗਾਵੇਗਾ ਅਤੇ ਉਗਰਾਹੀ ਕਰੇਗਾ। ਇਸ ਤਰ੍ਹਾਂ ਜੀ ਐੱਸ ਟੀ ਇਕ ਜੋੜਮੇਲ ਹੈ ਜੋ ਅੱਜਕੱਲ੍ਹ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਗਾਏ ਜਾਣ ਵਾਲੇ ਵੱਖ-ਵੱਖ ਕਰਾਂ ਦਾ ਸੁਮੇਲ ਹੋਵੇਗਾ ਅਤੇ ਦੇਸ਼ ਦੀ ਆਰਥਿਕ ਜਥੇਬੰਦੀ ਹਾਸਲ ਕਰਨ ਲਈ ਇਕ ਪਲੇਟਫਾਰਮ ਹੋਵੇਗਾ।

ਇਹ ਕਰ ਸੁਧਾਰ ਕੇਂਦਰ ਅਤੇ ਰਾਜਾਂ ਵਿਚਕਾਰ ਇਕ ਰਾਸ਼ਟਰੀ ਮੰਡੀ, ਸਾਂਝਾ ਕਰ ਆਧਾਰ ਅਤੇ ਸਾਂਝੇ ਕਰ ਕਾਨੂੰਨ ਤਿਆਰ ਕਰੇਗਾ। ਜੀ ਐੱਸ ਟੀ ਇਹ ਦਰਸਾਉਣ ਲਈ ਇਕ ਉਦਾਹਰਣ ਹੈ ਕਿ ਸਾਡੇ ਸੰਵਿਧਾਨ ਵਿੱਚ ਦਰਜ ਸੰਘੀ ਢਾਂਚੇ ਨੂੰ ਦੇਸ਼ ਵਿੱਚ ਧਰਾਤਲ ਉਤੇ ਕਿਸ ਤਰ੍ਹਾਂ ਲਾਗੂ ਕੀਤਾ ਜਾ ਸਕਦਾ ਹੈ।

ਜੀ ਐੱਸ ਟੀ ਦਾ ਇਕ ਹੋਰ ਮਹੱਤਵਪੂਰਨ ਅੰਗ ਇਹ ਹੈ ਕਿ ਪੂਰਤੀ ਦੇ ਹਰ ਪੜਾਅ ਉਤੇ ਪਹਿਲਾਂ ਅਦਾ ਕੀਤੇ ਕਰ ਦਾ ਲਾਭ ਮਿਲੇਗਾ। ਇਸ ਮਦ ਨਾਲ ਦੋਹਰੇ ਕਰ ਤੋਂ ਛੁਟਕਾਰੇ ਵਿੱਚ ਵੱਡਾ ਲਾਭ ਮਿਲੇਗਾ, ਇਸ ਕਰ ਸੁਧਾਰ ਨੂੰ ਸੂਚਨਾ ਤਕਨਾਲੋਜੀ ਦੀ ਵਿਆਪਕ ਵਰਤੋਂ ਨਾਲ (ਵਸਤੂ ਅਤੇ ਸੇਵਾ ਕਰ ਨੈੱਟਵਰਕ ਰਾਹੀਂ), ਕਰ ਭਾਰਤ ਵਿੱਚ ਵਧੇਰੇ ਪਾਰਦਰਸ਼ਿਤਾ ਆਵੇਗੀ, ਕੇਂਦਰ ਅਤੇ ਰਾਜਾਂ ਦੇ ਕਰ ਪ੍ਰਬੰਧਨ ਦੀ ਵਧੇਰੇ ਜਵਾਬਦੇਹੀ ਬਣੇਗੀ ਅਤੇ ਕਰ ਦਾਤਾ ਲਈ ਕਰਾਂ ਦੀ ਪਾਲਣਾ ਕਰਨ ਦਾ ਖਰਚਾ ਘਟੇਗਾ। ਵੱਖ-ਵੱਖ ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਜੀ ਐੱਸ ਟੀ ਲਾਗੂ ਕਰਨ ਨਾਲ ਆਰਥਿਕ ਵਿਕਾਸ ਵਿੱਚ ਤੇਜ਼ੀ ਆਵੇਗੀ ਜਿਸ ਨਾਲ ਸਮੁੱਚੇ ਘਰੇਲੂ ਉਤਪਾਦਨ ਵਿੱਚ 1 ਪ੍ਰਤਿਸ਼ਤ ਤੋਂ 2 ਪ੍ਰਤਿਸ਼ਤ ਦਾ ਵਾਧਾ ਹੋ ਸਕਦਾ ਹੈ।

## ਜੀ ਐੱਸ ਟੀ ਦੇ ਲਾਭ

***ਸਰਕਾਰ ਲਈ ਲਾਭ :***

- ਭਾਰਤ ਵਿੱਚ ਇਕ ਏਕੀਕ੍ਰਿਤ ਸਾਂਝੀ

ਰਾਸ਼ਟਰੀ ਮੰਡੀ ਸਥਾਪਤ ਕਰਨ ਵਿੱਚ ਮਦਦ ਕਰੇਗਾ ਜਿਸ ਨਾਲ ਵਿਦੇਸ਼ੀ ਪੂੰਜੀ ਨਿਵੇਸ਼ ਅਤੇ 'ਭਾਰਤ ਵਿੱਚ ਬਣਾਓ' (ਮੇਕ ਇਨ ਇੰਡੀਆ) ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲੇਗਾ।

• ਕਰਾਂ ਦੇ ਉਛਾਲ ਨੂੰ ਖਤਮ ਕਰੇਗਾ ਕਿਉਂਕਿ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ ਹਰ ਪੱਧਰ ਉਤੇ ਦਿੱਤੇ ਕਰ ਦਾ ਲਾਭ ਮਿਲੇਗਾ।

• ਕੇਂਦਰ ਅਤੇ ਰਾਜਾਂ ਅਤੇ ਸਭ ਰਾਜਾਂ ਵਿਚਕਾਰ ਕਾਨੂੰਨਾਂ, ਕਰ ਪ੍ਰਣਾਲੀਆਂ ਅਤੇ ਕਰ ਦਰਾਂ ਵਿੱਚ ਤਾਲਮੇਲ ਹੋਵੇਗਾ।

• ਸਭ ਰਿਟਰਨਾਂ ਆਨਲਾਈਨ ਭਰਨੀਆਂ ਹੋਣਗੀਆਂ, ਦਿੱਤੇ ਕਰ ਦਾ ਲਾਭ ਆਨਲਾਈਨ ਮਿਲੇਗਾ, ਪੂਰਤੀ ਕੜੀ ਦੇ ਹਰ ਪੱਧਰ ਉਤੇ ਜਾਂਚ ਪਰਚੀ ਮਿਲਣ ਨੂੰ ਉਤਸ਼ਾਹਿਤ ਕਰਨ ਨਾਲ ਪਾਲਣਾ ਕਰਨ ਦੇ ਵਾਤਾਵਰਨ 'ਚ ਸੁਧਾਰ ਹੋਵੇਗਾ।

• ਗੁਆਂਢੀ ਰਾਜਾਂ ਵਿਚਕਾਰ ਹੁੰਡੀ ਵਪਾਰ ਖਤਮ ਕਰ ਕੇ ਅਤੇ ਇਸ ਨੂੰ ਅੰਤਰਰਾਜੀ ਅਤੇ ਰਾਜ ਦੀ ਅੰਦਰੂਨੀ ਵਿਕਰੀ ਵਿੱਚੋਂ ਖਤਮ ਕਰਕੇ ਇਕੋ ਜਿਹਾ ਕਰ ਜੀ ਐੱਸ ਟੀ ਅਤੇ ਏਕੀਕ੍ਰਿਤ ਜੀ ਐੱਸ ਟੀ ਹੋਣ ਨਾਲ, ਕਰ ਨਾ ਭਰਨ ਦੇ ਪ੍ਰੇਰਕ ਖਤਮ ਹੋ ਕੇ ਉਨ੍ਹਾਂ ਦੀ ਪਲਾਣਾ ਵਿੱਚ ਵਾਧਾ ਹੋਵੇਗਾ।

• ਕਰ ਦਾਤਾਵਾਂ ਦੀ ਰਜਿਸਟਰੀ ਲਈ ਇਕ ਸਮਾਨ ਕਾਰਗੁਜ਼ਾਰੀ, ਕਰ ਵਾਪਸੀ, ਕਰਾਂ ਦੀ ਰਿਟਰਨ ਭਰਨ ਲਈ ਇਕ ਸਮਾਨ ਫਾਰਮ, ਇਕੋ ਜਿਹਾ ਕਰ ਅਧਾਰ ਉਤੇ ਵਸਤਾਂ ਅਤੇ ਸੇਵਾਵਾਂ ਦੀ ਸ਼੍ਰੇਣੀਬਧਤਾ ਦੀ ਇਕੋ ਜਿਹੀ ਪੱਧਤੀ, ਕਰ ਪ੍ਰਣਾਲੀ ਨੂੰ ਵਧੇਰੇ ਨਿਸ਼ਚਿਤਤਾ ਦੇਵੇਗੀ।

• ਸੂਚਨਾ ਤਕਨਾਲੋਜੀ ਦੀ ਵਧੇਰੇ ਵਰਤੋਂ ਨਾਲ ਕਰ ਦਾਤਾ ਅਤੇ ਕਰ ਪ੍ਰਬੰਧਕਾਂ ਵਿਚਕਾਰ ਆਪਸੀ ਗੱਲਬਾਤ ਵਿੱਚ ਕਮੀ ਆਵੇਗੀ ਜਿਸ ਨਾਲ ਰਿਸ਼ਵਤਖੋਰੀ ਰੋਕਣ ਵਿੱਚ ਮਦਦ ਮਿਲੇਗੀ।

• ਇਸ ਨਾਲ ਨਿਰਯਾਤ ਅਤੇ ਉਤਪਾਦਨ ਗਤੀਵਿਧੀ ਵਿੱਚ ਵਾਧਾ ਹੋਵੇਗਾ, ਵਧੇਰੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਇਸ ਤਰ੍ਹਾਂ ਸਮੁੱਚੇ ਘੇਰਲੂ ਉਤਪਾਦਨ ਵਿੱਚ ਲਾਭਕਾਰੀ ਰੋਜ਼ਗਾਰ ਨਾਲ ਵਾਧਾ ਹੋਵੇਗਾ ਜਿਸ ਨਾਲ ਆਰਥਿਕ ਵਿਕਾਸ ਵਿੱਚ ਮਜ਼ਬੂਤੀ ਆਵੇਗੀ।

• ਅੰਤ ਵਿੱਚ ਵਧੇਰੇ ਰੋਜ਼ਗਾਰ ਦੇ ਮੌਕੇ ਅਤੇ ਵਧੇਰੇ ਵਿੱਤੀ ਸਰੋਤ ਪੈਦਾ ਕਰਕੇ ਇਸ ਨਾਲ ਗਰੀਬੀ ਖਤਮ ਕਰਨ ਵਿੱਚ ਮਦਦ ਮਿਲੇਗੀ।

***ਵਪਾਰ ਅਤੇ ਉਦਯੋਗ ਨੂੰ ਲਾਭ:***

• ਘੱਟ ਮੁਕਤੀਆਂ ਵਾਲੀ ਆਸਾਨ ਕਰ ਪ੍ਰਣਾਲੀ।

• ਵਪਾਰ ਕਰਨ ਵਿੱਚ ਵਧੇਰੇ ਅਸਾਨੀ।

• ਅੱਜ ਦੀ ਕਰ ਪ੍ਰਣਾਲੀ ਵਾਲੇ ਅਸਿੱਧੇ ਕਰਾਂ ਦੀ ਬਹੁਤਾਤ ਵਿੱਚ ਕਮੀ ਜਿਸ ਨਾਲ ਕੰਮ ਅਸਾਨ ਅਤੇ ਇਕਸਾਰਤਾ ਵਾਲਾ ਹੋ ਜਾਵੇਗਾ।

• ਕੁੱਝ ਖੇਤਰਾਂ ਜਿਵੇਂ ਕਿ ਕੰਮਾਂ ਦਾ ਠੇਕਾ, ਸਾਫਟਵੇਅਰ, ਪ੍ਰਹੁਣਚਾਰੀ ਆਦਿ ਵਿੱਚ ਦੋਹਰੇ ਕਰਾਂ ਦਾ ਖਾਤਮਾ।

• ਕਿਉਂਕਿ ਸਪਲਾਈ ਕੜੀ ਦੀ ਹਰ ਪੱਧਰ ਉਤੇ ਵਸਤਾਂ ਅਤੇ ਸੇਵਾਵਾਂ ਵਿੱਚ ਕਰ ਲਾਭ ਪ੍ਰਾਪਤ ਹੋਵੇਗਾ, ਇਸ ਲਈ ਕਰਾਂ ਦਾ ਉਛਾਲ ਖਤਮ ਹੋਵੇਗਾ।

• ਕਰ ਪਾਲਣਾ ਉਪਰ ਹੋਣ ਵਾਲੇ ਖਰਚੇ ਵਿੱਚ ਕਮੀ – ਕਈ ਕਿਸਮ ਦੇ ਕਰਾਂ ਲਈ ਵੱਖ-ਵੱਖ ਕਿਸਮ ਦੇ ਰਿਕਾਰਡ ਰਖਣ ਤੋਂ ਛੁਟਕਾਰਾ – ਇਸ ਤਰ੍ਹਾਂ ਰਿਕਾਰਡ ਰਖਣ ਵਿੱਚ ਪੂੰਜੀ ਅਤੇ ਮਾਨਵੀ ਸਰੋਤਾਂ ਉਪਰ ਘੱਟ ਨਿਵੇਸ਼।

• ਕਰਾਂ ਦਾ ਵਧੇਰੇ ਕਾਰਗਰ ਨਿਸ਼ਪ੍ਰਭਾਵੀ-ਕਰਨ, ਖ਼ਾਸ ਤੌਰ ਤੇ ਨਿਰਯਾਤ ਲਈ ਜਿਸ ਨਾਲ ਸਾਡੇ ਉਤਪਾਦਨ ਅੰਤਰਰਾਸ਼ਟਰੀ ਮੰਡੀ ਵਿੱਚ ਵਧੇਰੇ ਮੁਕਾਬਲੇ ਦੇ ਹੋ ਜਾਣਗੇ ਅਤੇ ਭਾਰਤੀ ਨਿਰਯਾਤ ਨੂੰ ਹੁੰਗਾਰਾ ਮਿਲੇਗਾ।

• ਵੱਖ-ਵੱਖ ਪ੍ਰਕਿਰਿਆਵਾਂ ਜਿਵੇਂ ਕਿ ਰਜਿਸਟਰੀ, ਰਿਟਰਨਾਂ ਭਰਨ, ਰਕਮ ਵਾਪਸੀ, ਕਰ ਅਦਾਇਗੀਆਂ ਆਦਿ ਲਈ ਸੌਖੇ ਅਤੇ ਸਵੈਚਾਲਤ ਤਰੀਕੇ।

• ਆਸ ਹੈ ਕਿ ਵਸਤੂਆਂ ਅਤੇ ਸੇਵਾਵਾਂ ਦੀ ਸਪਲਾਈ ਵਿੱਚ ਔਸਤ ਕਰ ਭਾਰ ਵਿੱਚ ਕਮੀ ਆਵੇਗੀ ਜਿਸ ਨਾਲ ਖਪਤ ਵਿੱਚ ਵਾਧਾ ਹੋਵੇਗਾ ਜਿਸ ਦਾ ਅਰਥ ਹੈ ਵਧੇਰੇ ਉਤਪਾਦਨ ਦੀ ਲੋੜ ਜਿਸ ਨਾਲ ਭਾਰਤ ਵਿੱਚ ਉਤਪਾਦਨ ਉਦਯੋਗਾਂ ਦਾ ਵਿਕਾਸ ਹੋਵੇਗਾ।

• ਉਤਪਾਦਕ, ਖੁਦਰਾ ਵਪਾਰੀ ਅਤੇ ਸੇਵਾ ਦੇਣ ਵਾਲਿਆਂ ਵਿਚਕਾਰ ਕਰ ਲਾਭ ਦੀ ਬੇਰੋਕ-ਟੋਕ ਆਮਦ ਦਰਾਫਤ ਨਾਲ ਵਸਤਾਂ ਦੀਆਂ ਕੁੱਲ ਕੀਮਤਾਂ ਵਿੱਚ ਪਾਰਦਰਸ਼ਿਤਾ ਆਉਣ ਦੀ ਸੰਭਾਵਨਾ।

• ਕਰਾਂ ਦੇ ਉਛਾਲ ਵਿੱਚ ਕਮੀ ਨਾਲ, ਲੰਬੀ ਮਿਆਦ ਵਿੱਚ ਉਪਭੋਗਤਾ ਅਤੇ ਹੋਰ ਵਸਤਾਂ ਦੀਆਂ ਕੀਮਤਾਂ ਵਿੱਚ ਕਮੀ।

• ਛੋਟੇ ਖੁਦਰਾ ਵਪਾਰੀਆਂ ਦੇ ਇਕ ਵੱਡੇ ਹਿੱਸੇ ਨੂੰ ਮੁਕਾਬਲਤਨ ਜਾਂ ਤਾਂ ਕਰ ਤੋਂ ਛੋਟ ਮਿਲ ਜਾਵੇਗੀ ਜਾਂ ਇਕ ਚਕ੍ਰਵਿਰਧੀ ਸਕੀਮ ਕਾਰਨ ਉਨ੍ਹਾਂ ਨੂੰ ਬਹੁਤ ਥੋੜ੍ਹਾ ਕਰ ਅਦਾ ਕਰਨਾ ਪਵੇਗਾ – ਅਜਿਹੇ ਵਪਾਰੀਆਂ ਤੋਂ ਖਰੀਦ ਘੱਟ ਮਹਿੰਗੀ ਹੋਵੇਗੀ ਜਿਸ ਨਾਲ ਉਪਭੋਗਤਾ ਨੂੰ ਲਾਭ ਹੋਵੇਗਾ।

• ਵਧੇਰੇ ਰੋਜ਼ਗਾਰ ਅਤੇ ਵਧੇਰੇ ਪੂੰਜੀ ਪੈਦਾ ਹੋਣ ਨਾਲ ਗਰੀਬੀ ਦਾ ਖਾਤਮਾ।

***ਰਾਜਾਂ ਨੂੰ ਲਾਭ***

• ਕਰ ਅਧਾਰ ਦਾ ਪਸਾਰ, ਕਿਉਂਕਿ ਰਾਜ ਪੂਰੀ ਸਪਲਾਈ ਕੜੀ ਉਪਰ, ਉਤਪਦਨ ਤੋਂ ਲੈ ਕੇ ਖੁਦਰਾ ਵਿਕਰੀ ਤੱਕ, ਕਰ ਲਗਾ ਸਕਣਗੇ।

• ਸੇਵਾਵਾਂ ਉਪਰ ਕਰ ਲਗਾਉਣ ਦਾ ਅਧਿਕਾਰ ਜੋ ਹੁਣ ਤੱਕ ਸਿਰਫ ਕੇਂਦਰ ਸਰਕਾਰ ਕੋਲ ਸੀ, ਇਸ ਨਾਲ ਰਾਜਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਉਨ੍ਹਾਂ ਦੀ ਪਹੁੰਚ ਅਰਥਤੰਤਰ ਦੇ ਸਭ ਤੋਂ ਵੱਧ ਵਿਕਸਤ ਹੋਣ ਵਾਲੇ ਖੇਤਰ ਤੱਕ ਬਣ ਜਾਵੇਗੀ।

• ਜੀ ਐੱਸ ਟੀ ਮੰਜ਼ਲ ਅਧਾਰਤ ਖਪਤ ਕਰ ਹੋਣ ਕਾਰਨ, ਵਧੇਰੇ ਖਪਤ ਵਾਲੇ ਰਾਜਾਂ ਨੂੰ ਵਧੇਰੇ ਲਾਭ ਮਿਲੇਗਾ।

• ਦੇਸ਼ ਵਿੱਚ ਸਮੁੱਚੇ ਪੂੰਜੀ ਨਿਵੇਸ਼ ਵਿੱਚ ਸੁਧਾਰ ਆਵੇਗਾ ਜਿਸ ਨਾਲ ਕੁਦਰਤੀ ਤੌਰ ਤੇ ਰਾਜਾਂ ਵਿੱਚ ਵਿਕਾਸ ਹੋਵੇਗਾ।

• ਇਕੋ ਜਿਹੀਆਂ ਰਾਜ ਜੀ ਐੱਸ ਟੀ ਅਤੇ ਏਕੀਕ੍ਰਿਤ ਜੀ ਐੱਸ ਟੀ ਦੀਆਂ ਦਰਾਂ ਹੋਣ ਨਾਲ, ਗੁਆਂਢੀ ਰਾਜਾਂ, ਅੰਤਰਰਾਜੀ ਅਤੇ ਰਾਜਾਂ ਦੀ ਅੰਦਰੂਨੀ ਵਿਕਰੀ ਉਪਰ ਹੁੰਡੀ ਵਪਾਰ ਦਾ ਖਾਤਮਾ ਹੋਣ ਨਾਲ, ਕਰ ਚੋਰੀ ਲਈ ਪ੍ਰੇਰਕਾਂ ਵਿੱਚ ਕਮੀ ਆਵੇਗੀ।

• ਕਰ ਦਾਤਾਵਾਂ ਵਲੋਂ ਵਧੇਰੇ ਕਰ ਚੁਕਾਉਣ ਨਾਲ ਰਾਜਾਂ ਦੀ ਪੂੰਜੀ ਵਸੂਲੀ ਵਿੱਚ ਬਹੁਤ ਵਾਧਾ ਹੋਵੇਗਾ।

***ਅੱਜ ਦੇ ਹਾਲਾਤ***

• ਇਸ ਇਤਿਹਾਸਕ ਅਸਿੱਧੇ ਕਰ ਸੁਧਾਰ ਨੂੰ ਲਾਗੂ ਕਰਨ ਲਈ ਸੰਵਿਧਾਨਕ (122ਵਾਂ ਤਰਮੀਮੀ) ਬਿਲ (ਥੋੜ੍ਹੇ ਸ਼ਬਦਾਂ ਵਿੱਚ, ਕੈਬ)

ਸੰਸਦ ਵਿੱਚ ਪੇਸ਼ ਕੀਤਾ ਗਿਆ ਜਿਸ ਨੂੰ ਰਾਜ ਸਭਾ ਨੇ 3 ਅਗਸਤ 2016 ਅਤੇ ਲੋਕ ਸਭਾ ਨੇ 8 ਅਗਸਤ 2016 ਨੂੰ ਮਨਜ਼ੂਰੀ ਦਿੱਤੀ।

• ਕੈਬ ਨੂੰ 15 ਤੋਂ ਵੱਧ ਰਾਜਾਂ ਵਲੋਂ ਮਨਜ਼ੂਰੀ ਤੋਂ ਬਾਅਦ, ਰਾਸ਼ਟਰਪਤੀ ਨੇ 8 ਸਤੰਬਰ 2016 ਨੂੰ ਸੰਵਿਧਾਨਕ (101ਵੇਂ ਤਰਮੀਮੀ) ਕਾਨੂੰਨ, 2016 ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਸ ਵੇਲੇ ਤੋਂ ਹੁਣ ਤੱਕ, ਜੀ ਐੱਸ ਟੀ ਕੌਂਸਲ ਦਾ ਨੋਟੀਫਿਕੇਸ਼ਨ ਕੀਤਾ ਗਿਆ ਹੈ, ਜਿਸ ਨਾਲ ਜੀ ਐੱਸ ਟੀ ਸੰਬੰਧੀ ਮੁੱਦਿਆਂ ਉੱਪਰ ਵਿਚਾਰ ਕਰਨ ਲਈ ਸੰਵਿਧਾਨਕ ਸੰਸਥਾ ਹੋਂਦ ਵਿੱਚ ਆ ਗਈ ਹੈ।

• 16 ਸਤੰਬਰ 2016 ਨੂੰ ਭਾਰਤ ਸਰਕਾਰ ਨੇ ਨੋਟੀਫਿਕੇਸ਼ਨ ਕਰ ਕੇ ਕੈਬ ਦੀਆਂ ਸਾਰੀਆਂ ਮਦਾਂ ਨੂੰ ਲਾਗੂ ਕਰ ਦਿੱਤਾ, ਜਿਸ ਨਾਲ ਜੀ ਐੱਸ ਟੀ ਲਾਗੂ ਕਰਨ ਦਾ ਰਾਹ ਪੂਰੀ ਤਰ੍ਹਾਂ ਪੱਧਰਾ ਹੋ ਗਿਆ। ਇਸ ਨੋਟੀਫਿਕੇਸ਼ਨ ਵਿੱਚ, ਜੀ ਐੱਸ ਟੀ ਲਾਗੂ ਕਰਨ ਦਾ ਸਮਾਂ ਇਕ ਸਾਲ ਨਿਸ਼ਚਿਤ ਕੀਤਾ ਗਿਆ ਹੈ, ਜੋ 15.9.2017 ਤੱਕ ਹੈ, ਜਿਸ ਦਿਨ ਤੱਕ ਜੀ ਐੱਸ ਟੀ ਲਾਗੂ ਕਰ ਦੇਣਾ ਹੈ।

## ਜੀ ਐੱਸ ਟੀ ਕੌਂਸਲ ਦੀਆਂ ਮੀਟਿੰਗਾਂ

ਕੈਬ ਅਧੀਨ ਸਭ ਤੋਂ ਉੱਚ ਪੱਧਰੀ ਫੈਸਲਾਕੁਨ ਸੰਸਥਾ, ਜੀ ਐੱਸ ਟੀ ਕੌਂਸਲ ਹੋਂਦ ਵਿੱਚ ਆਉਣ ਤੋਂ ਬਾਅਦ 13 ਵਾਰ ਮਿਲ ਚੁੱਕੀ ਹੈ ਅਤੇ ਇਨ੍ਹਾਂ ਮੀਟਿੰਗਾਂ ਵਿੱਚ ਲਏ ਕੁੱਝ ਮਹੱਤਵਪੂਰਨ ਫੈਸਲੇ ਇਹ ਹਨ :

• ਜੀ ਐੱਸ ਟੀ ਕੌਂਸਲ ਦੀ ਕਾਰਵਾਈ ਲਈ ਨਿਯਮ।

• ਜੀ ਐੱਸ ਟੀ ਲਾਗੂ ਕਰਨ ਦੀ ਸਮੇਬੱਧਤਾ।

• ਸੰਵਿਧਾਨ ਦੀ ਧਾਰਾ 279 ਏ ਵਿੱਚ ਦਰਜ ਵਿਸ਼ੇਸ਼ ਦਰਜਾ ਪ੍ਰਾਪਤ ਰਾਜਾਂ ਵਿੱਚ ਜੀ ਐੱਸ ਟੀ ਲਾਗੂ ਹੋਣ ਤੋਂ ਛੋਟ ਦੀ ਹੱਦ 10 ਲੱਖ ਰੁਪਏ ਹੋਵੇਗੀ ਅਤੇ ਬਾਕੀ ਰਾਜਾਂ ਵਿੱਚ ਇਹ 20 ਲੱਖ ਰੁਪਏ ਹੋਵੇਗੀ।

• ਇਕਰਾਰ ਸਕੀਮ ਦਾ ਲਾਭ ਉਠਾਉਣ ਲਈ, ਘੱਟ ਤੋਂ ਘੱਟ ਹੱਦ 50 ਲੱਖ ਰੁਪਏ ਹੋਵੇਗੀ। ਸੇਵਾ ਦੇਣ ਵਾਲੇ ਅਤੇ ਕੁੱਝ ਹੋਰ ਇਸ ਸਕੀਮ ਤੋਂ ਬਾਹਰ ਰੱਖੇ ਗਏ ਹਨ।

• ਰਾਜਾਂ ਨੂੰ 5 ਸਾਲ ਤੱਕ, ਜੀ ਐੱਸ ਟੀ ਲਾਗੂ ਹੋਣ ਕਾਰਨ ਆਮਦਨ ਵਿੱਚ ਹੋਣ ਵਾਲੇ ਘਾਟੇ ਨੂੰ ਪੂਰਾ ਕਰਨ ਲਈ, 2015-16 ਨੂੰ ਅਧਾਰ ਸਾਲ ਮੰਨਿਆ ਜਾਵੇਗਾ ਅਤੇ ਉਸ ਉਪਰ 14 ਪ੍ਰਤਿਸ਼ਤ ਦੀ ਮਿਆਦੀ ਦਰ ਦਾ ਵਾਧਾ ਗਿਣਿਆ ਜਾਵੇਗਾ।

• ਰਜਿਸਟਰੀ, ਅਦਾਇਗੀ, ਰਿਟਰਨ, ਰਕਮ ਵਾਪਸੀ ਅਤੇ ਬਿਲ, ਲੈਣ-ਦੇਣ ਦੀ ਦਰਜਾਬੰਦੀ ਨੂੰ ਮਨਜ਼ੂਰੀ। ਇਹ ਸਮਝਦਾਰੀ ਬਣੀ ਕਿ ਕੌਂਸਲ ਮੁਖੀ ਦੀ ਰਜ਼ਾਮੰਦੀ ਨਾਲ, ਸੰਬੰਧਿਤ ਧਿਰਾਂ ਜਾਂ ਵਿਧੀ ਵਿਭਾਗ ਵਲੋਂ ਢੁਕਵੇਂ ਸੁਝਾਵਾਂ ਦੇ ਅਧਾਰ ਉਤੇ ਕੁੱਝ ਛੋਟੀਆਂ ਮੋਟੀਆਂ ਤਬਦੀਲੀਆਂ ਕਰਨ ਦੀ ਇਜਾਜ਼ਤ ਹੋਵੇਗੀ।

• ਕਿਸੇ ਵੀ ਚਾਲੂ ਕਰ ਪ੍ਰੇਰਕ ਸਕੀਮ ਅਧੀਨ ਅਸਿੱਧੇ ਕਰਾਂ ਦੀ ਦੇਣਦਾਰੀ ਤੋਂ ਮਿਲੀ ਛੋਟ ਵਾਲੇ ਸਭ ਅਦਾਰਿਆਂ ਨੂੰ, ਜੀ ਐੱਸ ਟੀ ਅਧੀਨ ਕਰ ਅਦਾ ਕਰਨਾ ਪਵੇਗਾ ਅਤੇ ਕਿਸੇ ਵੀ ਪ੍ਰੇਰਕ ਸਕੀਮ ਨੂੰ ਚਾਲੂ ਰਖਣ ਦਾ ਫੈਸਲਾ ਸੰਬੰਧਿਤ ਰਾਜ ਜਾਂ ਕੇਂਦਰ ਸਰਕਾਰ ਦਾ ਹੋਵੇਗਾ। ਜੇਕਰ ਕੋਈ ਰਾਜ ਜਾਂ ਕੇਂਦਰ ਸਰਕਾਰ ਕਿਸੇ ਚਾਲੂ ਛੋਟ/ਪ੍ਰੇਰਕ ਸਕੀਮ ਨੂੰ ਜਾਰੀ ਰੱਖਣ ਦਾ ਫੈਸਲਾ ਲੈਂਦੀ ਹੈ ਤਾਂ ਇਸ ਨੂੰ ਕਰ ਵਾਪਸੀ ਪੱਧਤੀ ਅਨੁਸਾਰ ਲਾਗੂ ਕੀਤਾ ਜਾਵੇਗਾ।

• ਚਾਰ ਸਲੈਬ ਵਾਲੇ ਕਰ ਢਾਂਚੇ 5 ਪ੍ਰਤਿਸ਼ਤ, 12 ਪ੍ਰਤਿਸ਼ਤ, 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ ਨੂੰ ਅਪਣਾਉਣਾ। ਇਸ ਤੋਂ ਇਲਾਵਾ, ਕਰ ਛੋਟ ਵਾਲੀਆਂ ਵਸਤਾਂ ਦੀ ਇਕ ਸ਼੍ਰੇਣੀ ਹੋਵੇਗੀ ਅਤੇ ਕੁੱਝ ਵਸਤਾਂ, ਜਿਵੇਂ ਕਿ ਵੱਡੀਆਂ ਕਾਰਾਂ, ਗੈਸਦਾਰ ਪੇਯ, ਪਾਨ ਮਸਾਲਾ ਅਤੇ ਤੰਬਾਕੂ ਦੇ ਉਤਪਾਦਨਾਂ ਆਦਿ ਉਪਰ ਰਾਜਾਂ ਦੀ ਕਮੀ ਪੂਰੀ ਕਰਨ ਲਈ, 28 ਪ੍ਰਤਿਸ਼ਤ ਦੀ ਦਰ ਉਪਰ ਸੈਸ ਲਗਾਈ ਜਾਵੇਗੀ।

• ਵਸਤੂ ਅਤੇ ਸੇਵਾ ਕਰ ਕੇਂਦਰੀ ਬਿਲ 2017, ਏਕੀਕ੍ਰਿਤ ਵਸਤੂ ਅਤੇ ਸੇਵਾ ਕਰ ਬਿਲ 2017, ਕੇਂਦਰ ਸ਼ਾਸਤ ਪ੍ਰਦੇਸ਼ (ਬਿਨਾਂ ਵਿਧਾਨ ਮੰਡਲ ਵਾਲੇ) ਵਸਤੂ ਅਤੇ ਸੇਵਾ ਕਰ ਬਿਲ 2017 ਅਤੇ ਵਸਤੂ ਅਤੇ ਸੇਵਾ ਕਰ (ਰਾਜਾਂ ਨੂੰ ਹਾਨੀ ਪੂਰਤੀ) ਬਿਲ 2017 ਨੂੰ ਲੋਕ ਸਭਾ ਨੇ 29 ਮਾਰਚ 2017 ਨੂੰ ਅਤੇ ਰਾਜ ਸਭਾ ਨੇ 6 ਅਪ੍ਰੈਲ 2017 ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਨ੍ਹਾਂ ਨੂੰ ਹੁਣ ਜਨਤਕ ਡੋਮੇਨ ਵਿੱਚ ਰੱਖਿਆ ਗਿਆ ਹੈ।

• ਰਜਿਸਟਰੇਸ਼ਨ ਨਿਯਮ • ਰਿਟਰਨ ਨਿਯਮ • ਬਿਲ ਨਿਯਮ • ਅਦਾਇਗੀ ਨਿਯਮ • ਰਕਮ ਵਾਪਸੀ ਨਿਯਮ • ਇਨਪੁਟ ਕਰ ਲੈਣਦਾਰੀ ਨਿਯਮ • ਕੀਮਤ ਨਿਰਧਾਰਨ (ਪੂਰਤੀ ਕੀਤੀਆਂ ਵਸਤੂਆਂ ਅਤੇ ਸੇਵਾਵਾਂ ਦਾ ਕੀਮਤ ਨਿਰਧਾਰਨ) ਬਿਲ • ਪਰਿਵਰਤਨੀ ਨਿਯਮ • ਇਕਰਾਰ ਨਿਯਮ।

## *ਜੀ ਐੱਸ ਟੀ ਦੀਆਂ ਲਾਗੂ ਕਰਨ ਵਿੱਚ ਚੁਨੌਤੀਆਂ*

• 1 ਜੁਲਾਈ 2017 ਤੱਕ ਜੀ ਐੱਸ ਟੀ ਲਾਗੂ ਕਰਨ ਦੀ ਸਮੇਬੱਧਤਾ ਦੀ ਚੁਨੌਤੀ।

• ਰਾਜ ਵਿਧਾਨ ਮੰਡਲਾਂ ਵਲੋਂ ਖਰੜਾ ਬਿਲਾਂ ਨੂੰ ਮਨਜ਼ੂਰੀ।

• ਕਰ ਪ੍ਰਣਾਲੀ ਦੇ ਅਧਾਰਕ ਢਾਂਚੇ ਅਤੇ ਤਕਨਾਲੋਜੀ ਵਿੱਚ ਸੁਧਾਰ, ਖ਼ਾਸ ਤੌਰ ਤੇ ਰਾਜਾਂ ਵਿੱਚ।

• ਵਪਾਰ ਅਤੇ ਉਦਯੋਗ ਦੀ ਸੂਚਨਾ ਅਤੇ ਤਕਨਾਲੋਜੀ ਪ੍ਰਣਾਲੀ ਵਿੱਚ ਬਦਲਾਉ।

ਹੁਣ ਸਾਰਾ ਜ਼ੋਰ, ਸਮੁੱਚੇ ਦੇਸ਼ ਵਿੱਚ ਸਭ ਸੰਬੰਧਿਤ ਧਿਰਾਂ ਅਤੇ ਆਮ ਲੋਕਾਂ ਦੇ ਸ਼ੱਕ/ਨਿਸ਼ਚਿੰਤਤਾ ਅਤੇ ਗਲਤਫਹਿਮੀਆਂ ਜੇਕਰ ਜੀ ਐੱਸ ਟੀ ਬਾਰੇ ਕੋਈ ਹੋਣ ਅਤੇ ਇਸ ਦੇ ਵਪਾਰ, ਕੀਮਤਾਂ ਖ਼ਾਸ ਤੌਰ ਤੇ ਆਮ ਵਰਤੋਂ ਦੀਆਂ ਜ਼ਰੂਰੀ ਵਸਤਾਂ ਅਤੇ ਰੋਜ਼ਗਾਰ ਦੇ ਮੌਕਿਆਂ ਆਦਿ ਬਾਰੇ ਕੋਈ ਹੋਣ ਤਾਂ ਜਾਗਰੂਕਤਾ ਪੈਦਾ ਕਰਕੇ ਉਨ੍ਹਾਂ ਨੂੰ ਦੂਰ ਕਰਨ ਉਪਰ ਹੋਵੇਗਾ। ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਜੀ ਐੱਸ ਟੀ ਅਤੇ ਉਸ ਨਾਲ ਸੰਬੰਧਿਤ ਬਿਲਾਂ ਅਤੇ ਆਨਲਾਈਨ ਰਿਟਰਨ ਦਾਖਲ ਕਰਨ ਦੇ ਤਰੀਕੇ ਬਾਰੇ ਅਤੇ ਕਿਸ ਤਰ੍ਹਾਂ ਇਨਪੁਟ ਕਰ ਅਦਾਇਗੀ ਨੂੰ ਵਾਪਸ ਲੈਂਦਾ ਹੈ, ਉਸ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਉਣਾ ਹੋਵੇ ਗਾ। ਸਰਕਾਰ ਹੁਣ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਸ ਰੱਖਦੀ ਹੈ ਕਿ ਇਸ ਮਹਾਨ ਅਸਿੱਧੇ ਕਰ ਸੁਧਾਰ ਨੂੰ 1 ਜੁਲਾਈ 2017 ਤੋਂ ਲਾਗੂ ਕੀਤਾ ਜਾ ਸਕੇਗਾ।

*(ਲੇਖਕ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਹੇਠਲੇ ਪੱਤਰ ਸੂਚਨਾ ਦਫ਼ਤਰ ਵਿੱਚ ਵਧੀਕ ਡਾਇਰੈਕਟਰ ਜਨਰਲ (ਐੱਮ ਐਂਡ ਸੀ) ਅਤੇ ਵਿੱਤ, ਕਾਰਪੋਰੇਟ ਮਾਮਲਿਆਂ ਅਤੇ ਮੁਕਾਬਲੇਬਾਜ਼ੀ ਬਾਰੇ ਭਾਰਤੀ ਕਮਿਸ਼ਨ ਦੇ ਮੁਖੀ ਹਨ।)*

# ਦਿਹਾਤੀ ਵਿਕਾਸ : ਰੋਜ਼ਗਾਰ ਰਾਹੀਂ ਜ਼ਿੰਦਗੀਆਂ ਬਦਲਣੀਆਂ

ਅਮਰਜੀਤ ਸਿਨਹਾ

ਦਿਹਾਤੀ ਵਿਕਾਸ ਨਿਰੰਤਰ ਆਰਥਿਕ ਤਰੱਕੀ ਅਤੇ ਮਨੁੱਖੀ ਵਿਕਾਸ ਦੀ ਕੁੰਜੀ ਹੈ। ਗਰੀਬੀ ਵਿੱਚ ਉਸ ਵੇਲੇ ਹੀ ਤੇਜ਼ੀ ਨਾਲ ਕਮੀ ਆਉਂਦੀ ਹੈ ਜਦੋਂ ਦਿਹਾਤੀ ਆਰਥਿਕਤਾਵਾਂ ਉੱਭਰਦੀਆਂ ਹਨ, ਖੇਤੀ ਅਤੇ ਗ਼ੈਰ ਖੇਤੀ ਖੇਤਰ ਵਿੱਚ ਰੋਜ਼ਗਾਰ ਦੀ ਵਿਭਿੰਨਤਾ ਲਈ ਮੌਕੇ ਪੈਦਾ ਕਰਦੀਆਂ ਹਨ। ਵਿਸ਼ਵ ਤਾਕਤ ਵਜੋਂ ਭਾਰਤ ਦਾ ਉਭਰਨਾ ਇਸ ਦਾ ਦਿਹਾਤੀ ਗਰੀਬੀ ਅਤੇ ਵਿਕਾਸ ਦੀਆਂ ਚੁਨੌਤੀਆਂ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਉੱਤੇ ਨਿਰਭਰ ਕਰਦਾ ਹੈ। ਇਸੇ ਕਾਰਨ ਕਰਕੇ ਹੀ ਸਰਕਾਰ ਦਿਹਾਤੀ ਖੇਤਰਾਂ ਵਿੱਚ ਰੋਜ਼ਗਾਰ ਰਾਹੀਂ ਜ਼ਿੰਦਗੀਆਂ ਤਬਦੀਲ ਕਰਨ ਅਤੇ ਢਾਂਚੇ ਵਿੱਚ ਸੁਧਾਰ ਕਰਨ ਨੂੰ ਉੱਚ ਪਹਿਲ ਦਿੰਦੀ ਹੈ ਤਾਂ ਕਿ ਮਨੁੱਖ ਦਾ ਜੀਵਨ ਪੱਧਰ ਵਧੀਆ ਬਣ ਸਕੇ। ਸਿਰਫ ਦਿਹਾਤੀ ਵਿਕਾਸ ਏਜੰਡੇ ਰਾਹੀਂ ਹੀ ਮਨੁੱਖੀ ਵਿਕਾਸ ਸੰਭਵ ਹੈ।

ਦਿਹਾਤੀ ਗਰੀਬੀ ਦੇ ਕਈ ਦਿਸਹੱਦੇ ਹਨ। ਇਸੇ ਕਾਰਨ ਕਰਕੇ ਗਰੀਬੀ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ ਹੈ। ਇਕ ਪਰਿਵਾਰ ਗਰੀਬ ਹੋ ਸਕਦਾ ਹੈ ਜੇ ਉਨ੍ਹਾਂ ਕੋਲ ਰਹਿਣ ਲਈ ਜਗ੍ਹਾ ਨਾ ਹੋਵੇ। ਉਹ ਤਾਂ ਵੀ ਗਰੀਬ ਹੋ ਸਕਦਾ ਹੈ ਜੇ ਉਹ ਅਨਪੜ੍ਹ ਹੋਵੇ ਅਤੇ ਮੁਹਾਰਤ ਤੋਂ ਰਹਿਤ ਹੋਵੇ, ਉਹ ਤਾਂ ਵੀ ਗਰੀਬ ਹੋ ਸਕਦਾ ਹੈ ਜੇ ਉਸ ਦੀ ਕੋਈ ਜਾਇਦਾਦ ਨਾ ਹੋਵੇ, ਉਹ ਖਰਾਬ ਸਿਹਤ ਕਾਰਨ ਵੀ ਗਰੀਬ ਹੋ ਸਕਦਾ ਹੈ। ਕਿਸੇ ਵਿਅਕਤੀ ਦੀ ਮਨੁੱਖੀ ਸਮਰੱਥਾ ਵਿੱਚ ਰੁਕਾਵਟ ਬਣਨ ਵਾਲੇ ਕਈ ਕਾਰਨ ਹੋ ਸਕਦੇ ਹਨ। ਦਿਹਾਤੀ ਵਿਕਾਸ ਲਈ ਅਸਲ ਚੁਨੌਤੀ ਪੂਰੀ ਮਨੁੱਖੀ ਸਮਰੱਥਾ ਦੀ ਸਹੀ ਵਰਤੋਂ ਕਰਨ ਦੇ ਮੌਕਿਆਂ ਨੂੰ ਤਿਆਰ ਕਰਨਾ ਹੈ ਅਤੇ ਇਹ ਕੰਮ ਮਨੁੱਖੀ ਵਿਕਾਸ ਅਤੇ ਆਰਥਿਕ ਤਰੱਕੀ ਦੀਆਂ ਸੇਵਾਵਾਂ ਤੱਕ ਪਹੁੰਚ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ।

**ਦਿਹਾਤੀ ਵਿਕਾਸ ਵਿਭਾਗ, ਜਿਸ ਦਾ ਸਾਲਾਨਾ ਬਜਟ 1 ਲੱਖ ਕਰੋੜ ਰੁਪਏ ਹੈ, ਗਰੀਬੀ ਦੇ ਕਈ ਪਹਿਲੂਆਂ ਨਾਲ ਨਜਿੱਠ ਸਕਦਾ ਹੈ ਅਤੇ ਦਿਹਾਤੀ ਇਲਾਕਿਆਂ ਵਿੱਚ ਗਰੀਬਾਂ ਦੀ ਭਲਾਈ ਯਕੀਨੀ ਬਣਾਉਣ ਲਈ ਦੂਜੇ ਵਿਭਾਗਾਂ ਨਾਲ ਤਾਲਮੇਲ ਕਰ ਸਕਦਾ ਹੈ। ਜੇ ਸਾਰੇ ਵਿਭਾਗਾਂ ਅਤੇ ਰਾਜ ਸਰਕਾਰਾਂ ਦੇ ਕਈ ਬਜਟਾਂ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਦਿਹਾਤੀ ਖੇਤਰਾਂ ਉੱਤੇ ਹਰ ਸਾਲ 3-4 ਲੱਖ ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ।**

ਸੋਕੇ ਵਾਲੀ ਸਥਿਤੀ ਵਿੱਚ ਪਾਣੀ ਦੀ ਸੰਭਾਲ ਉੱਤੇ ਜ਼ੋਰ ਨੇ ਇਕ ਸੰਗਠਤ ਖੇਤੀ ਸਿਸਟਮ ਦੇ ਵਿਕਾਸ ਵੱਲ ਧਿਆਨ ਦੇਣਾ ਯਕੀਨੀ ਬਣਾਇਆ ਹੈ। ਇਸ ਵਿੱਚ ਫ਼ਸਲਾਂ, ਬਾਗ਼ਬਾਨੀ, ਪਸ਼ੂ ਪਾਲਣ ਤੋਂ ਇਲਾਵਾ ਗ਼ੈਰ ਖੇਤੀ ਵਾਲੇ ਰੋਜ਼ਗਾਰ ਵੀ ਸ਼ਾਮਲ ਹਨ। ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਜ਼ਾਮਨੀ ਸਕੀਮ (ਮਗਨਰੇਗਾ) ਅਧੀਨ ਸੋਮਿਆਂ ਨੂੰ ਜ਼ਿੰਦਗੀ ਦੇ ਇਕ ਸੋਮੇ ਵਜੋਂ ਵੇਖਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪਰਿਵਾਰਾਂ ਦੀ ਜ਼ਿੰਦਗੀ ਦੀ ਵਿਭਿੰਨਤਾ ਵਜੋਂ ਵਰਤਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਬੀਤੇ ਦਿਨੀ ਮਿਸ਼ਨ ਨੂੰ ਲਾਗੂ ਕਰਨ ਲਈ ਜੋ ਅਗਵਾਈ ਲੀਹਾਂ ਤਿਆਰ ਕੀਤੀਆਂ ਗਈਆਂ ਹਨ ਉਨ੍ਹਾਂ ਅਨੁਸਾਰ ਮਗਨਰੇਗਾ ਸੋਮਿਆਂ ਦੀ ਵਰਤੋਂ ਸੋਕਾ ਰਹਿਤ ਜਲ ਵਿਭਾਜਕ ਖੇਤਰਾਂ ਵਿੱਚ ਉਚਾਣ ਤੋਂ ਨਿਵਾਣ ਵੱਲ ਦੇ ਸਿਧਾਂਤ ਉਤੇ ਕਾਫੀ ਵਿਗਿਆਨਕ ਅਤੇ ਤਕਨੀਕੀ ਆਧਾਰ ਉਤੇ ਕੀਤੀ ਜਾਵੇਗੀ।

ਦੀਨ ਦਿਆਲ ਅੰਤੋਦਿਯ ਯੋਜਨਾ – ਰਾਸ਼ਟਰੀ ਦਿਹਾਤੀ ਰੋਜ਼ਗਾਰ ਮਿਸ਼ਨ (ਡੀ ਏ ਵਾਈ ਐੱਨ ਆਰ ਐੱਲ ਐੱਮ), ਅਧੀਨ ਮਾਈਕਰੋ ਕਰੈਡਿਟ ਯੋਜਨਾ ਦਾ ਉਦੇਸ਼ ਪਹਿਲਾ ਸਵੈ-ਸਹਾਇਤਾ ਗਰੁੱਪਾਂ (ਐੱਸ ਐੱਚ ਜੀਜ਼) ਰਾਹੀਂ ਕੰਮ ਕਰਨਾ ਹੈ ਅਤੇ ਉਨ੍ਹਾਂ ਪਰਿਵਾਰਾਂ ਨੂੰ ਆਰਥਿਕ ਸਰਗਰਮੀਆਂ ਲਈ ਸੰਸਥਾਗਤ ਕਰਜ਼ਾ ਪ੍ਰਦਾਨ ਕਰਦਾ ਹੈ। 31 ਲੱਖ ਤੋਂ ਵੱਧ ਮਹਿਲਾ ਸਵੈ-ਸਹਾਇਤਾ ਗਰੁੱਪ ਅਤੇ ਲਗਭਗ 3.6 ਕਰੋੜ ਔਰਤਾਂ ਇਸ ਮਿਸ਼ਨ ਦਾ ਹਿੱਸਾ ਹਨ। ਸਵੈ-ਸਹਾਇਤਾ ਗਰੁੱਪਾਂ (ਐੱਸ ਐੱਚ ਜੀਜ਼), ਦਿਹਾਤੀ ਸੰਗਠਨਾਂ (ਵੀ ਓਜ਼), ਭਾਈਚਾਰਕ ਰਿਸੋਰਸ ਪਰਸਨਜ਼ (ਸੀ ਆਰ ਪੀਜ਼) ਰਾਹੀਂ ਪ੍ਰਭਾਵੀ ਸਮਾਜਿਕ ਪੂੰਜੀ ਵਿਕਸਤ ਕਰਨ ਤੋਂ ਬਾਅਦ ਹੁਣ ਮੁੱਖ ਜ਼ੋਰ ਇਨ੍ਹਾਂ ਗਰੁੱਪਾਂ ਨੂੰ ਆਰਥਿਕ ਸਰਗਰਮੀਆਂ ਵੱਲ ਲਗਾਉਣ ਵੱਲ ਹੋ ਗਿਆ ਹੈ ਜਿਸ ਵਿੱਚ ਢੁਕਵੇਂ ਬੈਂਕ ਸੰਪਰਕਾਂ ਉਤੇ ਜ਼ੋਰ ਦਿੱਤਾ ਜਾਵੇਗਾ। ਮਹਿਲਾ ਐੱਸ ਐੱਚ ਜੀ ਨੇ ਪਿਛਲੇ ਤਿੰਨ ਸਾਲ ਵਿੱਚ 85,000 ਕਰੋੜ ਰੁਪਏ ਦਾ ਕਰਜ਼ਾ ਵੰਡਿਆ ਹੈ। ਇਨ੍ਹਾਂ ਵਿੱਚੋਂ ਵਧੇਰੇ ਸੋਮੇ ਗਰੀਬ ਘਰਾਂ ਦੀ ਆਮਦਨ ਵਧਾਉਣ ਲਈ ਪ੍ਰਭਾਵੀ ਢੰਗ ਨਾਲ ਵਰਤੇ ਜਾ ਰਹੇ ਹਨ। ਐੱਮ ਜੀ ਐੱਨ ਆਰ ਈ ਜੀ ਐੱਸ ਦੇ ਸੋਮਿਆਂ ਦੀ ਵਰਤੋਂ ਬਕਰੀਆਂ ਲਈ ਸ਼ੈੱਡ ਬਣਾਉਣ, ਮੁਰਗੀ ਸ਼ੈੱਡ, ਡੇਅਰੀ ਸ਼ੈੱਡ, ਤਲਾਬ ਬਣਾਉਣ ਅਤੇ ਖੂਹਾਂ ਦੀ ਖੁਦਾਈ ਕਰਨ ਲਈ ਕੀਤੀ ਜਾ ਰਹੀ ਹੈ ਤਾਂ ਕਿ ਆਮ ਲੋਕ ਉਥੋਂ ਆਮਦਨ ਹਾਸਲ ਕਰਕੇ ਆਪਣਾ ਜੀਵਨ ਪੱਧਰ ਸੁਧਾਰ ਸਕਣ।

## 2016-17 ਵਿੱਚ ਦਿਹਾਤੀ ਵਿਕਾਸ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ

2016-17 ਸਾਲ ਵਿੱਚ ਵਧੇਰੇ ਦਿਹਾਤੀ

ਵਿਕਾਸ ਪ੍ਰੋਗਰਾਮਾਂ ਅਧੀਨ ਪ੍ਰਾਪਤੀਆਂ ਕਾਫੀ ਅਹਿਮ ਰਹੀਆਂ ਹਨ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀ ਐੱਮ ਜੀ ਐੱਸ ਵਾਈ) ਅਧੀਨ ਸੜਕਾਂ ਦੀ ਉਸਾਰੀ 2011-14 ਵਿੱਚ 73.5 ਕਿਲੋਮੀਟਰ ਪ੍ਰਤਿ ਦਿਨ ਸੀ ਜੋ 2014-16 ਵਿੱਚ ਵਧ ਕੇ 100 ਕਿਲੋਮੀਟਰ ਪ੍ਰਤਿ ਦਿਨ ਅਤੇ 2016-17 ਵਿੱਚ 130 ਕਿਲੋਮੀਟਰ ਪ੍ਰਤਿ ਦਿਨ ਹੋ ਗਈ, ਜਿਸ ਤੋਂ ਤੇਜ਼ ਹੋ ਰਹੇ ਯਤਨਾਂ ਦਾ ਝਲਕਾਰਾ ਪੈਂਦਾ ਹੈ। ਇਸੇ ਤਰ੍ਹਾਂ ਦਿਹਾਤੀ ਮਕਾਨ ਉਸਾਰੀ ਪ੍ਰੋਗਰਾਮ (ਆਰ ਐੱਚ), ਜਿਸ ਵਿੱਚ ਕਿ ਮੁੱਖ ਜ਼ੋਰ ਇੰਦਰਾ ਆਵਾਸ ਯੋਜਨਾ (ਆਈ ਏ ਵਾਈ) ਦੇ ਸਾਰੇ ਅਧੂਰੇ ਪਏ ਮਕਾਨਾਂ ਨੂੰ ਪੂਰਾ ਕਰਨ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ (ਪੀ ਐੱਮ ਏ ਵਾਈ ਜੀ) ਵਿੱਚ ਉਸਾਰੀ ਸ਼ੁਰੂ ਕਰਨ ਉੱਤੇ ਸੀ, ਅਤੇ ਜਿਸ ਨੂੰ ਮਾਨਯੋਗ ਪ੍ਰਧਾਨ ਮੰਤਰੀ ਨੇ 20 ਨਵੰਬਰ 2016 ਨੂੰ ਚਾਲੂ ਕੀਤਾ ਸੀ, ਵਿੱਚ ਰਾਜਾਂ ਨੇ 32.14 ਲੱਖ ਮਕਾਨ ਪੂਰੇ ਹੋਣ ਦੀ ਰਿਪੋਰਟ ਦਿੱਤੀ। ਇਹ ਗਿਣਤੀ 2011-14 ਵਿੱਚ ਪੂਰੇ ਹੋਏ ਮਕਾਨਾਂ ਦੀ ਔਸਤਨ ਗਿਣਤੀ ਨਾਲੋਂ 2 ਤੋਂ 3 ਗੁਣਾ ਜ਼ਿਆਦਾ ਸੀ। ਇਸੇ ਤਰ੍ਹਾਂ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਜ਼ਾਮਨੀ ਸਕੀਮ (ਐੱਮ ਜੀ ਐੱਨ ਆਰ ਈ ਜੀ ਐੱਸ) ਵਿੱਚ ਆਮ ਤੌਰ ਤੇ 25 ਤੋਂ 30 ਲੱਖ ਕੰਮ ਪੂਰੇ ਹੁੰਦੇ ਸਨ, 2016-17 ਵਿੱਚ 52 ਲੱਖ ਕੰਮ ਪੂਰੇ ਕੀਤੇ ਗਏ। ਇਸ ਸਕੀਮ ਅਧੀਨ ਪਹਿਲੀ ਵਾਰੀ 52 ਲੱਖ ਜਾਇਦਾਦਾਂ ਜੀ ਓ ਟੈਗਡ ਕੀਤੀਆਂ ਗਈਆਂ। ਹੇਠਾਂ ਇਸ ਯੋਜਨਾ ਅਧੀਨ ਵੱਖ-ਵੱਖ ਪ੍ਰੋਗਰਾਮਾਂ ਅਧੀਨ ਕੀਤੀਆਂ ਗਈਆਂ ਮੁੱਖ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ।

## ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀ ਐੱਮ ਜੀ ਐੱਸ ਵਾਈ)

2016-17 ਵਿੱਚ ਰਿਕਾਰਡ 47,350 ਕਿਲੋਮੀਟਰ ਪੀ ਐੱਮ ਜੀ ਐੱਸ ਵਾਈ ਸੜਕ ਤਿਆਰ ਕੀਤੀ ਗਈ। ਇਹ ਪਿਛਲੇ 7 ਸਾਲਾਂ ਵਿੱਚ ਸਿਰਫ 1 ਸਾਲ ਵਿੱਚ ਪੀ ਐੱਮ ਜੀ ਐੱਸ ਵਾਈ ਸੜਕਾਂ ਦੀ ਸਭ ਤੋਂ ਵੱਡੀ ਉਸਾਰੀ ਸੀ।

2016-17 ਵਿੱਚ 47350 ਕਿਲੋਮੀਟਰ ਪੀ ਐੱਮ ਜੀ ਐੱਸ ਵਾਈ ਸੜਕਾਂ ਤਿਆਰ ਕਰਕੇ 11,614 ਅਬਾਦੀਆਂ ਨੂੰ ਆਪਸ ਵਿੱਚ ਜੋੜਿਆ ਗਿਆ (ਰੋਜ਼ਾਨਾ ਔਸਤਨ 32 ਅਬਾਦੀਆਂ ਨੂੰ ਸੰਪਰਕ ਪ੍ਰਦਾਨ ਕੀਤਾ ਗਿਆ)। ਪੀ ਐੱਮ ਜੀ ਐੱਸ ਵਾਈ ਦੀਆਂ ਸੜਕਾਂ ਰਾਹੀਂ ਅਬਾਦੀ ਨੂੰ ਜੋੜਨ ਦੀ ਗਿਣਤੀ ਦੇ ਹਿਸਾਬ ਨਾਲ 11,606 ਪਿਛਲੇ 7 ਸਾਲਾਂ ਵਿੱਚ ਸਭ ਤੋਂ ਵੱਡੀ ਗਿਣਤੀ ਹੈ।

**ਦਿਹਾਤੀ ਸੜਕਾਂ ਦੇ ''ਕਾਰਬਨ ਫੁੱਟਪ੍ਰਿੰਟ" ਨੂੰ ਘਟਾਉਣ, ਚੌਗਿਰਦੇ ਦੇ ਪ੍ਰਦੂਸ਼ਣ ਨੂੰ ਘੱਟ ਕਰਨ, ਕੰਮ ਦੇ ਮੌਸਮ ਨੂੰ ਵਧਾਉਣ ਅਤੇ ਲਾਗਤ ਨੂੰ ਘੱਟ ਕਰਨ ਲਈ ਪੀ ਐੱਮ ਜੀ ਐੱਸ ਵਾਈ ਬੜੀ ਤੇਜ਼ੀ ਨਾਲ ''ਗਰੀਨ ਤਕਨਾਲੋਜੀਜ਼" ਦੀ ਵਰਤੋਂ ਕਰ ਰਿਹਾ ਹੈ ਅਤੇ ਗ਼ੈਰ ਰਵਾਇਤੀ ਸਮਾਨ ਜਿਵੇਂ ਕਿ ਖਰਾਬ ਹੋਇਆ ਪਲਾਸਟਿਕ, ਕੋਲਡ ਮਿਕਸ, ਜੀਓ ਟੈਕਸਟਾਈਲ, ਸਵਾਹ, ਲੋਹੇ ਅਤੇ ਤਾਂਬੇ ਦੇ ਜਾਇਆ ਟੁਕੜੇ ਆਦਿ ਦੀ ਵਰਤੋਂ ਨੂੰ ਦਿਹਾਤੀ ਸੜਕਾਂ ਦੀ ਉਸਾਰੀ ਵਿੱਚ ਵਰਤ ਰਿਹਾ ਹੈ।**

4,113.13 ਕਿਲੋਮੀਟਰ ਪੀ ਐੱਮ ਜੀ ਐੱਸ ਵਾਈ ਦੀਆਂ ਸੜਕਾਂ ਦੀ ਉਸਾਰੀ 2016-17 ਵਿੱਚ ''ਗਰੀਨ ਤਕਨਾਲੋਜੀ" ਦੀ ਵਰਤੋਂ ਕਰਕੇ ਕੀਤੀ ਗਈ।

ਐੱਮ ਜੀ ਐੱਨ ਆਰ ਈ ਜੀ ਐੱਸ - ਅਧਾਰਿਤ ਤਬਦੀਲੀ ਅਤੇ ਪਾਣੀ ਸੰਭਾਲ ਉੱਤੇ 2016-17 ਵਿੱਚ ਜ਼ੋਰ ਦਿੱਤਾ ਗਿਆ। ਵਿੱਤੀ ਸਾਲ 2016-17 ਨੇ ਐੱਮ ਜੀ ਐੱਨ ਆਰ ਈ ਜੀ ਐੱਸ ਆਧਾਰਿਤ ਵਿਸ਼ੇਸ਼ ਪ੍ਰਬੰਧਨ ਦਾ ਨਜ਼ਾਰਾ ਵੇਖਿਆ ਜਿਸ ਵਿੱਚ ਪਾਣੀ ਦੀ ਸੰਭਾਲ ਉੱਤੇ ਲਗਾਤਾਰ ਜ਼ੋਰ ਦਿੱਤਾ ਗਿਆ। 82 ਪ੍ਰਤਿਸ਼ਤ ਤੋਂ ਵੱਧ ਸਰਗਰਮ ਵਰਕਰਾਂ (9.1 ਕਰੋੜ), ਜਿਨ੍ਹਾਂ ਦਾ ਨਰੇਗਾ ਸੌਫਟ ਨਾਲ ਆਧਾਰ ਸੰਪਰਕ ਜੁੜਿਆ, 4.6 ਕਰੋੜ ਵਰਕਰ ਜਿਨ੍ਹਾਂ ਲਈ ਆਧਾਰ ਆਧਾਰਿਤ ਭੁਗਤਾਨ ਦਾ ਰਾਹ ਬਣਿਆ, 96 ਪ੍ਰਤਿਸ਼ਤ ਤਨਖਾਹਾਂ ਬੈਂਕਾਂ/ਡਾਕਘਰ ਖਾਤਿਆਂ ਤੋਂ ਇਲੈਕਟ੍ਰਾਨਿਕ ਢੰਗ ਨਾਲ ਭੁਗਤਾਈਆਂ ਗਈਆਂ, 89 ਲੱਖ ਤੋਂ ਵੱਧ ਜਾਇਦਾਦਾਂ ਨੂੰ ਜੀਓ ਟੈਗਡ ਕੀਤਾ ਗਿਆ ਹੈ, ਹੁਣ ਤੱਕ 93 ਲੱਖ ਨੌਕਰੀ ਕਾਰਡਾਂ ਨੂੰ ਸਹੀ ਜਾਂਚ ਤੋਂ ਬਾਅਦ ਖਤਮ ਕੀਤਾ ਗਿਆ ਹੈ, ਵੱਡੇ ਪੱਧਰ ਉਤੇ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਪਾਣੀ ਸੰਭਾਲ ਦੇ ਪ੍ਰਬੰਧ ਕੀਤੇ ਗਏ, ਐੱਮ ਜੀ ਐੱਨ ਆਰ ਈ ਜੀ ਐੱਸ ਨੂੰ ਇਕ ਸਹੀ ਪ੍ਰਬੰਧਨ ਪ੍ਰੋਗਰਾਮ ਅਧੀਨ ਲਾਗੂ ਕੀਤਾ ਗਿਆ ਜਿਸ ਨਾਲ ਗਰੀਬ ਖੇਤਰਾਂ ਵਿੱਚ ਜੀਵਨ ਸੁਰੱਖਿਆ ਲਈ ਮਜ਼ਬੂਤ ਅਸਾਸਿਆਂ ਦਾ ਪ੍ਰਬੰਧ ਹੋਇਆ। ਐੱਮ ਜੀ ਐੱਨ ਆਰ ਈ ਜੀ ਐੱਸ ਨੇ 230 ਕਰੋੜ ਕੰਮਕਾਜੀ ਦਿਨਾਂ ਦਾ ਪ੍ਰਬੰਧ ਕੀਤਾ ਜੋ ਕਿ ਸੋਚੇ ਹੋਏ ਕਿਰਤ ਬਜਟ ਤੋਂ ਜ਼ਿਆਦਾ ਹੈ। 58,056 ਕਰੋੜ ਰੁਪਏ ਦਾ ਕੁੱਲ ਆਰਜ਼ੀ (ਕੇਂਦਰ ਅਤੇ ਰਾਜਾਂ ਦਾ) ਪ੍ਰਬੰਧ ਕਿਸੇ ਵੀ ਸਾਲ ਵਿੱਚ ਐੱਮ ਜੀ ਐੱਨ ਆਰ ਜੀ ਐੱਸ ਵਿੱਚ ਸਭ ਤੋਂ ਵੱਧ ਹੈ। 56 ਪ੍ਰਤਿਸ਼ਤ ਔਰਤਾਂ ਲਈ ਰੋਜ਼ਗਾਰ ਦਾ ਪ੍ਰਬੰਧ ਕੀਤਾ ਗਿਆ ਜੋ ਕਿ ਸਭ ਤੋਂ ਵੱਧ ਹੈ।

ਪਾਣੀ ਦੀ ਸੰਭਾਲ ਦੀ ਗਤੀ ਮਾਣਯੋਗ ਪ੍ਰਧਾਨ ਮੰਤਰੀ ਵਲੋਂ ਸੋਕਾ ਪ੍ਰਭਾਵਿਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਹੋਈਆਂ ਮੀਟਿੰਗਾਂ ਵਿੱਚ ਤੈਅ ਕੀਤੀ ਗਈ। ਰਾਜਾਂ ਨੇ ਐੱਮ ਜੀ ਐੱਨ ਆਰ ਈ ਜੀ ਐੱਸ ਸੋਮਿਆਂ ਦੀ ਵਰਤੋਂ ਕਰਕੇ ਆਪਣੇ ਖੇਤਰਾਂ ਵਿੱਚ ਵਿਸ਼ੇਸ਼ ਪਾਣੀ ਸੰਭਾਲ ਪਹਿਲਕਦਮੀਆਂ ਕੀਤੀਆਂ। ਮੁੱਖ ਮੰਤਰੀ ਜਲ ਸਵਾਲੰਬਨ ਯੋਜਨਾ ਸੋਕਾ ਪੀੜਤ 3200 ਪਿੰਡਾਂ ਵਿੱਚ ਲਾਗੂ ਕੀਤੀ ਗਈ ਜਿਸ ਅਧੀਨ ਰਾਜਸਥਾਨ ਵਿੱਚ 32,000 ਪਾਣੀ ਸੰਭਾਲ ਢਾਂਚੇ ਬਣਾਏ ਗਏ, ਝਾਰਖੰਡ ਦੇ ਹਰ ਮਾਲ ਪਿੰਡ ਵਿੱਚ ਟੋਭੇ ਅਤੇ ਖੇਤੀ ਤਲਾਅ ਬਣਾਏ ਗਏ, ਆਂਧਰਾ ਪ੍ਰਦੇਸ਼ ਦੇ ਨੀਰੂ ਚੇਤੂ ਵਿੱਚ ਦਿਹਾਤੀ ਤਲਾਬਾਂ ਉਤੇ ਜ਼ੋਰ ਦਿੱਤਾ ਗਿਆ, ਤੇਲੰਗਾਨਾ ਵਿੱਚ ਮਿਸ਼ਨ ਕਾਕਤੀਆ ਲਾਗੂ ਕੀਤਾ ਗਿਆ, ਮੱਧ ਪ੍ਰਦੇਸ਼ ਵਿੱਚ ਕਪਿਲਧਾਰਾ ਖੂਹ ਪੁੱਟਣ, ਮਹਾਰਾਸ਼ਟਰ ਵਿੱਚ ਜਲਯੁਕਤ ਕੈਂਪ ਅਤੇ ਪਾਣੀ ਸੰਭਾਲ ਦੇ ਹੋਰ ਪ੍ਰਬੰਧ ਕੀਤੇ ਗਏ। 15.47 ਲੱਖ ਪਾਣੀ ਨਾਲ ਸੰਬੰਧਿਤ ਕੰਮ 2016-17 ਮਾਲੀ ਸਾਲ ਵਿੱਚ ਪੂਰੇ ਕੀਤੇ ਗਏ ਜਿਨ੍ਹਾਂ ਵਿੱਚ 5.66 ਲੱਖ ਖੇਤੀ ਤਲਾਬ ਬਣਾਉਣਾ ਵੀ ਸ਼ਾਮਲ ਸੀ। 2015-16 ਅਤੇ 2016-17 ਵਿੱਚ ਐੱਮ ਜੀ ਐੱਨ ਆਰ ਜੀ ਐੱਸ ਅਧੀਨ 90 ਲੱਖ ਹੈਕਟੇਅਰ ਸਿੰਜਾਈ ਸਮਰੱਥਾ ਦਾ ਵਿਕਾਸ ਕੀਤਾ ਗਿਆ। ਇਹ ਪ੍ਰਗਟਾਵਾ ਐੱਮ ਜੀ ਐੱਨ ਆਰ ਈ ਜੀ ਐੱਸ ਦੀ ਸਾਲਾਨਾ ਕਾਰਗੁਜ਼ਾਰੀ ਨਤੀਜਾ ਰਿਪੋਰਟ ਵਿੱਚ ਕੀਤਾ ਗਿਆ ਹੈ।

ਐੱਮ ਜੀ ਐੱਨ ਆਰ ਈ ਜੀ ਐੱਸ ਨੇ

2016-17 ਵਿੱਚ ਵੱਡੇ ਪੱਧਰ ਦੀਆਂ ਨਿੱਜੀ ਲਾਭਕਾਰੀ ਸਕੀਮਾਂ (14.61 ਲੱਖ ਤੋਂ ਵੱਧ ਲਾਭਕਾਰੀ) ਨੂੰ ਰੋਜ਼ਗਾਰ ਦੀ ਸੁਰੱਖਿਆ ਲਈ ਉਤਸ਼ਾਹਿਤ ਕੀਤਾ ਹੈ ਜਿਵੇਂ ਕਿ ਪੋਲਟਰੀ ਸ਼ੈਡਾਂ, ਬੱਕਰੀ ਸ਼ੈਡਾਂ, ਡੇਅਰੀ ਸ਼ੈਡਾਂ, ਖੇਤੀ ਤਲਾਅ ਅਤੇ ਖੂਹ ਪੁੱਟਣਾ ਆਦਿ। ਇਸ ਤੋਂ ਇਲਾਵਾ ਉਸ ਨੇ ਮਕਾਨ ਉਸਾਰੀ ਅਤੇ ਨਿੱਜੀ ਮਕਾਨਾਂ ਵਿੱਚ ਪਖਾਨਿਆਂ (ਆਈ ਐੱਚ ਐੱਚ ਐੱਲ ਐੱਸ) ਦੀ ਉਸਾਰੀ ਨੂੰ ਵੀ ਉਤਸ਼ਾਹਿਤ ਕੀਤਾ ਹੈ। ਉਸ ਨੇ ਤਾਮਿਲਨਾਡੂ ਦੇ 11,000 ਪਿੰਡਾਂ ਵਿੱਚ ਪਖ਼ਾਨਿਆਂ ਦੀ ਸੰਭਾਲ ਲਈ ਨਵੀਆਂ ਪਹਿਲਕਦਮੀਆਂ ਕੀਤੀਆਂ ਅਤੇ ਤੇਲੰਗਾਨਾ, ਮਹਾਰਾਸ਼ਟਰ ਅਤੇ ਹੋਰ ਕਈ ਰਾਜਾਂ ਵਿੱਚ 4 ਲੱਖ ਤੋਂ ਵੱਧ 'ਮੈਜਿਕ ਪਿਟਸ' ਤਿਆਰ ਕਰਵਾਏ। ਗੈਰ-ਹੁਨਰਮੰਦ ਐੱਮ ਜੀ ਐੱਨ ਆਰ ਈ ਜੀ ਐੱਸ ਕਾਮਿਆਂ ਨੂੰ ਹੁਨਰਮੰਦ ਕਾਮਿਆਂ ਦੀ ਕਤਾਰ ਵਿੱਚ ਲਿਆਉਣ ਲਈ 29,704 ਨੂੰ ਦਿਹਾਤੀ ਸਵੈ-ਰੋਜ਼ਗਾਰ ਸਿਖਲਾਈ ਕੇਂਦਰਾਂ ਵਿੱਚ ਸਵੈ-ਰੋਜ਼ਗਾਰ ਦੀ ਸਿਖਲਾਈ ਦਿੱਤੀ ਗਈ, 3812 ਨੂੰ ਨੰਗੇ ਪੈਰੀਂ ਕੰਮ ਕਰਨ ਵਾਲੇ ਤਕਨੀਸ਼ੀਅਨਾਂ ਦੀ ਸਿਖਲਾਈ ਦਿੱਤੀ ਗਈ। ਇਸ ਤੋਂ ਇਲਾਵਾ 3000 ਵਰਕਰਾਂ ਨੂੰ ਡੀ ਡੀ ਯੂ ਜੀ ਕੇ ਵਾਈ ਸਕੀਮ ਅਧੀਨ ਤਨਖਾਹ ਆਧਾਰਿਤ ਰੋਜ਼ਗਾਰ ਦਿੱਤੇ ਗਏ ਅਤੇ ਪੀ ਐੱਮ ਏ ਵਾਈ ਗ੍ਰਾਮੀਨ ਅਧੀਨ ਪੇਂਡੂ ਮਿਸਤਰੀਆਂ ਨੂੰ ਤਿਆਰ ਕੀਤਾ ਗਿਆ।

## ਪੀ ਐੱਮ ਏ ਵਾਈ ਜੀ - ਮਕਾਨਾਂ ਤੋਂ ਘਰਾਂ ਵੱਲ

ਮਾਨਯੋਗ ਪ੍ਰਧਾਨ ਮੰਤਰੀ ਨੇ 20 ਨਵੰਬਰ 2016 ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ - ਗ੍ਰਾਮੀਣ (ਪੀ ਐੱਮ ਏ ਵਾਈ ਜੀ) ਦੀ ਸ਼ੁਰੂਆਤ ਕੀਤੀ ਸੀ। ਨਵਾਂ ਮਕਾਨ ਉਸਾਰੀ ਪ੍ਰੋਗਰਾਮ ਪਰਿਵਾਰਾਂ ਦੀਆਂ ਲੋੜਾਂ ਅਤੇ ਖਾਹਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ। ਮਕਾਨ ਦੀ ਵਧੇਰੇ ਲਾਗਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਿੱਚ ਸਥਾਨਕ ਸਮਾਨ ਅਤੇ ਸਥਾਨਕ ਡਿਜ਼ਾਈਨ ਦੀ ਇਜਾਜ਼ਤ ਦਿੱਤੀ ਗਈ। ਇਨ੍ਹਾਂ ਮਕਾਨਾਂ ਵਿੱਚ ਖਾਣਾ ਬਣਾਉਣ ਦਾ ਖੇਤਰ, ਪਖ਼ਾਨਾ, ਐੱਲ ਪੀ ਜੀ ਕੁਨੈਕਸ਼ਨ, ਬਿਜਲੀ ਕੁਨੈਕਸ਼ਨ ਅਤੇ ਪਾਣੀ ਸਪਲਾਈ ਦਾ ਪ੍ਰਬੰਧ ਹੋਵੇਗਾ ਅਤੇ ਵਿਅਕਤੀ ਆਪਣੀਆਂ ਲੋੜਾਂ ਅਨੁਸਾਰ ਮਕਾਨ ਦਾ ਨਕਸ਼ਾ ਬਣਾ ਸਕੇਗਾ। ਦਿਹਾਤੀ ਮਿਸਤਰੀਆਂ ਦੀ ਸਿਖਲਾਈ ਲਈ ਇਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਤਾਂ ਕਿ ਚੰਗੀ ਕਿਸਮ ਦੀ ਉਸਾਰੀ ਦੇ ਸਾਰੇ ਗੁਣ ਉਨ੍ਹਾਂ ਵਿੱਚ ਭਰੇ ਜਾ ਸਕਣ।

2016-17 ਵਿੱਚ ਇਸ ਪੀ ਐੱਮ ਏ ਵਾਈ ਜੀ ਦੀ ਸ਼ੁਰੂਆਤ ਕਰਨ ਵੇਲੇ ਮੁੱਖ ਜ਼ੋਰ ਇਹ ਸੀ ਕਿ ਸਾਰੇ ਕੰਮ ਜਿਵੇਂ ਕਿ ਲਾਭਕਾਰੀਆਂ ਦੀ ਚੋਣ, ਆਈ ਟੀ/ਡੀ ਬੀ ਟੀ ਪਲੇਟਫਾਰਮ, ਜਗ੍ਹਾ ਦੀ ਤਕਨਾਲੋਜੀ ਦੀ ਵਰਤੋਂ, ਦਿਹਾਤੀ ਮਿਸਤਰੀਆਂ ਦਾ ਸਿਖਲਾਈ ਪ੍ਰੋਗਰਾਮ ਅਤੇ ਮਕਾਨਾਂ ਦੇ ਡਿਜ਼ਾਈਨ ਆਦਿ ਨੂੰ ਅੰਤਿਮ ਛੋਹਾਂ ਦੇਣ ਦਾ ਕੰਮ ਮੁਕੰਮਲ ਹੋ ਸਕੇ। ਮੁੱਖ ਜ਼ੋਰ 36 ਲੱਖ ਤੋਂ ਵੱਧ ਅਧੂਰੇ ਪਏ ਇੰਦਰਾ ਆਵਾਸ ਯੋਜਨਾ ਦੇ ਮਕਾਨਾਂ ਨੂੰ ਪੂਰਾ ਕਰਵਾਉਣ ਉੱਤੇ ਸੀ। ਇਹ ਮਕਾਨ 1 ਤੋਂ 4 ਸਾਲ ਤੋਂ ਅਧੂਰੇ ਪਏ ਸਨ।

ਪ੍ਰਬੰਧਕੀ ਸੁਧਾਰ ਦੇ ਇਕ ਹਿੱਸੇ ਵਜੋਂ ਜਿਥੇ ਪਹਿਲਾਂ ਇਕ ਜ਼ਿਲ੍ਹੇ ਵਿੱਚ ਦਿਹਾਤੀ ਮਕਾਨ ਉਸਾਰੀ ਪ੍ਰੋਗਰਾਮ ਲਈ 2 ਤੋਂ 20 ਤੱਕ ਬੈਂਕ ਖਾਤੇ ਜ਼ਰੂਰੀ ਸਨ, ਹੁਣ ਰਾਜ ਪੱਧਰ ਉਤੇ ਇਕ ਹੀ ਨੋਡਲ ਖਾਤਾ ਹੁੰਦਾ ਹੈ ਜਿਥੋਂ ਕਿ ਇਲੈਕਟ੍ਰਾਨਿਕ ਢੰਗ ਨਾਲ ਫੰਡ ਆਵਾਸ ਸ਼ਾਫਟ - ਪੀ ਐੱਫ ਐੱਮ ਐੱਸ ਪਲੇਟਫਾਰਮ ਤੋਂ ਲਾਭਕਾਰੀ ਦੇ ਖਾਤੇ ਵਿੱਚ ਤਬਦੀਲ ਕਰ ਦਿੱਤੇ ਜਾਂਦੇ ਹਨ।

**ਪੀ ਐੱਮ ਏ ਵਾਈ ਗ੍ਰਾਮਣੀ ਸਕੀਮ ਅਧੀਨ ਲਾਭਕਾਰੀਆਂ ਦੀ ਚੋਣ 2022 ਤੱਕ ਪਹਿਲ ਦੇ ਅਧਾਰ ਉਤੇ ਇਕ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਤਿੰਨ ਛਾਨਣਿਆਂ ਰਾਹੀਂ ਸਹੀ ਗਰੀਬ, ਬੇਘਰੇ ਅਤੇ ਟੁੱਟੇ ਫੁੱਟੇ ਘਰਾਂ ਵਿੱਚ ਰਹਿ ਰਹੇ ਲੋਕਾਂ ਦੀ ਪਛਾਣ ਕੀਤੀ ਗਈ ਹੈ। ਵੱਡੀ ਗਿਣਤੀ ਵਿੱਚ ਅਜਿਹੇ ਨਾਜ਼ੁਕ ਗਰੁੱਪਾਂ ਵਿੱਚੋਂ ਪਰਿਵਾਰਾਂ ਦੀ ਅਤੇ ਬਹੁਤ ਸਾਰੀਆਂ ਔਰਤਾਂ ਦੀ ਲਾਭਕਾਰੀਆਂ ਵਜੋਂ ਪਛਾਣ ਕੀਤੀ ਗਈ। ਮਕਾਨਾਂ ਦੀ ਉਸਾਰੀ ਲਈ ਅਜਿਹੇ ਡਿਜ਼ਾਈਨ ਤਿਆਰ ਕਰਵਾਏ ਗਏ ਹਨ ਜੋ ਕਿ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਦੇ ਯੋਗ ਹੋਣ ਅਤੇ ਹੁਣ ਇਨ੍ਹਾਂ ਦੀ ਵਰਤੋਂ ਰਾਜ ਸਰਕਾਰਾਂ ਦੇ ਪ੍ਰੋਗਰਾਮ ਅਧੀਨ ਕੀਤੀ ਜਾ ਰਹੀ ਹੈ।**

ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਛੱਤੀਸਗੜ੍ਹ, ਕਰਨਾਟਕ, ਅਸਾਮ ਵਰਗੇ ਰਾਜਾਂ ਨੇ ਪੀ ਐੱਮ ਏ ਵਾਈ ਜੀ ਸਕੀਮ ਨੂੰ ਲਾਗੂ ਕਰਨ ਵਿੱਚ ਮੋਹਰੀ ਸਥਾਨ ਹਾਸਲ ਕਰ ਲਿਆ ਹੈ। ਬਿਹਾਰ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਅਸਾਮ, ਝਾਰਖੰਡ, ਰਾਜਸਥਾਨ ਅਤੇ ਮਹਾਰਾਸ਼ਟਰ ਨੇ ਇੰਦਰਾ ਆਵਾਸ ਯੋਜਨਾ ਦੇ ਬਹੁਤ ਸਾਰੇ ਅਧੂਰੇ ਪਏ ਮਕਾਨਾਂ ਨੂੰ ਪੂਰਾ ਕਰਨ ਵਿੱਚ ਚੰਗਾ ਕੰਮ ਕਰ ਵਿਖਾਇਆ ਹੈ।

ਦਿਹਾਤੀ ਵਿਕਾਸ ਵਿਭਾਗ ਨੂੰ ਆਸ ਹੈ ਕਿ 2017-18 ਵਿੱਚ 51 ਲੱਖ ਮਕਾਨ ਪੂਰੇ ਕਰ ਲਏ ਜਾਣਗੇ। ਜਲਦੀ ਹੀ 2017-18 ਲਈ 33 ਲੱਖ ਹੋਰ ਮਕਾਨਾਂ ਦੀ ਪ੍ਰਵਾਨਗੀ ਦਿੱਤੀ ਜਾਵੇਗੀ। ਇਨੇ ਹੀ ਮਕਾਨ 2018-19 ਵਿੱਚ ਪੂਰੇ ਕੀਤੇ ਜਾਣਗੇ ਅਤੇ ਇਸ ਤਰ੍ਹਾਂ 2016-19 ਦੀ ਮਿਆਦ ਵਿੱਚ 1.35 ਕਰੋੜ ਮਕਾਨ ਪੂਰੇ ਹੋ ਜਾਣਗੇ। ਇਸ ਨਾਲ 2022 ਤੱਕ ਸਭ ਲਈ ਮਕਾਨ ਦਾ ਰਾਹ ਪੱਧਰਾ ਹੋਵੇਗਾ।

## ਡੀ ਏ ਵਾਈ - ਐੱਨ ਆਰ ਐੱਲ ਐੱਮ - ਰੋਜ਼ੀ ਰੋਟੀ ਉੱਤੇ ਜ਼ੋਰ ਰਾਹੀਂ ਜ਼ਿੰਦਗੀਆਂ ਵਿੱਚ ਤਬਦੀਲੀ

ਦੀਨਦਿਆਲ ਅੰਤੋਦਿਯ ਯੋਜਨਾ - ਰਾਸ਼ਟਰੀ ਦਿਹਾਤੀ ਰੋਜ਼ੀ ਰੋਟੀ ਮਿਸ਼ਨ ਉਨ੍ਹਾਂ 3.6 ਕਰੋੜ ਪਰਿਵਾਰਾਂ, ਜਿਨ੍ਹਾਂ ਦੀਆਂ ਔਰਤਾਂ ਨੇ ਸਵੈ-ਸਹਾਇਤਾ ਗਰੁੱਪਾਂ ਐੱਸ ਐੱਚ ਜੀਜ਼ ਵਿੱਚ ਸ਼ਮੂਲੀਅਤ ਕੀਤੀ ਹੈ, ਦੇ ਜੀਵਨ ਅਤੇ ਰੋਜ਼ੀ ਰੋਟੀ ਵਿੱਚ ਕਾਫੀ ਫਰਕ ਪਾਇਆ ਹੈ। ਐੱਸ ਐੱਚ ਜੀਜ਼, ਦਿਹਾਤੀ ਸੰਗਠਨਾਂ (ਵੀ ਓਜ਼) ਅਤੇ ਕਲਸਟਰ ਪੱਧਰ ਦੀਆਂ ਫੈਡਰੇਸ਼ਨਾਂ (ਸੀ ਐੱਲ ਐੱਫਜ਼) ਵਿੱਚ ਔਰਤਾਂ ਦੇ ਸਮੂਹਾਂ ਨੇ ਇਕ ਤਬਦੀਲੀ ਯੋਗ ਸਮਾਜਿਕ ਪਹੁੰਚ ਕਾਇਮ ਕੀਤੀ ਹੈ ਜੋ ਲਿੰਗਕ ਸੰਬੰਧਾਂ ਵਿੱਚ ਤਬਦੀਲੀ ਲਿਆ ਰਹੀ ਹੈ, ਸੇਵਾਵਾਂ ਤੱਕ ਪਹੁੰਚ ਬਣਾ ਰਹੀ ਹੈ ਅਤੇ ਗ੍ਰਾਮ ਸਭਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਵਿੱਚ ਸ਼ਮੂਲੀਅਤ ਕਰ ਰਹੀ ਹੈ। ਇਸ ਪ੍ਰੋਗਰਾਮ ਨੇ ਔਰਤਾਂ ਵਿੱਚ ਮੁਹਾਰਤ ਅਤੇ ਯੋਗਤਾ ਹਾਸਲ ਹੋਣ ਤੋਂ ਬਾਅਦ ਆਰਥਿਕ ਸਰਗਰਮੀਆਂ ਲਈ ਬੈਂਕ ਕਰਜ਼ੇ ਲੈਣ ਲਈ ਭਰੋਸਾ ਪੈਦਾ ਕੀਤਾ ਹੈ। 1.50 ਲੱਖ ਮਹਿਲਾ ਕਮਿਊਨਿਟੀ ਰੀਸੋਰਸ ਪਰਸਨਜ਼ (ਸੀ ਆਰ ਪੀਜ਼), ਜੋ ਕਿ ਆਪਣੇ ਤੌਰ ਤੇ ਗਰੀਬੀ ਤੋਂ ਬਾਹਰ ਆਈਆਂ ਹਨ, ਅੱਜ

ਤਬਦੀਲੀ ਦੀਆਂ ਵੱਡੀਆਂ ਏਜੰਟ ਬਣ ਗਈਆਂ ਹਨ ਅਤੇ ਨਿਰੰਤਰ ਜਾਰੀ ਰਹਿਣ ਵਾਲੀ ਖੇਤੀ ਨੂੰ ਉਤਸ਼ਾਹਿਤ ਕਰਨ, ਬੈਂਕ ਸੇਵਾਵਾਂ ਮੁਹੱਈਆ ਕਰਵਾਉਣ, ਪਸ਼ੂ ਸੰਭਾਲ ਲਈ ਮਾਹਿਰਾਂ ਦਾ ਕੇਡਰ ਵਿਕਸਤ ਕਰਨ, ਮਹਿਲਾਵਾਂ ਦੇ ਗਰੁੱਪਾਂ ਲਈ ਬੁੱਕ-ਕੀਪਰਜ਼ ਅਤੇ ਅਕਾਊਂਟੈਂਟਸ ਤਿਆਰ ਕਰਨ ਅਤੇ ਸਭ ਤੋਂ ਅਹਿਮ ਪਿੰਡਾਂ ਵਿੱਚ ਸਮਾਜਿਕ ਤਬਦੀਲੀ ਲਈ ਇਕ ਏਜੰਟ ਵਜੋਂ ਕੰਮ ਕਰਦੀਆਂ ਹਨ।

ਡੀ ਏ ਵਾਈ- ਐੱਨ ਆਰ ਐੱਲ ਐੱਮ ਅਧੀਨ 30 ਲੱਖ ਤੋਂ ਵੱਧ ਮਹਿਲਾ ਕਿਸਾਨਾਂ ਦੀ ਮਹਿਲਾ ਕਿਸਾਨ ਸਸ਼ਕਤੀਕਰਨ ਪਰਿਯੋਜਨਾ (ਐੱਮ ਕੇ ਐੱਸ ਪੀ) ਅਧੀਨ ਖੇਤੀ ਢੰਗਾਂ ਨੂੰ ਉਤਸ਼ਾਹਿਤ ਕਰਨ ਲਈ ਮਦਦ ਕੀਤੀ ਜਾ ਰਹੀ ਹੈ। ਕੁੱਝ ਰਾਜਾਂ ਵਿੱਚ ਮਹਿਲਾ ਐੱਸ ਐੱਚ ਜੀ ਦੀ ਅਗਵਾਈ ਵਾਲੇ ਕਸਟਮ ਹਾਇਰਿੰਗ ਸੈਂਟਰ (ਸੀ ਐੱਚ ਸੀਜ਼) ਸਾਹਮਣੇ ਆਏ ਹਨ ਜੋ ਖੇਤੀ ਔਜ਼ਾਰ, ਬਿਜਲੀ ਨਾਲ ਚੱਲਣ ਵਾਲੇ ਹੱਲ ਵਗੈਰਾ ਦਾ ਸਹਾਰਾ ਲੈਂਦੇ ਹਨ। ਵਰਮੀ ਕੰਪੋਸਟ/ਐੱਨ ਏ ਡੀ ਪੀ ਟੋਏ ਇਨ੍ਹਾਂ ਮਹਿਲਾ ਐੱਸ ਐੱਚ ਜੀ ਕਿਸਾਨਾਂ ਦੇ ਯਤਨਾਂ ਨਾਲ ਤਿਆਰ ਹੋਏ ਹਨ। ਇਸ ਤੋਂ ਇਲਾਵਾ ਕੀਟਨਾਸ਼ਕਾਂ - ਰਹਿਤ ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ ਹੈ ਅਤੇ ਵਰਖਾ ਵਾਲੇ ਖੇਤਰਾਂ ਵਿੱਚ ਚਾਰੇ, ਅਨਾਜ, ਜੰਗਲਾਂ, ਫਲਾਂ ਅਤੇ ਫਾਈਬਰ ਲਈ ਬਹੁ-ਪੜਾਵੀ ਫ਼ਸਲਾਂ ਉੱਤੇ ਜ਼ੋਰ ਦਿੱਤਾ ਗਿਆ ਹੈ।

ਡੀ ਏ ਵਾਈ - ਐੱਨ ਆਰ ਐੱਲ ਐੱਮ ਪ੍ਰੋਗਰਾਮ ਦੇਸ਼ ਦੀਆਂ ਇਕ ਤਿਹਾਈ ਗ੍ਰਾਮ ਪੰਚਾਇਤਾਂ ਤੱਕ ਪਹੁੰਚ ਚੁੱਕਾ ਹੈ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਅਤੇ ਇਸ ਦੇ ਪ੍ਰਸਾਰ ਲਈ ਲਗਾਤਾਰ ਯਤਨ ਹੋ ਰਹੇ ਹਨ। 2017-18 ਦਰਮਿਆਨ 4.5 ਲੱਖ ਨਵੇਂ ਐੱਸ ਐੱਚ ਜੀਜ਼ ਰਾਹੀਂ 52 ਲੱਖ ਪਰਿਵਾਰਾਂ ਨੂੰ ਡੀ ਏ ਵਾਈ - ਐੱਨ ਆਰ ਐੱਲ ਐੱਮ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਗਿਆ ਹੈ। 17 ਰਾਜਾਂ ਦੇ 47 ਬਲਾਕਾਂ ਵਿੱਚ ਦਿਹਾਤੀ ਉੱਦਮਸ਼ੀਲਤਾ ਪ੍ਰੋਗਰਾਮ (ਐੱਸ ਵੀ ਈ ਪੀ) ਅਧੀਨ 84,000 ਮਾਈਕਰੋ ਅਦਾਰਿਆਂ ਦੀ ਸ਼ੁਰੂਆਤ ਹੋਈ। ਤਾਮਿਲਨਾਡੂ ਦੇ ਮਹਿਲਾ ਐੱਸ ਐੱਚ ਜੀਜ਼ ਰਾਹੀਂ 11,000 (ਲਗਭਗ 90 ਪ੍ਰਤਿਸ਼ਤ) ਪਿੰਡਾਂ ਵਿੱਚ ਠੋਸ ਮਲ ਕੂੜਾ-ਕਰਕਟ ਦੀ ਸੰਭਾਲ ਲਈ ਪਹਿਲਕਦਮੀਆਂ ਕੀਤੀਆਂ ਗਈਆਂ। ਇਹ ਸਫਲਤਾ ਪੂਰਨ ਪਹਿਲਕਦਮੀਆਂ 6 ਹੋਰ ਰਾਜਾਂ ਵਿੱਚ ਡੀ ਏ ਵਾਈ ਐੱਨ ਆਰ ਐੱਲ ਐੱਮ ਅਧੀਨ ਕੀਤੀਆਂ ਗਈਆਂ। ਇਸ ਪ੍ਰੋਗਰਾਮ ਵਲੋਂ ਰੋਜ਼ਗਾਰ ਦੀ ਵਿਭਿੰਨਤਾ ਲਈ ਸਫਲ ਵਪਾਰਕ ਮਾਡਲਾਂ ਦਾ ਇਕ ਖੁਲਾਸਾ ਛਾਪਿਆ ਗਿਆ ਅਤੇ ਨਾਲ ਹੀ ਰਾਸ਼ਟਰੀ ਪੁਰਸਕਾਰਾਂ ਉੱਤੇ ਅਧਾਰਿਤ ਵਧੀਆ ਯੋਜਨਾਵਾਂ ਬਾਰੇ ਇਕ ਕਿਤਾਬ ਤਿਆਰ ਕੀਤੀ ਗਈ ਅਤੇ ਸਾਲ ਦੀਆਂ ਵਧੀਆ ਐੱਸ ਐੱਚ ਜੀਜ਼ ਦਾ ਸਨਮਾਨ ਕੀਤਾ ਗਿਆ।

**ਡੀ ਏ ਵਾਈ - ਐੱਨ ਆਰ ਐੱਲ ਐੱਮ ਪ੍ਰੋਗਰਾਮ ਦਾ ਪਹਿਲਾ ਰਾਸ਼ਟਰੀ ਮੁਲਾਂਕਣ ਹਾਲ ਹੀ ਵਿੱਚ ਇਸੰਟੀਚਿਊਟ ਆਫ ਰੂਰਲ ਮੈਨੇਜਮੈਂਟ ਆਨੰਦ (ਆਈ ਆਰ ਐੱਮ ਏ) ਵਲੋਂ ਪੂਰਾ ਕੀਤਾ ਗਿਆ। ਇਸ ਦੀ ਖਰੜਾ ਰਿਪੋਰਟ ਵਿੱਚ ਪਿੰਡ ਪੱਧਰ ਉਤੇ ਔਰਤਾਂ ਦੇ ਸਮੂਹਾਂ ਵਲੋਂ ਸਮਾਜਿਕ ਪੂੰਜੀ ਦੇ ਵਿਕਾਸ ਨੂੰ ਮਾਨਤਾ ਦਿੱਤੀ ਗਈ ਹੈ। ਮੁਲਾਂਕਣ ਵਿੱਚ ਵੇਖਿਆ ਗਿਆ ਹੈ ਕਿ ਡੀ ਏ ਵਾਈ - ਐੱਨ ਆਰ ਐੱਲ ਐੱਮ ਦੀ ਨੀਤੀ ਨੇ ਦਿਹਾਤੀ ਗਰੀਬ ਵਧੇਰੀ ਮੰਗ ਦੇ ਪ੍ਰਗਟਾਵੇ ਨੂੰ ਸਿਰਫ ਆਪਣੀਆਂ ਹਫ਼ਤਾਵਾਰੀ ਮੀਟਿੰਗਾਂ ਰਾਹੀਂ ਹੀ ਨਹੀਂ ਸਗੋਂ ਉਤਪਾਦਨ ਵਿੱਚ ਸਮੂਹਿਕ ਕਾਰਵਾਈ ਰਾਹੀਂ ਅਤੇ ਸਮਾਜਿਕ ਮੁੱਦਿਆਂ ਦੇ ਹੱਲ ਲਈ ਵੀ ਕਰਦੇ ਹਨ। ਵੱਡੇ ਪੱਧਰ ਉਤੇ ਵਿਭਿੰਨਤਾ ਰਾਹੀਂ ਜੀਵਨ ਦੀ ਤਬਦੀਲੀ ਅਤੇ ਰੋਜ਼ੀ ਰੋਟੀ ਦਾ ਵਿਕਾਸ ਗਰੀਬੀ ਰਹਿਤ ਗ੍ਰਾਮ ਪੰਚਾਇਤਾਂ ਲਈ ਮਿਸ਼ਨ ਅੰਤੋਦਿਯਾ ਤੱਕ ਪਹੁੰਚਣ ਦਾ ਰਾਹ ਸਪੱਸ਼ਟ ਕਰਦਾ ਹੈ।**

ਗਰੀਬੀ ਦੇ ਬਹੁ-ਪੱਖਾਂ ਨਾਲ ਨਜਿੱਠਣ ਲਈ ਪ੍ਰਬੰਧਾਂ ਵਿੱਚ ਸੁਧਾਰ ਕਾਫੀ ਅਹਿਮ ਹੈ ਅਤੇ ਅਜਿਹਾ ਕਰਨ ਲਈ ਵਾਂਝੇ ਪਰਿਵਾਰਾਂ ਦੀ ਹੋ ਰਹੀ ਤਰੱਕੀ ਦਾ ਧਿਆਨ ਸਮਾਜਿਕ-ਆਰਥਿਕ ਜਾਤੀ ਜਨਗਣਨਾ (ਐੱਸ ਈ ਸੀ ਸੀ) ਅਧਾਰ ਲਾਈਨ ਅਨੁਸਾਰ ਇਕ ਪ੍ਰਸਤਾਵਿਤ ਸਮਾਜਿਕ ਰਜਿਸਟਰੀ ਰਾਹੀਂ ਰੱਖਣਾ ਪਵੇਗਾ। ਇਹ ਧਿਆਨ ਗਰੀਬੀ ਦੇ ਬਹੁਆਯਾਮੀ 35 ਸੰਕੇਤਾਂ ਦੀ ਵਰਤੋਂ ਕਰ ਕੇ ਪੰਚਾਇਤ ਦਰਪਣ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਇਸ ਰਾਹੀਂ ਵਿਭਾਗ ਗ੍ਰਾਮ ਪੰਚਾਇਤਾਂ ਵਲੋਂ ਗਰੀਬ ਘਰਾਂ ਦੀ ਗਰੀਬੀ ਘਟਾਉਣ ਦੇ ਕੰਮ ਵਿੱਚ ਹੋ ਰਹੀ ਤਰੱਕੀ ਦਾ ਜਾਇਜ਼ਾ ਲੈ ਸਕਦਾ ਹੈ। ਸਮੁੱਚੇ ਸ਼ਾਨਦਾਰ ਕਾਰਗੁਜ਼ਾਰੀ ਦੇ ਢਾਂਚੇ ਵਿੱਚ ਵਿਭਾਗ ਵਲੋਂ ਪਛਾਣ ਦੀ ਸਥਾਪਨਾ ਲਈ ਆਧਾਰ ਦੀ ਮਦਦ ਲਈ ਜਾ ਰਹੀ ਹੈ।

ਇਕ ਸੰਤੁਸ਼ਟੀ ਵਾਲੀ ਪਹੁੰਚ ਯਕੀਨੀ ਬਣਾਉਣ ਲਈ ਮੰਤਰਾਲਾ ਦਾ 50,000 ਗਰੀਬੀ ਮੁਕਤ ਪੰਚਾਇਤਾਂ/5000 ਦਿਹਾਤੀ ਸਮੂਹਾਂ ਨੂੰ ਨਾਲੋਂ ਨਾਲ ਵਿਕਸਤ ਕਰਨ ਦਾ ਪ੍ਰੋਗਰਾਮ ਹੈ ਤਾਂ ਕਿ ਗਰੀਬੀ ਦੇ ਬਹੁ-ਪੱਖੀ ਪਹਿਲੂਆਂ ਦਾ ਖਾਤਮਾ ਕੀਤਾ ਜਾ ਸਕੇ। ਸਾਂਸਦ ਆਦਰਸ਼ ਗ੍ਰਾਮ ਯੋਜਨਾ (ਐੱਸ ਏ ਜੀ ਵਾਈ) ਅਧੀਨ ਮੰਤਰਾਲਾ ਨੇ ਗ੍ਰਾਮ ਪੰਚਾਇਤ ਵਿੱਚ ਵਿਕਾਸ ਦੀ ਸਥਿਤੀ ਦਾ ਪਤਾ ਲਗਾਉਣ ਲਈ 36 ਸੰਕੇਤ ਵਿਕਸਤ ਕੀਤੇ ਹਨ। ਇਹ ਸੰਕੇਤ ਢਾਂਚੇ, ਸੰਪਰਕ ਯੋਗਤਾ, ਸਮਾਜਿਕ ਵਿਕਾਸ, ਬੈਂਕਾਂ ਅਤੇ ਸੇਵਾਵਾਂ ਤੱਕ ਪਹੁੰਚ, ਗੰਦਗੀ ਦੀ ਸੰਭਾਲ, ਸਿਹਤ, ਵਿੱਦਿਆ, ਸੋਕੇ ਦਾ ਖਾਤਮਾ, ਖੁਰਾਕ ਆਦਿ ਨਾਲ ਸੰਬੰਧਿਤ ਹਨ। ਮੰਤਰਾਲਾ ਦਾ ਪ੍ਰਸਤਾਵ ਹੈ ਕਿ ਗਰੀਬੀ ਰਹਿਤ ਗ੍ਰਾਮ ਪੰਚਾਇਤਾਂ ਦੇ ਵਿਕਾਸ ਲਈ ਅਤੇ ਅਧਾਰ ਲਾਈਨ ਤੋਂ ਤਰੱਕੀ ਦੇ ਜਾਇਜ਼ੇ ਲਈ ਇਕ ਮਿਸ਼ਰਤ ਸੂਚਕ ਅੰਕ ਵਿਕਸਤ ਕੀਤਾ ਜਾਵੇ। ਇਸ ਢੰਗ ਰਾਹੀਂ, ਦਿਹਾਤੀ ਵਿਕਾਸ ਮੰਤਰਾਲਾ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਸਾਰੀਆਂ 50,000 ਗ੍ਰਾਮ ਪੰਚਾਇਤਾਂ/5000 ਦਿਹਾਤੀ ਸਮੂਹਾਂ ਦੇ ਪਰਿਵਾਰਾਂ ਲਈ ਘੱਟੋ-ਘੱਟ ਢਾਂਚੇ ਅਤੇ ਸਹੂਲਤਾਂ ਨਾਲ ਲੈਸ ਇਕ ਕਾਇਮ ਰਹਿਣਯੋਗ ਰੋਜ਼ਗਾਰ ਯਕੀਨੀ ਬਣ ਸਕੇ। ਜ਼ਿਲ੍ਹਾ ਪੱਧਰ ਉੱਤੇ ਦਿਸ਼ਾ ਕਮੇਟੀ ਵੀ ਗ੍ਰਾਮ ਪੰਚਾਇਤਾਂ ਦੀ ਗਰੀਬੀ ਮੁਕਤ ਬਣਨ ਵਿੱਚ ਹੋ ਰਹੀ ਤਰੱਕੀ ਦਾ ਜਾਇਜ਼ਾ ਲਵੇਗੀ।

*(ਲੇਖਕ ਇਸ ਵੇਲੇ ਦਿਹਾਤੀ ਵਿਕਾਸ ਵਿਭਾਗ, ਭਾਰਤ ਸਰਕਾਰ ਦੇ ਸਕੱਤਰ ਹਨ। ਇਸ ਲੇਖ ਵਿੱਚ ਜੋ ਵਿਚਾਰ ਪ੍ਰਗਟਾਏ ਗਏ ਹਨ ਉਹ ਲੇਖਕ ਦੇ ਨਿੱਜੀ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਵਿਭਾਗ/ਸਰਕਾਰ ਦੀ ਨੁਮਾਇੰਦਗੀ ਕਰਦੇ ਹੋਣ।)*

*e-mail :secyrd@nic.in*

# ਮੋਦੀ ਸਰਕਾਰ ਵਲੋਂ ਭਾਰਤ ਦੇ ਢਾਂਚੇ ਨੂੰ ਹੁਲਾਰਾ

**ਕੇ ਆਰ ਸੁਧਾਮਨ**

ਵਿੱਤ ਮੰਤਰੀ ਨੇ ਬੀਤੇ ਦਿਨੀ ਕਿਹਾ ਸੀ ਕਿ ਭਾਰਤ ਦਾ ਢਾਂਚੇ ਸੰਬੰਧੀ ਪਾੜਾ ਇਨਾ ਚੌੜਾ ਹੈ ਕਿ ਇਸ ਨੂੰ ਪੂਰਨ ਵਿੱਚ ਘੱਟੋ-ਘੱਟ 2 ਦਹਾਕੇ ਲੱਗਣਗੇ। ਇਸ ਦੇ ਨਾਲ ਹੀ ਵਿਕਾਸ ਦੇ ਰਾਹ ਵਿੱਚ ਇਸ ਵੱਡੀ ਰੁਕਾਵਟ ਨੇ ਵੱਡੇ ਪੂੰਜੀ ਨਿਵੇਸ਼ ਲਈ ਮੌਕਾ ਪ੍ਰਦਾਨ ਕੀਤਾ। ਸਰਕਾਰ ਨੇ ਇਸ ਦੇ ਲਈ ਢਾਂਚੇ ਦੇ ਵਿਕਾਸ ਉੱਤੇ ਸਹੀ ਢੰਗ ਨਾਲ ਧਿਆਨ ਕੇਂਦਰਿਤ ਕੀਤਾ।

ਢਾਂਚੇ ਦੇ ਵਿਕਾਸ ਸੰਬੰਧੀ ਹੁਲਾਰਾ ਸਪੱਸ਼ਟ ਨਜ਼ਰ ਆਉਂਦਾ ਹੈ ਅਤੇ ਇਹ ਧਿਆਨ ਦੇਣ ਯੋਗ ਹੈ ਕਿ ਇਹ ਤਰੱਕੀ ਦੇ ਰਾਹ ਵਿੱਚ ਪਿਛਲੇ ਤਿੰਨ ਸਾਲ ਵਿੱਚ ਅੱਗੇ ਵਧਣ ਵਿੱਚ ਇਕ ਪ੍ਰਮੁੱਖ ਘਟਨਾ ਵਜੋਂ ਉੱਭਰਿਆ ਹੈ। ਭਾਵੇਂ ਇਹ ਰੇਲਵੇ ਹੋਵੇ, ਸੜਕਾਂ ਹੋਣ, ਬੰਦਰਗਾਹਾਂ ਹੋਣ, ਜਹਾਜ਼ਰਾਨੀ ਹੋਵੇ, ਸ਼ਹਿਰੀ ਹਵਾਬਾਜ਼ੀ, ਊਰਜਾ, ਜਿਸ ਵਿੱਚ ਨਵਿਆਉਣਯੋਗ ਊਰਜਾ ਵੀ ਸ਼ਾਮਲ ਹੈ, ਹੋਵੇ ਨੇ ਸੰਪਰਕ ਦੀ ਮਦਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਆਜ਼ਾਦੀ ਤੋਂ ਬਾਅਦ ਦੇ 70 ਸਾਲ ਵਿੱਚ ਜ਼ਰੂਰਤਾਂ ਨੂੰ ਪੂਰਾ ਕਰਨ ਵਾਲਾ ਅਜਿਹਾ ਵਾਧਾ ਕਦੀ ਵੀ ਵੇਖਣ ਵਿੱਚ ਨਹੀਂ ਮਿਲਿਆ ਸੀ।

ਢਾਂਚਾ ਬਣਾਉਣ ਲਈ ਭਾਰਤ ਨੂੰ ਮਾਹਿਰ ਮਜ਼ਦੂਰਾਂ ਅਤੇ ਡਿਜੀਟਾਈਜੇਸ਼ਨ ਦੀ ਵੀ ਲੋੜ ਹੈ। ਇਹ ਭਾਰਤ ਸਰਕਾਰ ਨੂੰ ਸਿਹਰਾ ਜਾਂਦਾ ਹੈ ਕਿ ਸਕਿੱਲ ਇੰਡੀਆ, ਡਿਜੀਟਲ ਇੰਡੀਆ ਅਤੇ ਸਵੱਛ ਭਾਰਤ ਮੁਹਿੰਮਾਂ ਵਰਗੇ ਪ੍ਰੋਗਰਾਮ ਮੇਕ ਇਨ ਇੰਡੀਆ ਪਹਿਲਕਦਮੀ ਨਾਲ ਸ਼ੁਰੂ ਕੀਤੇ ਗਏ ਤਾਂ ਕਿ ਭਾਰਤ ਵਿੱਚ ਵਿਸ਼ਵ ਪੱਧਰ ਦਾ ਢਾਂਚਾ ਤਿਆਰ ਹੋ ਕੇ ਇਹ ਇਕ ਵਿਸ਼ਵਵਿਆਪੀ ਨਿਰਮਾਣ ਧੁਰੇ ਵਜੋਂ ਵਿਕਸਤ ਹੋ ਸਕੇ।

2017 ਵਿੱਚ ਖਤਮ ਹੋ ਰਹੀ 12ਵੀਂ ਪੰਜ ਸਾਲਾ ਯੋਜਨਾ ਵਿੱਚ ਸਰਕਾਰ ਨੇ ਢਾਂਚੇ ਦੇ ਵਿਕਾਸ ਉਤੇ 1 ਟ੍ਰਿਲੀਅਨ ਡਾਲਰ ਖਰਚਣ ਦਾ ਪ੍ਰੋਗਰਾਮ ਬਣਾਇਆ, ਜਿਸ ਵਿੱਚੋਂ ਵਧੇਰੇ ਨਿਵੇਸ਼ ਨਿੱਜੀ ਖੇਤਰ ਤੋਂ ਆਉਣਾ ਹੈ।

ਭਾਰਤ ਦਾ ਢਾਂਚਾ ਚਰਮਰਾ ਰਿਹਾ ਸੀ ਅਤੇ ਆਰਥਿਕਤਾ ਨੂੰ ਉੱਚ ਵਿਕਾਸ ਦੇ ਰਾਹ ਉੱਤੇ ਲਿਜਾਉਣ ਵਿੱਚ ਰੁਕਾਵਟ ਬਣ ਰਿਹਾ ਸੀ। ਸਰਕਾਰ ਦੀ ਢਾਂਚੇ ਸੰਬੰਧੀ ਨੀਤੀ ਵਿੱਚ ਪਹਿਲੀ ਅਤੇ ਸਭ ਤੋਂ ਤਬਦੀਲੀ ਇਸ ਨੂੰ ਮੰਗ ਅਧਾਰਿਤ ਬਣਾਉਣਾ ਹੈ ਜਦ ਕਿ ਪਹਿਲਾਂ ਇਹ ਪੂਰਤੀ ਅਧਾਰਿਤ ਸੀ। ਪੂਰਤੀ ਅਧਾਰਤ ਨੀਤੀ ਨੇ ਭਾਰਤ ਦੀ ਖੇਤੀ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਹੈ। ਅਜਿਹਾ ਇਸ ਲਈ ਹੋਇਆ ਕਿ ਗਰੀਬ ਦਿਹਾਤੀ ਢਾਂਚੇ, ਜਿਵੇਂ ਕਿ ਸੜਕਾਂ, ਕੋਲਡ ਸਟੋਰੇਜ ਅਤੇ ਸਿੰਜਾਈ ਨੂੰ ਸੁਧਾਰਨ ਵੱਲ ਕੋਈ ਕਦਮ ਨਹੀਂ ਚੁੱਕਿਆ ਗਿਆ।

ਢਾਂਚੇ ਸੰਬੰਧੀ ਪਿਛਲੇ 15 ਸਾਲ ਤੋਂ ਪੇਸ਼ ਆ ਰਹੀਆਂ ਚੁਨੌਤੀਆਂ ਤੋਂ ਸਬਕ ਲੈਂਦੇ ਹੋਏ ਸਰਕਾਰ ਨੇ ਆਧੁਨਿਕੀਕਰਨ ਵੱਲ ਵਧੇਰੇ ਧਿਆਨ ਦਿੱਤਾ ਅਤੇ ਅੰਕੜੇ ਆਪਣੇ ਆਪ ਵਿੱਚ ਬੋਲਦੇ ਹਨ। 1.25 ਬਿਲੀਅਨ ਅਬਾਦੀ, ਜਿਸ ਵਿੱਚੋਂ ਦੋ ਤਿਹਾਈ 25 ਸਾਲ ਤੋਂ ਘੱਟ ਉਮਰ ਦੀ ਹੈ, ਲਈ ਕੋਈ ਵੀ ਵਿਕਾਸ ਨੀਤੀ ਇਸ ਤੋਂ ਬਿਹਤਰ ਨਹੀਂ ਹੋ ਸਕਦੀ ਕਿ ਵੱਡੇ ਪੱਧਰ ਉਤੇ ਢਾਂਚੇ ਦਾ ਵਿਕਾਸ ਕਰਵਾਇਆ ਜਾਵੇ। ਭਾਰਤ ਇਸ ਵੇਲੇ ਇਕ ਚੰਗੀ ਥਾਂ ਉੱਤੇ ਖੜ੍ਹਾ ਹੈ ਜਦ ਕਿ ਇਸ ਸਾਲ ਇਸ ਦੀ ਆਰਥਿਕਤਾ ਲਗਭਗ 7.5 ਪ੍ਰਤਿਸ਼ਤ ਉੱਤੇ ਖੜ੍ਹੀ ਹੈ। ਇਹ ਅਜਿਹੇ ਸਮੇਂ ਵਿੱਚ ਵਾਪਰ ਰਿਹਾ ਹੈ ਜਦੋਂ ਕਿ ਚੀਨ ਸਮੇਤ ਹੋਰ ਆਰਥਿਕਤਾਵਾਂ ਮੰਦੀਆਂ ਪੈ ਰਹੀਆਂ ਹਨ ਅਤੇ ਵਿਸ਼ਵ ਦੀ ਮੰਗ ਵੀ ਕੋਈ ਉਤਸ਼ਾਹਜਨਕ ਨਹੀਂ ਹੈ। ਅਜਿਹੀ ਸਥਿਤੀ ਵਿੱਚ ਇਹ ਹੀ ਢੁਕਵਾਂ ਹੈ ਕਿ ਸਰਕਾਰ ਢਾਂਚੇ ਦੇ ਵਿਕਾਸ ਨੂੰ ਧੱਕਾ ਲਗਾਵੇ, ਜਿਵੇਂ ਕਿ ਕੋਈ ਵੀ ਆਰਥਿਕ ਮਾਹਿਰ ਸੁਝਾਅ ਦਿੰਦਾ ਹੈ ਕਿ ਇਸ ਨਾਲ ਇਕ ਚੰਗਾ ਪਲੇਟਫਾਰਮ ਪੈਦਾ ਹੋਵੇਗਾ ਜੋ ਕਿ ਵਿਸ਼ਵ ਆਰਥਿਕਤਾ ਵਿੱਚ ਮੰਗ ਵਧਣ ਉਤੇ ਸਹਾਈ ਹੋਵੇਗਾ। ਹੁਣ ਉਸ ਵੇਲੇ ਢਾਂਚੇ ਨੂੰ ਹੁਲਾਰਾ ਦੇਣਾ ਸਹੀ ਹੋਵੇਗਾ ਜਦੋਂ ਕਿ ਵਿਸ਼ਵ ਪੱਧਰ ਉਤੇ ਤੇਲ, ਸਟੀਲ, ਸੀਮੈਂਟ, ਜੋ ਕਿ ਢਾਂਚਾ ਖੇਤਰ ਲਈ ਜ਼ਰੂਰੀ ਹਨ, ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਇਸ ਨਾਲ ਲਾਗਤ ਵਿੱਚ ਵਧੇਰੇ ਲੋੜੀਂਦਾ ਲਾਭ ਹਾਸਿਲ ਹੋ ਸਕੇਗਾ। ਇਸ ਤੋਂ ਇਲਾਵਾ ਅਗਾਂਹਵਧੂ ਆਰਥਿਕਤਾਵਾਂ ਵਿੱਚ ਪੈਨਸ਼ਨ ਫੰਡਾਂ ਤੋਂ ਇਲਾਵਾ ਹੋਰ ਵਿਸ਼ਵਵਿਆਪੀ ਨਿਵੇਸ਼ਕ ਨਿਵੇਸ਼ ਲਈ ਮੌਕੇ ਦੀ ਭਾਲ ਵਿੱਚ ਹਨ। ਮੌਜੂਦਾ ਸਥਿਤੀ ਵਿੱਚ ਕਿਸੇ ਵੀ ਹੋਰ ਦੇਸ਼ ਵਿੱਚ ਅਜਿਹੇ ਵਿਸ਼ਾਲ ਅਤੇ ਲੰਬੀ ਮਿਆਦ ਦੇ ਨਿਵੇਸ਼ ਦੀ ਭੁੱਖ ਨਹੀਂ ਹੈ। ਵਿਸ਼ਵ ਦੇ ਨਿਵੇਸ਼ਕ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਦੀ ਭਾਲ ਵਿੱਚ ਹਨ।

ਜਦੋਂ ਉਭਰ ਰਹੀਆਂ ਆਰਥਿਕਤਾਵਾਂ, ਜਿਵੇਂ ਕਿ ਚੀਨ ਨਿਵਾਣ ਵੱਲ ਜਾ ਰਹੀਆਂ ਹਨ, ਭਾਰਤ ਦੇ ਮੈਕਰੋ – ਇਕਨਾਮਿਕ ਪੈਮਾਨੇ ਏਨੇ ਮਜ਼ਬੂਤ ਹਨ ਕਿ ਉਹ ਇਸ ਦੀ ਆਰਥਿਕਤਾ ਨੂੰ ਹੋਰ ਅੱਗੇ ਧੱਕਣ ਦੇ ਕਾਬਲ ਹਨ। ਮੁਦਰਾ ਪਸਾਰ 5 ਪ੍ਰਤਿਸ਼ਤ ਤੋਂ ਵੀ ਘੱਟ ਹੋਣ ਕਾਰਨ ਅਤੇ ਮਾਲੀ ਘਾਟਾ ਕਾਬੂ ਹੇਠ ਰਹਿਣ ਦੇ ਪੱਧਰ ਉਤੇ ਹੋਣ ਕਾਰਨ ਅਤੇ ਵਿਆਜ ਦੀਆਂ ਦਰਾਂ ਹੇਠਾਂ ਜਾ ਰਹੀਆਂ ਹੋਣ ਕਾਰਨ ਖੇਤੀ ਖੇਤਰ ਤੇਜ਼ੀ ਨਾਲ ਉੱਭਰ ਰਿਹਾ ਹੈ ਅਤੇ ਆਰਥਿਕ ਸਥਿਤੀ ਇਨਫ੍ਰਾ ਵਾਧੇ ਲਈ ਢੁਕਵੀਂ ਹੈ। ਸਰਕਾਰ ਨੇ ਪਹਿਲਾਂ ਹੀ ਅਗਲੇ ਤਿੰਨ-ਚਾਰ ਸਾਲ ਵਿੱਚ ਇਕ ਟ੍ਰਿਲੀਅਨ ਦਾ ਨਵੇਸ਼ ਕਰਨ ਲਈ ਖਾਹਿਸ਼ੀ ਯੋਜਨਾ ਤਿਆਰ

ਕਰ ਲਈ ਹੈ। ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ ਪੂੰਜੀਗਤ ਖਰਚੇ ਵਿੱਚ 18 ਪ੍ਰਤਿਸ਼ਤ ਦਾ ਵਾਧਾ ਹੋ ਗਿਆ ਹੈ ਅਤੇ ਕਈ ਰੁਕੇ ਹੋਏ ਪ੍ਰਾਜੈਕਟ ਤੇਜ਼ੀ ਨਾਲ ਗਤੀ ਫੜ ਰਹੇ ਹਨ। ਬਿਜਲੀ ਮੰਤਰਾਲਾ ਅਨੁਸਾਰ ਇਸ ਗੱਲ ਦੇ ਪਹਿਲਾਂ ਹੀ ਸੰਕੇਤ ਮਿਲ ਰਹੇ ਹਨ ਕਿ ਵਿਦੇਸ਼ੀ ਨਿਵੇਸ਼ਕ ਢਾਂਚੇ ਵਿੱਚ ਲੰਬੀ ਮਿਆਦ ਦੇ ਨਿਵੇਸ਼ ਵੱਲ ਆਕਰਸ਼ਿਤ ਹੋ ਰਹੇ ਹਨ।

ਜੁਲਾਈ 2014 ਵਿੱਚ, ਸਰਕਾਰ ਨੇ ਬਾਕਾਇਦਾ ਤੌਰ ਤੇ ਐਲਾਨ ਕੀਤਾ ਕਿ ਭਾਰਤੀ ਰੇਲਵੇ ਵਿੱਚ ਵਿਦੇਸ਼ੀ ਨਿਵੇਸ਼ ਵਿੱਚ ਤੇਜ਼ੀ ਲਿਆਂਦੀ ਜਾਵੇਗੀ। ਰੇਲਵੇ ਦੇ ਢਾਂਚੇ ਨੂੰ ਮਜਬੂਤ ਕਰਨ ਦੀ ਯੋਜਨਾ ਅਧੀਨ 128 ਬਿਲੀਅਨ ਡਾਲਰ ਦੀ ਯੋਜਨਾ ਲਾਗੂ ਕੀਤੀ ਜਾਵੇਗੀ। ਇਸ ਵਿੱਚ ਨਵੀਆਂ ਰੇਲ ਲਾਈਨਾਂ ਵਿਛਾਉਣ, 400 ਸਟੇਸ਼ਨ ਬਣਾਉਣ ਅਤੇ 15 ਬਿਲੀਅਨ ਡਾਲਰ ਨਾਲ ਬੁਲੇਟ ਟਰੇਨ ਚਲਾਉਣ ਤੋਂ ਇਲਾਵਾ 12.5 ਬਿਲੀਅਨ ਡਾਲਰ ਦੀ ਮਦਦ ਨਾਲ ਸਮਰਪਿਤ ਸਮਾਨ ਢੁਆਈ ਢਾਂਚਾ ਤਿਆਰ ਕੀਤਾ ਜਾਵੇਗਾ। ਪਿਛਲੇ ਸਾਲ ਦੇ ਰੇਲ ਬਜਟ ਵਿੱਚ ਹੋਰ ਮਾਲ ਢੁਆਈ ਲਾਂਘੇ ਤਿਆਰ ਕਰਨ ਦਾ ਐਲਾਨ ਕੀਤਾ ਗਿਆ ਸੀ ਜਿਸ ਨਾਲ ਰੇਲ ਅਤੇ ਬੰਦਰਗਾਹ ਸੰਪਰਕ ਵਿੱਚ ਸੁਧਾਰ ਹੋਣਾ ਸੀ। ਮੁੰਬਈ-ਦਿੱਲੀ ਅਤੇ ਲੁਧਿਆਣਾ-ਕੋਲਕਾਤਾ ਲਾਂਘਿਆਂ ਉਤੇ ਤੇਜ਼ੀ ਨਾਲ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਕੋਲਕਾਤਾ-ਵਿਜੈਵਾੜਾ, ਦਿੱਲੀ-ਚੇਨੱਈ ਅਤੇ ਕੋਲਕਾਤਾ-ਮੁੰਬਈ ਲਾਂਘੇ ਦਾ ਕੰਮ ਹੱਥ ਵਿੱਚ ਲਿਆ ਗਿਆ ਹੈ।

ਸਰਕਾਰ ਵਲੋਂ 6 ਬਿਲੀਅਨ ਡਾਲਰ ਦੀ ਲਾਗਤ ਵਾਲਾ ਰਾਸ਼ਟਰੀ ਢਾਂਚਾ ਅਤੇ ਨਿਵੇਸ਼ ਫੰਡ ਕਾਇਮ ਕੀਤਾ ਗਿਆ ਹੈ ਜੋ ਕਿ ਵਿਦੇਸ਼ੀ ਨਿਵੇਸ਼ਕਾਂ ਨੂੰ ਢਾਂਚਾ ਖੇਤਰ ਵਿੱਚ ਪੈਸਾ ਲਗਾਉਣ ਲਈ ਉਤਸ਼ਾਹਿਤ ਕਰੇਗਾ। ਐਨ ਆਈ ਆਈ ਐਫ ਇਕ ਫੰਡਾਂ ਦਾ ਫੰਡ ਪਲੇਟਫਾਰਮ ਹੈ ਜਿਸ ਵਿੱਚ ਸਰਕਾਰ ਦਾ ਹਿੱਸਾ 49 ਪ੍ਰਤਿਸ਼ਤ ਹੈ। ਵਧੇਰੇ ਸਰਮਾਏ ਵਾਲਾ ਜਨਤਕ ਖੇਤਰ ਅਤੇ ਵਿਦੇਸ਼ੀ ਨਿਵੇਸ਼ਕ ਇਸ ਉਤੇ ਭਾਰੀ ਰਹਿਣਗੇ ਅਤੇ ਐਨ ਆਈ ਆਈ ਐਫ ਦੇ ਫੰਡਾਂ ਦਾ ਪ੍ਰਬੰਧ ਵਿਦੇਸ਼ੀ, ਵਿਵਸਾਇਕ ਅਤੇ ਨਿਵੇਸ਼ ਪ੍ਰਬੰਧਕਾਂ ਵਲੋਂ ਕੀਤਾ ਜਾਵੇਗਾ।

ਢਾਂਚੇ ਵਿੱਚ ਪੈਸਾ ਲਗਾਉਣ ਵਿੱਚ ਇਕ ਵੱਡੀ ਸਮੱਸਿਆ ਇਹ ਹੈ ਕਿ ਸਰਕਾਰ ਨੇ 1990 ਦੇ ਦਹਾਕੇ ਵਿੱਚ ਆਰਥਿਕ ਖੁੱਲ੍ਹੇਪਨ ਦੇ ਐਲਾਨ ਤੋਂ ਬਾਅਦ ਵਿੱਤੀ ਸੰਸਥਾਵਾਂ ਦੇ ਵਿਕਾਸ ਤੋਂ ਛੁਟਕਾਰਾ ਪ੍ਰਾਪਤ ਕਰ ਲਿਆ ਸੀ। ਪਰ ਇਹ ਲੰਬੀ ਮਿਆਦ ਦੇ ਨਿਵੇਸ਼ ਸੰਬੰਧੀ ਬਦਲਵੇਂ ਸੋਮੇ ਜਿਵੇਂ ਕਿ ਵਾਇਬਰੈਂਟ ਕਾਰਪੋਰੇਟ ਬਾਂਡ ਮਾਰਕੀਟ ਅਤੇ ਢਾਂਚਾ ਫੰਡ ਪੈਦਾ ਕਰਨ ਵਿੱਚ ਅਸਫਲ ਸਿੱਧ ਹੋਇਆ। ਇਸ ਨਾਲ ਵਪਾਰਕ ਬੈਂਕਾਂ ਨੂੰ ਢਾਂਚਾ ਖੇਤਰ ਵਿੱਚ ਵੱਡੇ ਪੱਧਰ ਉਤੇ ਕਰਜ਼ੇ ਦੇਣ ਲਈ ਮਜਬੂਰ ਹੋਣਾ ਪਿਆ। ਵਪਾਰਕ ਬੈਂਕ ਆਪਣੇ ਖਾਸੇ ਅਨੁਸਾਰ ਛੋਟੀ ਤੋਂ ਦਰਮਿਆਨੀ ਮਿਆਦ ਦੇ ਡਿਪਾਜ਼ਿਟ ਹਾਸਿਲ ਕਰਦੇ ਹਨ ਅਤੇ ਇਸ ਨਤੀਜੇ ਵਜੋਂ ਛੋਟੀ ਅਤੇ ਦਰਮਿਆਨੀ ਮਿਆਦ ਦੇ ਕਰਜ਼ੇ ਹੀ ਦਿੰਦੇ ਹਨ। ਦੂਜੇ ਪਾਸੇ ਢਾਂਚਾ ਪ੍ਰਾਜੈਕਟਾ ਲਈ ਲੰਬੀ ਮਿਆਦ ਦੇ ਕਰਜ਼ੇ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਦੀ ਵਾਪਸੀ ਵੀ ਕਾਫੀ ਧੀਮੀ ਹੁੰਦੀ ਹੈ। ਉਨ੍ਹਾਂ ਨੂੰ ਸਸਤੀ ਵਿਆਜ ਦਰ ਉਤੇ ਲੰਬੀ ਮਿਆਦ ਦੇ ਕਰਜ਼ੇ ਚਾਹੀਦੇ ਹੁੰਦੇ ਹਨ ਜੋ ਕਿ ਆਮ ਤੌਰ ਤੇ ਪੈਨਸ਼ਨ ਫੰਡਾਂ ਅਤੇ ਇੰਸ਼ੋਰੈਂਸ ਫੰਡਾਂ ਅਤੇ ਨਿਗਮਿਤ ਬਾਂਡਾਂ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ। ਕਿਉਂਕਿ ਅਜਿਹੇ ਫੰਡ ਭਾਰਤ ਵਿੱਚ ਨਹੀਂ ਹਨ ਇਸ ਲਈ ਵਪਾਰਕ ਬੈਂਕਾਂ ਨੂੰ ਮਜਬੂਰ ਹੋ ਕੇ ਕਰਜ਼ਾ ਦੇਣਾ ਪੈਂਦਾ ਹੈ ਜਿਸ ਨਾਲ ਅਸਾਸਾ-ਦੇਣਦਾਰੀ ਵਿੱਚ ਅਸੰਤੁਲਨ ਪੈਦਾ ਹੁੰਦਾ ਹੈ ਅਤੇ ਕਾਬੂ ਵਿੱਚ ਨਾ ਰਹਿਣਯੋਗ ਗੈਰ-ਕਾਰਗੁਜ਼ਾਰੀ ਵਾਲੇ ਅਸਾਸਿਆਂ ਦੀ ਨੀਂਹ ਰੱਖੀ ਜਾਂਦੀ ਹੈ।

ਭਾਰਤ ਜੋ ਕਿ 2014 ਤੋਂ ਢਾਂਚਾ ਵਿਕਾਸ ਦੇ ਦੂਜੇ ਦੌਰ ਵਿੱਚ ਚੱਲ ਰਿਹਾ ਹੈ, ਨੂੰ ਅਗਲੇ 5 ਸਾਲਾਂ ਵਿੱਚ 43 ਲੱਖ ਕਰੋੜ ਰੁਪਏ ਤੋਂ ਵੱਧ ਦੀ ਲੋੜ ਹੋਵੇਗੀ। ਇਹ ਜਾਣਕਾਰੀ ਇਕ ਰੇਟਿੰਗ ਏਜੰਸੀ ਕ੍ਰਿਸਿਲ ਨੇ ਦਿੱਤੀ ਹੈ।

ਇਸ ਦਾ ਭਾਵ ਇਹ ਹੈ ਕਿ ਹਰ ਸਾਲ ਲਗਭਗ 8.6 ਲੱਖ ਕਰੋੜ ਰੁਪਏ ਦੀ ਲੋੜ ਹੋਵੇਗੀ। ਇਸ 43 ਲੱਖ ਕਰੋੜ ਰੁਪਏ ਵਿੱਚੋਂ ਸਿਰਫ 3 ਖੇਤਰਾਂ – ਬਿਜਲੀ, ਟ੍ਰਾਂਸਪੋਰਟ ਅਤੇ ਸ਼ਹਿਰੀ ਢਾਂਚੇ ਲਈ ਹੀ 70 ਪ੍ਰਤਿਸ਼ਤ ਦੀ ਲੋੜ ਹੋਵੇਗੀ। ਨਿੱਜੀ ਪੂੰਜੀ, ਜੋ ਕਿ 10 ਤੋਂ 15 ਸਾਲ ਪਹਿਲਾਂ ਨਿਵੇਸ਼ ਕੀਤੀ ਗਈ ਸੀ, ਉਹ ਹੁਣ ਖਤਮ ਹੁੰਦੀ ਨਜ਼ਰ ਆ ਰਹੀ ਹੈ ਅਤੇ ਹੁਣ ਵਿਦੇਸ਼ੀ ਨਿਵੇਸ਼ਕਾਂ ਲਈ ਅੱਗੇ ਆਉਣ ਦੇ ਵਧੇਰੇ ਮੌਕੇ ਹਨ।

ਅੱਜਕੱਲ੍ਹ ਮੁੜ ਨਵਿਆਉਣਯੋਗ ਊਰਜਾ ਖੇਤਰ ਵਿੱਚ ਵੀ ਕਾਫੀ ਦਿਲਚਸਪੀ ਦਿਖਾਈ ਜਾ ਰਹੀ ਹੈ ਕਿਉਂਕਿ ਸਰਕਾਰ ਨੇ ਦੇਸ਼ ਵਿੱਚ ਹਰਿਤ ਊਰਜਾ ਸਮਰੱਥਾ ਨੂੰ ਮੌਜੂਦਾ 30 ਜੀ ਡਬਲਿਯੂ ਤੋਂ ਵਧਾ ਕੇ 2022 ਤੱਕ 100 ਜੀ ਡਬਲਿਯੂ ਤੱਕ ਲਿਜਾਉਣ ਦੀ ਯੋਜਨਾ ਬਣਾਈ ਹੋਈ ਹੈ।

ਸਭ ਨੂੰ ਮਿਲਾ ਕੇ ਢਾਂਚੇ ਦੀ ਪੂੰਜੀ ਦੇ ਸਾਰੇ ਵਰਗ ਨਵਿਆਉਣਯੋਗ ਊਰਜਾ, ਹਾਈਵੇਜ਼ ਅਤੇ ਰੇਲਵੇ ਵਿੱਚੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਹ ਕੇਂਦਰ ਸਰਕਾਰ ਦੇ ਕਬਜ਼ੇ ਹੇਠ ਹਨ, ਜੋ ਕਿ ਸਰਕਾਰ ਵਿੱਚ ਪਾਰਦਰਸ਼ਤਾ ਵਧਾਉਣ ਉਤੇ ਵਧੇਰੇ ਜ਼ੋਰ ਦੇ ਰਹੀ ਹੈ। ਸਰਕਾਰ ਨੇ ਬੀਤੇ ਦਿਨੀਂ ਨਿਵੇਸ਼ ਸੌਦਿਆਂ ਵਿੱਚ ਵੀ ਆਪਣੀ ਤਾਕਤ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ ਅਤੇ ਨਿਯਮ ਅਧਾਰਿਤ ਸਰਕਾਰ ਵਾਂਗ ਕੰਮ ਕਰ ਰਹੀ ਹੈ। ਉਹ ਵਧੇਰੇ ਵਿਦੇਸ਼ੀ ਅਤੇ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰ ਰਹੀ ਹੈ।

ਇਸ ਗੱਲ ਦੇ ਸਬੂਤ ਮਿਲ ਰਹੇ ਹਨ ਕਿ ਸਰਕਾਰ ਦਾ ਉਤਸ਼ਾਹ ਜਾਪਾਨ, ਕੋਰੀਆ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਨਾਲ ਸਰਕਾਰ ਤੋਂ ਸਰਕਾਰ ਤੱਕ ਮਿਲ ਕੇ ਕੰਮ ਕਰਨ ਦਾ ਹੈ।

ਜਾਪਾਨੀ ਕੰਪਨੀਆਂ 5 ਬਿਲੀਅਨ ਡਾਲਰ ਦੀ ਰਕਮ ਸਮਰਪਿਤ ਰੇਲ ਕਾਰੀਡੋਰ ਵਿੱਚ ਨਿਵੇਸ਼ ਕਰਨ ਲਈ ਤਿਆਰ ਹਨ, ਕੈਨੇਡਾ ਦੇ 268 ਬਿਲੀਅਨ ਡਾਲਰ ਦੇ ਪੈਨਸ਼ਨ ਗਰੁੱਪ ਨੇ 2 ਬਿਲੀਅਨ ਡਾਲਰ ਦਾ ਨਿਵੇਸ਼ ਹੁਣ ਤੱਕ ਕਰ ਦਿੱਤਾ ਹੈ ਅਤੇ ਯੂ ਏ ਈ ਦੀ ਆਬੂ ਧਾਬੀ ਨਿਵੇਸ਼ ਅਥਾਰਿਟੀ ਵੀ ਨਿਵੇਸ਼ ਕਰਨ ਲਈ ਉਤਸ਼ਾਹਿਤ ਹੈ। ਇਹ ਜਾਣਕਾਰੀ ਗੋਇਲ ਵਲੋਂ ਦਿੱਤੀ ਗਈ ਹੈ।

ਸਰਕਾਰ ਨੇ ਪਿਛਲੇ 3 ਸਾਲਾਂ ਵਿੱਚ ਸਹਿਕਾਰੀ ਅਤੇ ਮੁਕਾਬਲੇ ਦੇ ਸੰਘਾਤਮਕ ਢਾਂਚੇ ਨੂੰ ਲਾਗੂ ਕਰਨ ਉੱਤੇ ਜ਼ੋਰ ਦਿੱਤਾ ਹੈ ਤਾਂ ਕਿ ਸਰਵ-ਪੱਖੀ ਵਿਕਾਸ ਹਾਸਲ ਕੀਤਾ ਜਾ ਸਕੇ। ਲੰਬੇ ਸਮੇਂ ਤੋਂ ਵੱਡੇ ਭਰਾ ਵਾਲੇ ਸੰਬੰਧ ਕੇਂਦਰ ਅਤੇ ਰਾਜਾਂ ਦਰਮਿਆਨ ਚੱਲ ਰਹੇ ਹਨ। ਕਈ ਸਾਲ ਤੱਕ ਸਭ ਨੂੰ 'ਇਕੋ ਸਾਈਜ਼ ਫਿਟ ਆਉਣ' ਦੀ ਪਹੁੰਚ ਅਪਣਾਈ ਜਾ ਰਹੀ ਹੈ ਅਤੇ ਇਸ ਗੱਲ ਦਾ

ਧਿਆਨ ਨਹੀਂ ਰੱਖਿਆ ਜਾ ਰਿਹਾ ਕਿ ਵੱਖ-ਵੱਖ ਰਾਜਾਂ ਦੀਆਂ ਲੋੜਾਂ ਵੱਖ-ਵੱਖ ਹਨ। ਇਸੇ ਕਾਰਨ ਹੀ ਨੀਤੀ ਆਯੋਗ ਕਾਇਮ ਕੀਤਾ ਗਿਆ ਤਾਂ ਕਿ ਰਾਜਾਂ ਨੂੰ ਹੋਰ ਅਧਿਕਾਰ ਦੇ ਕੇ ਉਨ੍ਹਾਂ ਨੂੰ ਮਜਬੂਤ ਕੀਤਾ ਜਾ ਸਕੇ।

ਸਰਕਾਰ ਨੇ ਕਈ ਖੇਡ ਤਬਦੀਲੀ ਵਾਲੇ ਸੁਧਾਰ ਅਮਲ ਲਈ ਲਿਆਂਦੇ ਹਨ। ਇਹ ਸੁਧਾਰ ਜਨ-ਧਨ, ਅਧਾਰ ਅਤੇ ਮੋਬਾਈਲ (ਜੇ ਏ ਐੱਮ) ਦੀ ਤਿੱਕੜੀ ਦੇ ਰੂਪ ਵਿੱਚ ਹਨ ਤਾਂ ਕਿ ਲਾਭਾਂ ਨੂੰ ਸਿੱਧਾ ਤਬਦੀਲ ਕੀਤਾ ਜਾ ਸਕੇ। ਇਸ ਨਾਲ ਸਰਕਾਰੀ ਸੋਮਿਆਂ ਵਿੱਚ ਲੀਕੇਜ ਰੋਕਣ ਵਿੱਚ ਮਦਦ ਮਿਲੇਗੀ ਅਤੇ ਉਸ ਪੈਸੇ ਦੀ ਵਰਤੋਂ ਢਾਂਚੇ ਦੇ ਵਿਕਾਸ ਲਈ ਹੋਵੇਗੀ। ਅਜਿਹਾ ਜਨਤਕ ਖੇਤਰ ਲਈ ਵਧੇਰੇ ਪੈਸਾ ਅਲਾਟ ਕਰਨ ਤੋਂ ਸਪੱਸ਼ਟ ਨਜ਼ਰ ਆ ਰਿਹਾ ਹੈ। ਸਮੇਂ ਦੀ ਲੋੜ ਹੈ ਕਿ ਆਰਥਿਕਤਾ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇ, ਖ਼ਾਸ ਤੌਰ ਤੇ ਉਸ ਵੇਲੇ ਜਦੋਂ ਕਿ ਘਰੇਲੂ ਨਿੱਜੀ ਪੂੰਜੀ ਅਗਾਂਹ ਨਹੀਂ ਆ ਰਹੀ। ਇਸ ਸਾਲ 1 ਜੁਲਾਈ ਤੋਂ ਵਸਤੂ ਅਤੇ ਸੇਵਾ ਟੈਕਸ ਲਾਗੂ ਕੀਤਾ ਜਾ ਰਿਹਾ ਹੈ ਜੋ ਕਿ ਸਰਕਾਰ ਦੀ ਆਮਦਨ ਵਿੱਚ ਵਾਧਾ ਕਰੇਗਾ ਤਾਂ ਕਿ ਢਾਂਚੇ ਲਈ ਖਰਚਾ ਵਧਾਇਆ ਜਾ ਸਕੇ। ਕਈ ਅਧਿਐਨਾਂ ਤੋਂ ਸੰਕੇਤ ਮਿਲਦੇ ਹਨ ਕਿ ਜੀ ਐੱਸ ਟੀ ਲਾਗੂ ਹੋਣ ਨਾਲ ਕੁੱਲ ਘਰੇਲੂ ਉਤਪਾਦ ਵਾਧਾ ਦਰ ਹਰ ਸਾਲ 1.5 ਪ੍ਰਤਿਸ਼ਤ ਤੋਂ 2 ਪ੍ਰਤਿਸ਼ਤ ਵਧੇਗੀ। ਅਜਿਹਾ ਢਾਂਚੇ ਵਿੱਚ ਕੀਤੇ ਗਏ ਨਿਵੇਸ਼ ਕਾਰਨ ਸੰਭਵ ਹੋ ਸਕੇਗਾ। ਜੇ ਇਕ ਆਰਥਿਕਤਾ ਸਾਲਾਨਾ 8-9 ਪ੍ਰਤਿਸ਼ਤ ਵਧਦੀ ਹੈ ਤਾਂ ਦਲੀਲਪੂਰਨ ਖੇਤਰ, ਜਿਨ੍ਹਾਂ ਵਿੱਚ ਰੇਲਵੇ ਵੀ ਸ਼ਾਮਲ ਹੈ, ਘੱਟੋ-ਘੱਟ 2 ਪ੍ਰਤਿਸ਼ਤ ਦਾ ਵਾਧਾ ਦਿਖਾਉਣਗੇ। ਬਿਲਕੁਲ ਸਹੀ ਹੈ ਕਿ ਰੇਲਵੇ ਨੇ ਹਰ ਸਾਲ ਪੂੰਜੀਗਤ ਖਰਚੇ ਵਿੱਚ 1 ਲੱਖ ਕਰੋੜ ਰੁਪਏ ਦੇ ਵਾਧੇ ਦਾ ਰਿਕਾਰਡ ਪੱਧਰ ਛੂਹਿਆ ਹੈ। ਰੇਲਵੇ ਵਿੱਚ ਪੂੰਜੀਗਤ ਖਰਚੇ ਵਿੱਚ ਨਿਰੰਤਰਤਾ ਨਾਲ ਵਾਧਾ ਹੋਇਆ ਹੈ ਅਤੇ ਇਹ 3 ਸਾਲ ਵਿੱਚ 40,000 ਕਰੋੜ ਰੁਪਏ ਉਤੇ ਜਾ ਪੁੱਜਾ ਹੈ।

ਰੋਡ ਟ੍ਰਾਂਸਪੋਰਟ ਅਤੇ ਹਾਈਵੇਜ਼ ਅਤੇ ਜਹਾਜ਼ਰਾਨੀ ਮੰਤਰਾਲਾ ਨੇ ਢਾਂਚੇ ਖੇਤਰ ਵਿੱਚ 3 ਸਾਲ ਵਿੱਚ 25 ਟ੍ਰਿਲੀਅਨ (376.53 ਬਿਲੀਅਨ ਡਾਲਰ) ਨਿਵੇਸ਼ ਕਰਨ ਦਾ ਟੀਚਾ ਮਿੱਥਿਆ ਹੈ। ਇਸ ਵਿੱਚ 8 ਟ੍ਰਿਲੀਅਨ (120.49 ਬਿਲੀਅਨ ਡਾਲਰ) 27 ਸੱਨਅਤੀ ਕਲਸਟਰਜ਼ ਦੇ ਵਿਕਾਸ ਅਤੇ 4 ਟ੍ਰਿਲੀਅਨ (75.30 ਬਿਲੀਅਨ ਡਾਲਰ) ਸੜਕ, ਰੇਲਵੇ ਅਤੇ ਬੰਦਰਗਾਹ ਪ੍ਰਾਜੈਕਟਾਂ ਨੂੰ ਆਪਸ ਵਿੱਚ ਜੋੜਨ ਲਈ ਹੋਣਗੇ। 2016 ਵਿੱਚ ਵਿਸ਼ਵ ਬੈਂਕ ਦੇ ਲਾਜਿਸਟਿਕਸ ਪਰਫਾਰਮੈਂਸ ਇੰਡੈਕਸ (ਐੱਲ ਪੀ ਆਈ) ਵਿੱਚ ਭਾਰਤ ਨੇ 19 ਥਾਵਾਂ ਦੀ ਛਲਾਂਗ ਲਗਾਈ ਅਤੇ ਇਹ 160 ਦੇਸ਼ਾਂ ਵਿੱਚੋਂ 35ਵੇਂ ਨੰਬਰ ਉਤੇ ਜਾ ਪਹੁੰਚਿਆ।

ਭਾਰਤੀ ਬਿਜਲੀ ਖੇਤਰ ਵਿੱਚ ਵੀ ਅਗਲੇ 4-5 ਸਾਲਾਂ ਵਿੱਚ 250 ਬਿਲੀਅਨ ਡਾਲਰ ਦੇ ਨਿਵੇਸ਼ ਦੀ ਸਮਰੱਥਾ ਹੈ ਜਿਸ ਨਾਲ ਬਿਜਲੀ ਪੈਦਾ ਕਰਨ, ਉਸ ਦੀ ਵੰਡ, ਟ੍ਰਾਂਸਮਿਸ਼ਨ ਅਤੇ ਸਾਜ਼ੋ-ਸਮਾਨ ਦੇ ਵਧੇਰੇ ਮੌਕੇ ਹਾਸਲ ਹੋ ਸਕਣਗੇ।

ਭਾਰਤੀ ਉਸਾਰੀ ਸਾਜ਼ੋ-ਸਮਾਨ ਵਿਵਸਥਾ 4 ਸਾਲ ਦੇ ਵਕਫੇ ਤੋਂ ਬਾਅਦ ਮੁੜ ਆਪਣੇ ਪੈਰਾ ਉਤੇ ਖੜ੍ਹੀ ਹੋ ਰਹੀ ਹੈ ਅਤੇ 2019-20 ਤੱਕ ਇਹ 5 ਬਿਲੀਅਨ ਅਮਰੀਕੀ ਡਾਲਰ ਤੱਕ ਵਿਕਸਤ ਹੋ ਜਾਵੇਗੀ ਜਦ ਕਿ ਇਸ ਵੇਲੇ ਇਸ ਦਾ ਆਕਾਰ 2.8 ਬਿਲੀਅਨ ਅਮਰੀਕੀ ਡਾਲਰ ਹੈ। ਇਸ ਦਾ ਭਾਵ ਇਹ ਹੈ ਕਿ ਭਾਰਤ ਦੇ ਢਾਂਚਾ ਖੇਤਰ ਵਿੱਚ ਅੰਤਰਰਾਸ਼ਟਰੀ ਨਿਵੇਸ਼ਕ ਭਾਰੀ ਦਿਲਚਸਪੀ ਦਿਖਾ ਰਹੇ ਹਨ। ਬਹੁਤ ਸਾਰੀਆਂ ਸਪੈਨਿਸ਼ ਕੰਪਨੀਆਂ ਭਾਰਤੀ ਢਾਂਚੇ, ਤੇਜ਼ ਰਫ਼ਤਾਰ ਗੱਡੀਆਂ, ਨਵਿਆਉਣਯੋਗ ਊਰਜਾ ਅਤੇ ਸਮਾਰਟ ਸ਼ਹਿਰਾਂ ਨੂੰ ਵਿਕਸਤ ਕਰਨ ਵਿੱਚ ਸਹਿਯੋਗ ਦੇਣ ਲਈ ਤਿਆਰ ਹਨ।

ਸਕਾਈਟ੍ਰਾਨ ਇੰਕ, ਇਕ ਨਾਸਾ ਤਕਨਾਲੋਜੀ ਭਾਈਵਾਲ, ਜੋ ਕਿ ਪੌਡ ਸਿਸਟਮ ਸ਼ਹਿਰੀ ਟ੍ਰਾਂਸਪੋਰਟ ਲਈ ਤਿਆਰ ਕਰਨ ਦੀ ਮੁਹਾਰਤ ਰੱਖਦਾ ਹੈ, ਨੇ ਭਾਰਤ ਵਿੱਚ ਆਪਣੀ ਕੀਮਤ ਉਤੇ ਭਾਰਤ ਸਰਕਾਰ ਦੀਆਂ ਲੋੜਾਂ ਅਨੁਸਾਰ 1 ਕਿਲੋਮੀਟਰ ਲੰਬਾ ਪਾਇਲਟ ਟ੍ਰੈਕ ਉਸਾਰਨ ਦੀ ਪੇਸ਼ਕਸ਼ ਕੀਤੀ ਹੈ। ਭਾਰਤ ਸਰਕਾਰ ਨੇ ਤਜਰਬੇ ਦੇ ਆਧਾਰ ਉਤੇ ਪੌਡ ਕਾਰਾਂ ਤਿਆਰਾਂ ਕਰਨ ਵਾਲੀਆਂ 3 ਕੰਪਨੀਆਂ ਵਿੱਚ ਇਸ ਦਾ ਨਾਂ ਵੀ ਰੱਖਿਆ ਹੈ। ਵਿਸ਼ਵ ਪੱਧਰ ਦੀਆਂ ਨਿੱਜੀ ਇਕਵਿਟੀ ਫਰਮਾਂ, ਇਕਵਿਟੀ ਹੈਜ ਫੰਡਜ਼, ਨਾਨ-ਬੈਂਕਿੰਗ ਕੰਪਨੀਆਂ, ਸਰਵਭੌਮਿਕ ਜਾਇਦਾਦ ਫੰਡ ਅਤੇ ਵਿਸ਼ਵਵਿਆਪੀ ਪੈਨਸ਼ਨ ਫੰਡ ਭਾਰਤੀ ਢਾਂਚਾ ਖੇਤਰ ਵਿੱਚ ਅਰਬਾਂ ਰੁਪਏ ਦਾ ਨਿਵੇਸ਼ ਕਰਨ ਲਈ ਲਾਈਨ ਵਿੱਚ ਲੱਗੇ ਹੋਏ ਹਨ। ਸੱਨਅਤੀ ਕਾਰੀਡੋਰ ਦਿੱਲੀ-ਮੁੰਬਈ, ਲੁਧਿਆਣਾ-ਕੋਲਕਾਤਾ, ਕੋਲਕਾਤਾ-ਵਿਸ਼ਾਖਾਪਟਨਮ-ਵਿਜੈਵਾੜਾ, ਚੇਨੱਈ-ਟਿਊਟੀਕੋਰਨ, ਚੇਨੱਈ-ਬੈਂਗਲੁਰੂ, ਬੈਂਗਲੁਰੂ-ਮੁੰਬਈ ਆਦਿ ਜਾਪਾਨ, ਵਿਸ਼ਵ ਬੈਂਕ, ਏ ਡੀ ਬੀ ਅਤੇ ਬ੍ਰਿਟੇਨ ਦੀ ਸਹਾਇਤਾ ਨਾਲ ਤਿਆਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 100 ਸਮਾਰਟ ਸ਼ਹਿਰਾਂ ਦੇ ਵਿਕਾਸ ਨਾਲ ਵੱਡੇ ਪੱਧਰ ਉਤੇ ਪੂੰਜੀ ਨਿਵੇਸ਼ ਹੋਵੇਗਾ ਜਿਸ ਵਿੱਚ ਟੈਲੀਕਾਮ ਖੇਤਰ ਵਿੱਚ ਹੋਣ ਵਾਲਾ ਨਿਵੇਸ਼ ਵੀ ਸ਼ਾਮਲ ਹੈ।

ਪ੍ਰਧਾਨ ਮੰਤਰੀ ਦੇ ਸਵੱਛ ਭਾਰਤ ਮਿਸ਼ਨ ਦਾ ਉਦੇਸ਼ 2019 ਤੱਕ, ਜਦੋਂ ਕਿ ਮਹਾਤਮਾ ਗਾਂਧੀ ਦੀ 150ਵੀਂ ਵਰ੍ਹੇਗੰਢ ਵੀ ਹੈ, ਭਾਰਤ ਨੂੰ ਖੁੱਲ੍ਹੀ ਥਾਂ ਤੇ ਪਖਾਨੇ ਕਰਨ ਤੋਂ ਮੁਕਤ ਕਰਨਾ ਹੈ। ਇਸ ਕੰਮ ਵਿੱਚ ਸੀਵੇਜ ਟ੍ਰੀਟਮੈਂਟ ਪਲਾਂਟਸ ਆਦਿ ਉੱਤੇ ਭਾਰੀ ਨਿਵੇਸ਼ ਹੋ ਰਿਹਾ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਭਾਈਚਾਰਕ ਅਤੇ ਨਿੱਜੀ ਪਖਾਨੇ ਤਿਆਰ ਕੀਤੇ ਜਾ ਰਹੇ ਹਨ। ਇਹ ਪਖਾਨੇ ਖ਼ਾਸ ਤੌਰ ਤੇ ਦਿਹਾਤੀ ਖੇਤਰਾਂ ਵਿੱਚ ਬਣਾਏ ਜਾ ਰਹੇ ਹਨ। ਇਸ ਤੋਂ ਇਲਾਵਾ ਬਾਇਓ ਗੈਸ ਪਲਾਂਟਸ ਲਗਾਏ ਜਾ ਰਹੇ ਹਨ ਅਤੇ ਦੇਸ਼ ਵਿੱਚ ਮੌਜੂਦ ਪੀਣ ਵਾਲੇ ਪਾਣੀ ਦਾ ਪੱਧਰ ਸੁਧਾਰਿਆ ਜਾ ਰਿਹਾ ਹੈ।

ਜਾਪਾਨ, ਬ੍ਰਿਟੇਨ, ਫਰਾਂਸ, ਅਮਰੀਕਾ ਅਤੇ ਚੀਨ ਨੇ ਭਾਰਤ ਦੇ ਸਮਾਰਟ ਸਿਟੀ ਪ੍ਰਾਜੈਕਟਾਂ ਵਿੱਚ ਭਾਰੀ ਦਿਲਚਸਪੀ ਦਿਖਾਈ ਹੈ ਅਤੇ ਇਸ ਖੇਤਰ ਵਿੱਚ ਅਰਬਾਂ ਡਾਲਰ ਦੇ ਨਿਵੇਸ਼ ਦੀ ਪੇਸ਼ਕਸ਼ ਕੀਤੀ ਹੈ।

ਮਲੇਸ਼ੀਆ ਦੇ ਉਸਾਰੀ ਸੱਨਅਤੀ ਵਿਕਾਸ ਬੋਰਡ (ਸੀ ਆਈ ਡੀ ਬੀ) ਨੇ ਭਾਰਤ ਵਿੱਚ ਸ਼ਹਿਰੀ ਵਿਕਾਸ ਅਤੇ ਮਕਾਨ ਉਸਾਰੀ ਪ੍ਰਾਜੈਕਟਾਂ ਵਿੱਚ 30 ਬਿਲੀਅਨ ਡਾਲਰ ਦੇ ਨਿਵੇਸ਼ ਦੀ ਪੇਸ਼ਕਸ਼ ਕੀਤੀ ਹੈ। ਇਹ ਰਕਮ ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਨਾਲ ਬਣਨ ਵਾਲੇ ਮਿੰਨੀ ਸਮਾਰਟ ਸਿਟੀ ਅਤੇ ਉੱਤਰ ਪ੍ਰਦੇਸ਼ ਦੇ ਗੜ੍ਹ-ਮੁਕਤੇਸ਼ਵਰ ਵਿੱਚ ਬਣਨ ਵਾਲੇ ਗਰੀਨ ਸਿਟੀ ਪ੍ਰਾਜੈਕਟ ਅਤੇ ਗੰਗਾ ਸਫਾਈ ਪ੍ਰਾਜੈਕਟਾਂ ਵਿੱਚ ਲਗਾਈ ਜਾਵੇਗੀ।

ਸੜਕ ਟ੍ਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲਾ

ਨੇ ਪਿਛਲੇ 2.6 ਸਾਲਾਂ ਵਿੱਚ ਵਿਸ਼ਵ ਪੱਧਰੀ ਹਾਈਵੇਜ਼ ਅਤੇ ਜਹਾਜ਼ਰਾਨੀ ਢਾਂਚੇ ਲਈ 3.17 ਟ੍ਰਿਲੀਅਨ (47.7 ਬਿਲੀਅਨ ਡਾਲਰ) ਅਤੇ ਸ਼ਿਪਿੰਗ ਮੰਤਰਾਲਾ ਨੇ 80,000 ਕਰੋੜ (12 ਬਿਲੀਅਨ ਡਾਲਰ) ਦਾ ਨਿਵੇਸ਼ ਕੀਤਾ ਹੈ। ਕੁੱਲ 15,000 ਕਿਲੋਮੀਟਰ ਦੇ 2016-17 ਦੇ ਮਿੱਥੇ ਗਏ ਟੀਚੇ ਵਿੱਚੋਂ 6604 ਕਿਲੋਮੀਟਰ ਰਾਸ਼ਟਰੀ ਰਾਜ ਮਾਰਗ ਫ਼ਰਵਰੀ 2017 ਤੱਕ ਤਿਆਰ ਕੀਤੇ ਗਏ।

2017-18 ਦੇ ਕੇਂਦਰੀ ਬਜਟ ਵਿੱਚ ਸਰਕਾਰ ਨੇ ਕਈ ਨਵੀਆਂ ਪਹਿਲਕਦਮੀਆਂ ਦੇਸ਼ ਵਿੱਚ ਢਾਂਚੇ ਦੇ ਵਿਕਾਸ ਲਈ ਕੀਤੀਆਂ ਹਨ। ਢਾਂਚੇ ਸੰਬੰਧੀ ਖਰਚੇ ਅਤੇ ਰੱਖਿਆ ਪੂੰਜੀਗਤ ਖਰਚੇ ਵਿੱਚ ਕ੍ਰਮਵਾਰ 10 ਪ੍ਰਤਿਸ਼ਤ ਅਤੇ 20.6 ਪ੍ਰਤਿਸ਼ਤ ਦਾ ਵਾਧਾ ਕਰਕੇ ਇਨ੍ਹਾਂ ਨੂੰ 396,135 ਕਰੋੜ (59.18 ਬਿਲੀਅਨ ਡਾਲਰ) ਅਤੇ 86,488 ਕਰੋੜ ਰੁਪਏ (13.1 ਬਿਲੀਅਨ ਡਾਲਰ) ਤੱਕ ਪਹੁੰਚਾ ਦਿੱਤਾ ਗਿਆ ਹੈ ਜੋ ਕਿ 2016-17 ਦੇ ਸੋਧੇ ਗਏ ਅਨੁਮਾਨ ਤੋਂ ਜ਼ਿਆਦਾ ਹੈ। ਰੇਲਵੇ ਦੇ ਖਰਚੇ ਦੀ ਅਲਾਟਮੈਂਟ ਵਿੱਚ 8 ਪ੍ਰਤਿਸ਼ਤ ਦਾ ਵਾਧਾ ਕਰਕੇ ਇਸ ਨੂੰ 131,000 ਕਰੋੜ ਰੁਪਏ (19.58 ਬਿਲੀਅਨ ਡਾਲਰ) ਉੱਤੇ ਪਹੁੰਚਾਇਆ ਗਿਆ ਹੈ। ਇਹ ਰਕਮ 2017-18 ਵਿੱਚ 3500 ਕਿਲੋਮੀਟਰ ਰੇਲਵੇ ਲਾਈਨਾਂ ਵਿਛਾਉਣ ਲਈ ਵਰਤੀ ਜਾਵੇਗੀ।ਪਹੁੰਚਯੋਗ ਮਕਾਨ ਉਸਾਰੀ ਨੂੰ ਢਾਂਚੇ ਦਾ ਦਰਜਾ ਦੇ ਦਿੱਤਾ ਗਿਆ ਹੈ। ਜ਼ਮੀਨ ਅਤੇ ਇਮਾਰਤਾਂ ਉੱਤੇ ਲੰਬੀ ਮਿਆਦ ਦੇ ਪੂੰਜੀਗਤ ਲਾਭ ਦੇ ਲਾਕ-ਇਨ ਪੀਰੀਅਡ ਨੂੰ 3 ਤੋਂ ਘਟਾ ਕੇ 2 ਸਾਲ ਕਰ ਦਿੱਤਾ ਗਿਆ ਹੈ। ਭਾਰਤੀ ਰੇਲਵੇ ਨੇ 5 ਅਰਬ ਡਾਲਰ ਦਾ ਵਿਕਾਸ ਫੰਡ (ਆਰ ਆਈ ਡੀ ਐੱਫ) ਕਾਇਮ ਕਰਨ ਦਾ ਫੈਸਲਾ ਕੀਤਾ ਹੈ ਜੋ ਕਿ ਢਾਂਚੇ ਸੰਬੰਧੀ ਵੱਖ-ਵੱਖ ਪ੍ਰਾਜੈਕਟਾਂ ਲਈ ਇਕ ਸੰਸਥਾਗਤ ਢਾਂਚੇ ਵਜੋਂ ਕੰਮ ਕਰੇਗਾ। ਸਰਕਾਰ ਦੀ ਦਿਹਾਤੀ ਨੌਕਰੀਆਂ ਦੀ ਸਕੀਮ, ਦਿਹਾਤੀ ਪੇਂਡੂ ਢਾਂਚਾ ਉਸਾਰਨ, ਸ਼ਹਿਰੀ ਵਿਕਾਸ ਅਤੇ ਫਾਰਮ ਇੰਸ਼ੋਰੈਂਸ ਦੀ ਮਦਦ ਲਈ 59,978.29 ਕਰੋੜ ਰੁਪਏ (8.96 ਬਿਲੀਅਨ ਡਾਲਰ) ਦਾ ਇਕ ਵਾਧੂ ਫੰਡ ਬਣਾਉਣ ਦਾ ਐਲਾਨ ਕੀਤਾ ਗਿਆ ਹੈ।

ਜਹਾਜ਼ਰਾਨੀ ਮੰਤਰਾਲਾ ਦੀ ਯੋਜਨਾ 37 ਰਾਸ਼ਟਰੀ ਜਲ ਮਾਰਗਾਂ (ਐੱਨ ਡਬਲਿਯੂ) ਦਾ ਵਿਕਾਸ ਕਰਨ ਦੀ ਹੈ। ਇਹ ਕੁੱਲ ਐਲਾਨੇ ਗਏ 111 ਰਾਸ਼ਟਰੀ ਜਲ ਮਾਰਗਾਂ ਵਿੱਚ ਸ਼ਾਮਲ ਹਨ, ਜੋ ਕਿ ਅਗਲੇ 3 ਸਾਲਾਂ ਵਿੱਚ ਨੈਸ਼ਨਲ ਵਾਟਰ ਵੇਜ਼ ਕਾਨੂੰਨ 2016 ਵਿੱਚ ਬਣਾਏ ਜਾਣੇ ਹਨ। 23 ਪਹਿਲ ਵਾਲੇ - (1) ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ 2016-17 ਵਿੱਚ ਇਕ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਸੀ, 31 ਪਹਿਲ ਵਾਲੇ (2) ਪ੍ਰਾਜੈਕਟ 2017-18 ਵਿੱਚ ਪੂਰੇ ਕੀਤੇ ਜਾਣੇ ਹਨ ਅਤੇ ਬਾਕੀ 45 ਪਹਿਲ ਵਾਲੇ (3) ਪ੍ਰਾਜੈਕਟ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ (ਪੀ ਐੱਮ ਕੇ ਐੱਸ ਵਾਈ) ਅਤੇ ਤੇਜ਼ ਸਿੰਚਾਈ ਲਾਭ ਪ੍ਰੋਗਰਾਮ (ਏ ਆਈ ਬੀ ਪੀ) ਅਧੀਨ ਦਸੰਬਰ 2019 ਤੱਕ ਪੂਰੇ ਕੀਤੇ ਜਾਣੇ ਹਨ। ਸਰਕਾਰ ਦੀ ਯੋਜਨਾ 106 ਸ਼ਹਿਰਾਂ ਵਿੱਚ 8,000 ਕਿਲੋਮੀਟਰ ਫੁਟਪਾਥ, ਵਧੇਰੇ ਸਾਈਕਲ ਟਰੈਕ ਤਿਆਰ ਕਰਨ ਲਈ ਅਗਲੇ 5 ਸਾਲਾਂ ਵਿੱਚ 80,000 ਕਰੋੜ ਰੁਪਏ (11.94 ਬਿਲੀਅਨ ਡਾਲਰ) ਦੇ ਨਿਵੇਸ਼ ਦੀ ਹੈ। ਇਸ ਦਾ ਉਦੇਸ਼ ਸ਼ਹਿਰੀ ਇਲਾਕਿਆਂ ਵਿੱਚ ਕਾਰਬਨ ਛੱਡੇ ਜਾਣ ਦੀ ਮਾਤਰਾ ਨੂੰ ਘਟਾਉਣ ਦੀ ਹੈ।

ਕੇਂਦਰੀ ਬਿਜਲੀ ਅਥਾਰਟੀ (ਸੀ ਈ ਏ) ਨੂੰ ਭਾਰਤ ਦੇ ਬਿਜਲੀ ਟ੍ਰਾਂਸਮਿਸ਼ਨ ਖੇਤਰ ਵਿੱਚ ਨਿਵੇਸ਼ 2.6 ਲੱਖ ਕਰੋੜ (38.85 ਬਿਲੀਅਨ ਡਾਲਰ) ਤੱਕ 13ਵੀਂ 5 ਸਾਲਾ ਯੋਜਨਾ (2017-22) ਤੱਕ ਪਹੁੰਚਣ ਦੀ ਹੈ। ਇਸ ਨਾਲ ਅੰਤਰ ਖੇਤਰੀ ਸੰਪਰਕਾਂ ਉੱਤੇ ਟ੍ਰਾਂਸਮਿਸ਼ਨ ਸਮਰੱਥਾ 45,700 ਮੈਗਾਵਾਟ ਤੱਕ ਪਹੁੰਚਣ ਦੀ ਹੈ।

75 ਜਨਤਕ ਫੰਡ ਵਾਲੇ ਹਾਈਵੇ ਪ੍ਰਾਜੈਕਟਾਂ, ਜਿਨ੍ਹਾਂ ਦੀ ਕੀਮਤ 35,600 ਕਰੋੜ (5.32 ਬਿਲੀਅਨ ਅਮਰੀਕੀ ਡਾਲਰ) ਹੈ, ਨੂੰ ਟੋਲ ਆਪ੍ਰੇਟ ਟ੍ਰਾਂਸਫਰ (ਟੀ ਓ ਟੀ) ਰਾਹੀਂ ਪੈਸਾ ਮਿਲੇਗਾ ਜੋ ਕਿ 2700 ਕਿਲੋਮੀਟਰ ਸੜਕਾਂ ਦੀ ਉਸਾਰੀ ਲਈ ਵਰਤਿਆ ਜਾਵੇਗਾ।

ਸ਼ਹਿਰੀ ਵਿਕਾਸ ਮੰਤਰਾਲਾ ਨੇ ਅਟੱਲ ਮਿਸ਼ਨ ਫਾਰ ਰੀਜੁਵੀਨੇਸ਼ਨ ਐਂਡ ਅਰਬਨ ਟ੍ਰਾਂਸਫਾਰਮੇਸ਼ਨ (ਅਮਰੁਤ) ਸਕੀਮ ਅਧੀਨ 6 ਰਾਜਾਂ ਵਿੱਚ ਮੁਢਲੇ ਸ਼ਹਿਰੀ ਢਾਂਚੇ ਦੇ ਸੁਧਾਰ ਲਈ 2863 ਕਰੋੜ ਰੁਪਏ (433 ਮਿਲੀਅਨ ਡਾਲਰ) ਦੀ ਰਕਮ ਪ੍ਰਵਾਨ ਕੀਤੀ ਹੈ। ਇਹ ਰਕਮ 2017-20 ਵਿੱਚ ਵਰਤੀ ਜਾਵੇਗੀ।

ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਦੀ ਯੋਜਨਾ ਆਪਣੇ ਪੂੰਜੀ ਖਰਚੇ ਨੂੰ 2017-18 ਵਿੱਚ 25 ਪ੍ਰਤਿਸ਼ਤ ਵਧਾ ਕੇ 2500 ਕਰੋੜ ਰੁਪਏ(0.37 ਬਿਲੀਅਨ ਡਾਲਰ) ਕਰਨ ਦੀ ਹੈ। ਇਸ ਦਾ ਉਦੇਸ਼ 12 ਹਵਾਈ ਅੱਡਿਆਂ ਵਿੱਚ ਹਵਾਈ ਟ੍ਰੈਫਿਕ ਦੀ ਸਮਰੱਥਾ ਵਿੱਚ ਵਾਧਾ ਕਰਨਾ ਹੈ। ਇਹ ਜਾਣਕਾਰੀ ਏ ਏ ਆਈ ਦੇ ਚੇਅਰਮੈਨ ਵਲੋਂ ਦਿੱਤੀ ਗਈ। ਏ ਏ ਆਈ ਦੀ ਯੋਜਨਾ ਦੇਸ਼ ਭਰ ਦੇ 13 ਖੇਤਰੀ ਹਵਾਈ ਅੱਡਿਆਂ ਉਤੇ ਸਿਟੀ ਸਾਈਡ ਢਾਂਚੇ ਵਿਕਸਤ ਕਰਨ ਦੀ ਹੈ। ਇਸ ਕੰਮ ਵਿੱਚ ਨਿੱਜੀ ਕੰਪਨੀਆਂ ਦੀ ਮਦਦ ਹੋਟਲ, ਕਾਰ ਪਾਰਕਿੰਗ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਲਈ ਜਾਵੇਗੀ।

ਭਾਰਤ ਸਰਕਾਰ ਨੇ ਦੇਸ਼ ਭਰ ਵਿੱਚ 100 ਸਮਾਰਟ ਸ਼ਹਿਰਾਂ ਦੇ ਵਿਕਾਸ ਲਈ 50,000 ਕਰੋੜ ਰੁਪਏ (7.34 ਬਿਲੀਅਨ ਡਾਲਰ ਰੱਖੇ ਹਨ। ਸਰਕਾਰ ਨੇ 93 ਬਿਲੀਅਨ ਅਮਰੀਕੀ ਡਾਲਰ ਦੀ ਲਾਗਤ ਵਾਲੇ ਹਾਈਵੇ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚ ਸਰਕਾਰੀ ਫਲੈਗਸ਼ਿਪ ਨੈਸ਼ਨਲ ਹਾਈਵੇਜ਼ ਬਿਲਡਿੰਗ ਪ੍ਰਾਜੈਕਟ (ਐੱਨ ਐੱਚ ਡੀ ਪੀ) ਵੀ ਸ਼ਾਮਲ ਹੈ, ਜਿਸ ਉੱਤੇ ਅਗਲੇ 3 ਸਾਲਾਂ ਵਿੱਚ 45 ਬਿਲੀਅਨ ਅਮਰੀਕੀ ਡਾਲਰ ਦਾ ਨਿਵੇਸ਼ ਹੋਣਾ ਹੈ।

ਇਹ ਸਾਰੇ ਅੰਕੜੇ ਸੰਕੇਤ ਕਰਦੇ ਹਨ ਕਿ ਬਜਟ ਵਿੱਚ ਢਾਂਚੇ ਨੂੰ ਹੁਲਾਰਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਕਿ ਸਰਕਾਰ ਦੀਆਂ ਪਿਛਲੇ 3 ਸਾਲ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਲੋੜੀਂਦਾ ਕਾਨੂੰਨੀ ਢਾਂਚਾ ਤਿਆਰ ਕਰਨਾ, ਫੈਸਲੇ ਲੈਣ ਵਿੱਚ ਪਾਰਦਰਸ਼ਤਾ ਅਤੇ ਪ੍ਰਾਜੈਕਟਾਂ ਦੀ ਤੇਜ਼ੀ ਨਾਲ ਕਲੀਅਰੈਂਸ ਸ਼ਾਮਲ ਹੈ।

ਹੁਣ ਭਾਰਤੀ ਬੰਦਰਗਾਹ ਖੇਤਰ ਆਉਣ ਵਾਲੇ ਸਾਲਾਂ ਵਿੱਚ ਤੇਜ਼ੀ ਨਾਲ ਤਰੱਕੀ ਕਰਨ ਵਾਲਾ ਹੈ। ਇਹ ਭਵਿੱਖਬਾਣੀ ਕੀਤੀ ਗਈ ਹੈ ਕਿ 2017 ਦੇ ਅੰਤ ਤੱਕ ਸਾਰੀਆਂ ਪ੍ਰਮੁੱਖ ਭਾਰਤੀ ਬੰਦਰਗਾਹਾਂ ਵਿੱਚ ਟ੍ਰੈਫਿਕ 943.06 ਐੱਮ ਟੀ ਤੱਕ ਅਤੇ ਛੋਟੀਆਂ ਬੰਦਰਗਾਹਾਂ ਵਿੱਚ 815.20 ਐੱਮ ਟੀ ਤੱਕ ਪਹੁੰਚ ਜਾਵੇਗੀ।

ਇਸ ਦੇ ਨਾਲ ਹੀ ਭਾਰਤੀ ਹਵਾਬਾਜ਼ੀ ਮੰਡੀ 2020 ਤੱਕ ਦੁਨੀਆਂ ਭਰ ਵਿੱਚ ਤੀਸਰੀ

*ਬਾਕੀ ਸਫ਼ਾ 52 ਉੱਤੇ*

# ਏਂਜਲ ਫੰਡਿੰਗ

ਏਂਜਲ ਫੰਡਿੰਗ ਜਾਂ ਨਿਵੇਸ਼, ਸਟਾਰਟਅੱਪ ਕੰਪਨੀਆਂ ਵਿੱਚ ਕੀਤੇ ਜਾਣ ਵਾਲੇ ਇਕਵਿਟੀ ਨਿਵੇਸ਼ ਦਾ ਪੁਰਾਣਾ ਢੰਗ ਹੈ। ਏਂਜਲ ਨਿਵੇਸ਼ਕ ਛੋਟੀਆਂ ਸਟਾਰਟ-ਅੱਪਸ ਕੰਪਨੀਆਂ ਜਾਂ ਅਦਾਰਿਆਂ ਵਿੱਚ ਨਿਵੇਸ਼ ਕਰਦੇ ਹਨ ਅਤੇ ਉਹ ਆਮ ਤੌਰ ਤੇ ਅਦਾਰਿਆਂ ਦੀ ਵਿਹਾਰਕਤਾ ਨੂੰ ਵੇਖੇ ਬਿਨਾਂ ਹੀ ਉਨ੍ਹਾਂ ਵਿੱਚ ਪੈਸਾ ਲਗਾਉਂਦੇ ਹਨ ਜੋ ਕਿ ਆਪਣਾ ਕੰਮ ਸ਼ੁਰੂ ਹੀ ਕਰ ਰਹੇ ਹੁੰਦੇ ਹਨ। ਉਹ ਕੰਮ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾ ਕਦਮ ਚੁੱਕਣ ਵਿੱਚ ਮਦਦ ਕਰਦੇ ਹਨ ਅਤੇ ਵਪਾਰ ਤੋਂ ਹੋਣ ਵਾਲੇ ਸੰਭਾਵਿਤ ਮੁਨਾਫੇ ਦੀ ਚਿੰਤਾ ਨਹੀਂ ਕਰਦੇ।

ਸ਼ਬਦ 'ਏਂਜਲ' ਥੀਏਟਰ ਤੋਂ ਲਿਆ ਗਿਆ ਹੈ ਜਿਥੇ ਕਿ ਇਸ ਦੀ ਵਰਤੋਂ ਇਕ ਅਮੀਰ ਵਿਅਕਤੀ ਨੂੰ ਦਰਸਾਉਣ ਲਈ ਹੁੰਦੀ ਹੈ ਜੋ ਕਿ ਥੀਏਟਰ ਵਿੱਚ ਤਿਆਰ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਪੈਸਾ ਲਗਾਉਂਦਾ ਹੈ। ਜੇ ਉਹ ਅਜਿਹਾ ਨਾ ਕਰੇ ਤਾਂ ਪ੍ਰੋਗਰਾਮ ਨਹੀਂ ਬਣ ਸਕਦੇ। ਏਂਜਲ ਨਿਵੇਸ਼ਕ ਆਮ ਤੌਰ ਤੇ ਅਮੀਰ ਵਿਅਕਤੀ ਹੁੰਦੇ ਹਨ ਅਤੇ ਨਿਵੇਸ਼ਕਾਂ ਦੇ ਨੈੱਟਵਰਕ ਵਿੱਚ ਮਿਲ ਕੇ ਕੰਮ ਕਰਦੇ ਹਨ। ਆਮ ਤੌਰ ਤੇ ਅਜਿਹੇ ਨੈੱਟਵਰਕ ਖੇਤਰੀ, ਸੱਨਅਤੀ ਜਾਂ ਵਿੱਦਿਅਕ ਸੰਬੰਧਤਾ ਉਤੇ ਆਧਾਰਿਤ ਹੁੰਦੇ ਹਨ। ਬੀਤੇ ਸਾਲਾਂ ਵਿੱਚ ਭਾਰਤ ਦੁਨੀਆਂ ਵਿੱਚ ਉਨ੍ਹਾਂ 3 ਪ੍ਰਮੁੱਖ ਦੇਸ਼ਾਂ ਵਿੱਚੋਂ ਸਭ ਤੋਂ ਉੱਪਰ ਆਇਆ ਹੈ ਜਿਸ ਨੇ ਕਿ ਕੰਮ ਸ਼ੁਰੂ ਕਰਨ ਵਾਲਿਆਂ ਦੀ ਸਭ ਤੋਂ ਵੱਧ ਮਦਦ ਕੀਤੀ ਹੈ। ਇੰਡੀਆ ਵੈਂਚਰ ਕੈਪੀਟਲ ਅਤੇ ਇਕ ਨਿੱਜੀ ਇਕਵਿਟੀ ਰਿਪੋਰਟ, ਜੋ ਕਿ ਮਦਰਾਸ ਦੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ- ਐੱਮ) ਵਲੋਂ ਤਿਆਰ ਕੀਤੀ ਗਈ ਹੈ, ਅਨੁਸਾਰ 2005-15 ਵਿੱਚ ਕੰਮ ਸ਼ੁਰੂ ਕਰਨ ਵਾਲੇ ਅਦਾਰਿਆਂ ਵਿੱਚ ਕੁੱਲ ਤਕਰੀਬਨ 1117 ਬਿਲੀਅਨ ਡਾਲਰ (2015 ਨੂੰ ਆਧਾਰ ਸਾਲ ਮੰਨ ਕੇ) ਨਿਵੇਸ਼ ਕੀਤੇ ਗਏ। ਅਸਲ ਨਿਵੇਸ਼ ਇਸ ਤੋਂ ਕਿਤੇ ਜ਼ਿਆਦਾ ਹੋ ਸਕਦਾ ਹੈ ਕਿਉਂਕਿ ਕਈ ਅਦਾਰਿਆਂ ਵਿੱਚ ਨਿਵੇਸ਼ ਦੀ ਰਕਮ ਦੇ ਪੂਰੇ ਵੇਰਵੇ ਉਪਲਬਧ ਨਹੀਂ ਹਨ। ਨਿਵੇਸ਼ ਵਿੱਚ ਔਸਤ ਸਾਲਾਨਾ ਵਾਧਾ ਦਰ 2005-15 ਵਿੱਚ ਲਗਭਗ 42 ਪ੍ਰਤਿਸ਼ਤ ਰਹੀ। 2005-15 ਦਰਮਿਆਨ 10,000 ਤੋਂ ਵੱਧ ਸਟਾਰਟ ਅੱਪਸ ਅਦਾਰਿਆਂ ਨੂੰ ਮਦਦ ਮਿਲੀ। 2005-15 ਵਿੱਚ ਜਿਨ੍ਹਾਂ ਅਦਾਰਿਆਂ ਵਿੱਚ ਪੈਸਾ ਲਗਾਇਆ ਗਿਆ ਉਨ੍ਹਾਂ ਦੀ ਔਸਤ ਸਾਲਾਨਾ ਵਾਧਾ ਦਰ 16 ਪ੍ਰਤਿਸ਼ਤ ਰਹੀ। ਵਧੇਰੇ ਖੇਤਰਾਂ ਵਿੱਚ ਵਿਦੇਸ਼ੀ ਨਵੇਂ ਅਦਾਰਿਆਂ ਨੂੰ ਜਿੰਨੀ ਮਦਦ ਹਾਸਲ ਹੋਈ, ਭਾਰਤ ਵਿੱਚ ਵੀ ਅਜਿਹੇ ਅਦਾਰਿਆਂ ਨੂੰ ਔਸਤਨ ਓਨੀ ਹੀ ਮਦਦ ਹਾਸਲ ਹੋਈ। ਜਿੱਥੇ ਕਿ ਬਹੁਤ ਸਾਰੇ ਵਿਦੇਸ਼ੀ ਸਟਾਰਟ ਅੱਪਸ ਨੇ ਭਾਰਤ ਵਿੱਚ ਵੀ ਕੰਮ ਦੀ ਸ਼ੁਰੂਆਤ ਕੀਤੀ, ਉਥੇ ਇਕ ਭਾਰਤੀ ਸਟਾਰਟ ਅੱਪ ਹੋਣ ਦਾ ਮਤਲਬ ਇਹ ਹੈ ਕਿ ਭਾਰਤੀ ਖਪਤਕਾਰਾਂ ਨੂੰ ਹੁਣ ਤਦ ਤੱਕ ਉਡੀਕ ਕਰਨ ਦੀ ਲੋੜ ਨਹੀਂ ਜਦ ਤੱਕ ਕਿ ਕੋਈ ਵਿਦੇਸ਼ੀ ਕੰਪਨੀ ਭਾਰਤ ਵਿੱਚ ਆਪਣਾ ਕੰਮ ਸ਼ੁਰੂ ਨਹੀਂ ਕਰਦੀ। ਤਾਜ਼ਾ 'ਵਧੀਆ' ਰਵਾਇਤਾਂ ਤੋਂ ਸੁਝਾਅ ਮਿਲਦਾ ਹੈ ਕਿ ਏਂਜਲਜ਼ ਆਪਣੇ ਟੀਚਿਆਂ ਨੂੰ ਹੋਰ ਉੱਚੇ ਸਥਾਪਤ ਕਰਕੇ ਜ਼ਿਆਦਾ ਵਧੀਆ ਕੰਮ ਕਰ ਸਕਦੇ ਹਨ। ਉਹ ਅਜਿਹੀਆਂ ਕੰਪਨੀਆਂ ਲੱਭ ਸਕਦੇ ਹਨ ਜਿਨ੍ਹਾਂ ਦੀ 5 ਤੋਂ 7 ਸਾਲ ਦੇ ਸਮੇਂ ਵਿੱਚ ਵਾਪਸੀ 20 ਤੋਂ 30 ਗੁਣਾ ਹੋ ਸਕਦੀ ਹੈ। ਅਸਫਲ ਹੋਏ ਨਿਵੇਸ਼ ਨੂੰ ਪੂਰਾ ਕਰਨ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਅਤੇ ਕਈ ਸਾਲਾਂ ਦੇ ਨਿਵੇਸ਼ ਦੇ ਸਮੇਂ ਨੂੰ ਵੇਣ ਉੱਤੇ ਸਫਲ ਨਿਵੇਸ਼ਕਾਂ ਵਿੱਚ ਅਸਲ ਪ੍ਰਭਾਵੀ ਵਾਪਸੀ ਦਰ ਅਸਲ ਵਿੱਚ 20-30 ਪ੍ਰਤਿਸ਼ਤ ਹੀ ਹੁੰਦੀ ਹੈ। ਨਿਵੇਸ਼ਕਾਂ ਦੀ ਇੱਛਾ ਕਿਸੇ ਵੀ ਨਿਵੇਸ਼ ਵਿੱਚ ਉੱਚ ਵਾਪਸੀ ਦਰ ਹਾਸਲ ਕਰਨ ਦੀ ਹੁੰਦੀ ਹੈ ਇਸ ਲਈ ਉਹ ਫੰਡਾਂ ਦੇ ਮਹਿੰਗੇ ਸੋਮੇ ਸਿੱਧ ਹੁੰਦੇ ਹਨ। ਪੂੰਜੀ ਦੇ ਸਸਤੇ ਸੋਮਿਆਂ ਜਿਵੇਂ ਕਿ ਬੈਂਕਾਂ ਦੀ ਵਧੇਰੇ ਅਦਾਰਿਆਂ ਨੂੰ ਸ਼ੁਰੂਆਤ ਵਿੱਚ ਮਦਦ ਹਾਸਲ ਨਹੀਂ ਹੁੰਦੀ। ਭਾਰਤ ਦਾ ਏਂਜਲਜ਼ ਨੈੱਟਵਰਕ ਨਿਵੇਸ਼ ਦੇ ਖੇਤਰ ਵਿੱਚ ਸਭ ਤੋਂ ਪੁਰਾਣਾ ਨੈੱਟਵਰਕ ਹੈ ਜੋ ਕਿ 2006 ਵਿੱਚ ਸ਼ੁਰੂ ਹੋਇਆ। ਪਿਛਲੇ ਸਾਲ ਇਸ ਨੇ 18 ਸਮਝੌਤਿਆਂ ਉਤੇ ਦਸਤਖ਼ਤ ਕੀਤੇ ਅਤੇ ਕੰਪਨੀਆਂ ਦੇ ਵਿਸਤ੍ਰਿਤ ਦਾਇਰੇ ਜੋ ਕਿ ਫੂਡਟੈੱਕ ਸਟਾਰਟ ਅੱਪ ਮੁਕੁੰਡਾ ਤੋਂ ਲੈ ਕੇ ਇਕ ਆਨਲਾਈਨ ਸਹਿਕਾਰੀ ਅਤੇ ਕਮਿਊਨਿਟੀ ਆਧਾਰਤ ਨਿਰਮਾਤਾ ਗੋ-ਕੋਆਪ ਤੱਕ ਦੇ 11 ਕੰਮ ਮੁਕੰਮਲ ਕੀਤੇ। ਕਈ ਹੋਰ ਏਂਜਲ ਗਰੁੱਪਾਂ ਵਿੱਚ ਮੁੰਬਈ ਏਂਜਲਜ਼, ਹਾਰਵਰਡ ਏਂਜਲਜ਼, ਚੇਨਈ ਏਂਜਲਜ਼ ਅਤੇ ਇੰਡੀਆ ਕੋਸ਼ੈਂਟ ਸ਼ਾਮਲ ਹਨ।

ਨੌਜਵਾਨ ਉੱਦਮੀ ਏਂਜਲ ਨਿਵੇਸ਼ਕਾਂ ਤੋਂ ਪੈਸੇ ਦੀ ਆਸ ਕਰ ਸਕਦੇ ਹਨ ਕਿਉਂਕਿ ਜ਼ਿਆਦਾ ਪ੍ਰਚਾਰਤ ਹੋਈਆਂ ਸਫਲਤਾ ਦੀਆਂ ਕਹਾਣੀਆਂ ਹੋਰ ਏਂਜਲ ਨਿਵੇਸ਼ਕਾਂ ਨੂੰ ਸਟਾਰਟ ਅੱਪ ਵਿੱਚ ਪੈਸਾ ਲਗਾਉਣ ਲਈ ਉਤਸ਼ਾਹਿਤ ਕਰ ਰਹੀਆਂ ਹਨ। ❑❑

*ਸਫ਼ਾ 51 ਦਾ ਬਾਕੀ*

ਵੱਡੀ ਮੰਡੀ ਬਣ ਜਾਵੇਗੀ। ਇਹ ਖੇਤਰ 336 ਮਿਲੀਅਨ ਘਰੇਲੂ ਅਤੇ 85 ਮਿਲੀਅਨ ਅੰਤਰਰਾਸ਼ਟਰੀ ਯਾਤਰੀਆਂ ਨੂੰ ਲਿਆ-ਲਿਜਾ ਸਕੇਗੀ ਅਤੇ ਇਸ ਉੱਤੇ 120 ਬਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ। ਢਾਂਚੇ ਸੰਬੰਧੀ ਇਸ ਵਿਕਾਸ ਨੇ ਪਿਛਲੇ 3 ਸਾਲਾਂ ਵਿੱਚ ਭਾਰਤੀ ਆਰਥਿਕਤਾ ਨੂੰ ਸ਼ੁਰੂਆਤੀ ਪੱਧਰ ਤੋਂ ਭਾਰੀ ਵਿਕਾਸ ਵਾਲੀ ਪੱਧਰ ਉਤੇ ਪਹੁੰਚਾਉਣ ਦਾ ਪ੍ਰਬੰਧ ਕੀਤਾ ਹੈ। ਸੜਕ ਖੇਤਰ ਪ੍ਰਤਿ ਦਿਨ 2-3 ਕਿਲੋਮੀਟਰ ਹਾਈਵੇਜ਼ ਦੀ ਉਸਾਰੀ ਕਰ ਰਿਹਾ ਸੀ ਅਤੇ ਅੱਜ ਇਹ ਗਤੀ 40 ਕਿਲੋਮੀਟਰ ਪ੍ਰਤਿ ਦਿਨ ਉਤੇ ਪਹੁੰਚ ਗਈ ਹੈ ਅਤੇ ਆਸ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਇਸ ਵਿੱਚ ਹੋਰ ਤੇਜ਼ੀ ਆਵੇਗੀ। ਢਾਂਚੇ ਦਾ ਵਿਕਾਸ ਹੁਣ ਨਜ਼ਰ ਆ ਰਿਹਾ ਹੈ, ਭਾਵੇਂ ਸੜਕਾਂ ਹੋਣ, ਰੇਲਵੇ, ਬੰਦਰਗਾਹਾਂ, ਮੈਟਰੋ ਰੇਲ ਹੋਵੇ ਜਾਂ ਕੋਈ ਹੋਰ।

*(ਲੇਖਕ ਦਾ ਪੱਤਰਕਾਰੀ ਵਿੱਚ 40 ਸਾਲ ਤੋਂ ਵੱਧ ਦਾ ਤਜਰਬਾ ਹੈ ਅਤੇ ਪ੍ਰੈੱਸ ਟ੍ਰਸਟ ਆਫ ਇੰਡੀਆ, ਟਿਕਰ ਨਿਊਜ਼ ਅਤੇ ਫਾਇਨੈਂਸ਼ਲ ਕ੍ਰੋਨੀਕਲ ਵਿੱਚ ਇਕਨਾਮਿਕਸ ਐਡੀਟਰ ਹਨ)*

*e-mail :sudhaman23@gmail.com*

# ਭਾਰਤ ਨੂੰ ਜਾਣਨ – ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ – 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ – 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ – 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ – 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈੱਕਟਰ-ਐਚ, ਅਲੀਗੰਜ, ਲਖਨਊ – 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**


PUBLICATIONS DIVISION
website: publicationsdivision.nic.in
Some Prestigious Titles Now Available Online
• India 2016 (also available as eBook)
• Bharat 2016 (also available as eBook)
• Legends of Indian Silver Screen (also available as eBook)
• Abode Under The Dome
• Winged Wonders of Rashtrapati Bhavan
• Right of The Line : The President's Bodyguard
• Indra Dhanush
• The Presidential Retreats of India
• Rashtrapati Bhawan
• Belief In The Ballot (also available as eBook)
• Gandhi : Jeevan Aur Darshan (hindi)
• 1857 The Uprising
• Sardar Patel-Sachitra Jeevni(hindi) (also available as eBook)
• Sardar Patel - A Pictorial Biography (also available as eBook)
• Basohli Painting
• Kangra Painting
• Indian Women : Contemporary Essays
• Bharat Ki Ekta Ka Nirman (hindi) (also available as eBook)
• Yuva Sanyasi (hindi)
• Gazetteer of India Vol.2
• The Geet Govinda of Shri Jaydev
• Who's Who of Indian Martyrs (Vol-I)
• Who's Who of Indian Martyrs (Vol-II)
• Saga of Valour
• Some Aspects of Indian Culture
• Art & Science of Playing Tabla (also available as eBook)
• Indian Classical Dance
• Celebration of Life : Indian Folk Dance
• Nataraja
• Bengali Theatre: 200 Years (also available as eBook)
• Bihari Satsai (hindi)
• Bihari Satsai - A Commentary
• Eye In Art
• Looking Again At Indian Art
• The Life of Krishna In Indian Art
• Pahari Painting of Nala Damayanti Theme
• Ajanta Ka Vaibhav (hindi)
• Bharatiya Kala - Udhbhav Aur Vikas (hindi)
• Bharatiya Chitrakala Main Sangeet Tatva (hindi)
• South Indian Paintings
• Garhwal Chitrakala (hindi)
• A Moment In Time
• Samay, Cinema Aur Itihas (hindi)
• Indian Cinema Through The Century
• Bharatiya Cinema Ka Safarnama (hindi)
• A History of Socialism
• Lamps of India
• Bharat Ke Durg (hindi)
• Wood Carving of Gujarat
• Lawns And Gardens
• Paryavaran Sanrakshan : Chunotiyan Aur Samadhan (hindi)
eBooks
• Lokmanya Bal Gangadhar Tilak
• The Gospel of Buddha
• Introduction To Indian Music
• Sardar Vallabhbhai Patel
• Sardar Vallabhbhai Patel (Adhunik Bharat Ke Nirmata Series)
• Lauh Purush Sardar Patel
• Aise They Bapu
• Mahatama Gandhi -A Pictorial Biography
• Gandhi In Champaran
• Mahatma Gandhi And One World
Printed Books available at flipkart.com
eBooks at kobo.com